# ਚਿਰਾਗ

ਅਪ੍ਰੈਲ -ਜੂਨ 2001

**April -June 2001**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

# ਚਿਰਾਗ਼



ਮੁੱਲ : ਪੰਦਰਾਂ ਰੁਪਏ -36- ਅਪਰੈਲ-ਜੂਨ, 2001

# ਚਿਰਾ.ਗ (ਤਿਮਾਹੀ)

ਅਪ੍ਰੈਲ-ਜੂਨ, 2001

ਸੰਪਾਦਕ : *ਹਰਭਜਨ ਸਿੰਘ ਹੁੰਦਲ*
ਸੰਪਾਦਕੀ ਮੰਡਲ : ਡਾ. ਕਰਮਜੀਤ ਸਿੰਘ, ਸੁਰਜੀਤ ਗਿੱਲ, ਸੂਫ਼ੀ ਅਮਰਜੀਤ
ਪ੍ਰਤੀਨਿਧ : ਅਵਤਾਰ ਸਾਦਕ (ਯੂ.ਕੇ.) ਮਾਨ ਸਿੰਘ ਭਾਰਗਵ (ਜੰਮੂ)

## ਤਤਕਰਾ

* ਸੰਪਾਦਕੀ ਟਿੱਪਣੀਆਂ......1. ਸੱਭਿਆਚਾਰ ਇਉਂ ਹੀ ਕੋਹਿਆ ਜਾਂਦਾ ਹੈ
  2. ਆਲਮੀ ਪੰਜਾਬੀ ਕਾਨਫਰੰਸ ਲਾਹੌਰ
* ਇਸ ਵਾਰ ਵਿਸ਼ੇਸ਼ ਕਵਿਤਾ : ਸੋਨ-ਚਿੜੀ (ਜਿਤੇਂਦਰ ਸ੍ਰੀ ਵਾਸਤਵ)
* ਵਤਨੋਂ ਦੂਰ : ਵਰਿੰਦਰ ਪ੍ਰੀਹਾਰ, ਗੁਰਨਾਮ ਢਿਲੋਂ, ਮੁਸ਼ਤਾਕ
* ਨਜ਼ਮਾਂ : ਡਾ. ਇੰਦਰ ਕੌਰ (ਤਿੰਨ ਕਵਿਤਾਵਾਂ) ਭਗਵਾਨ ਢਿਲੋਂ, ਹਰਭਜਨ ਸਿੰਘ ਹੁੰਦਲ, ਮਦਨ ਵੀਰਾ, ਗੁਰਬਖਸ਼ ਸਿੰਘ ਭੰਡਾਲ
* ਵਾਘਿਓਂ ਪਾਰ : ਅੱਜ ਕੀ ਪਕਾਈਏ ? (ਅਨਵਰ ਮਸਊਦ)
* ਕਹਾਣੀ : ਮੋਏ ਰਿਸ਼ਤਿਆਂ ਦੀ ਕਥਾ (ਜਸਬੀਰ ਸਿੰਘ ਰਾਣਾ) ਗਿਆਰਾਂ ਨੰਬਰ (ਸੂਫ਼ੀ ਅਮਰਜੀਤ)
* ਵਿਸ਼ਵ-ਕਵਿਤਾ : ਜਾਰਜ ਗੌਬੋਲੇ, ਬਰਨਾਲਡ ਡਾਡਾਈ, ਨੀਵੀ ਉਸੰਡੇਅਰ, (ਕਾਲੇ ਲੋਕਾਂ ਦੀ ਕਵਿਤਾ)
* ਮੁਲਾਕਾਤ : ਚਿਤਰਕਾਰ ਜਰਨੈਲ ਸਿੰਘ (ਹਰਭਜਨ ਸਿੰਘ ਹੁੰਦਲ)
* ਖੋਜ : ਪੰਜਾਬੀ ਕਹਾਣੀ ਦੀ ਇਤਿਹਾਸਕਾਰੀ (ਡਾ. ਬਲਦੇਵ ਸਿੰਘ ਧਾਲੀਵਾਲ)
* ਨਵੇਂ ਚਿਹਰੇ : ਨਿਰਭੈ ਧਾਲੀਵਾਲ (ਦੋ ਨਜ਼ਮਾਂ)
* ਗ਼ਜ਼ਲਾਂ : ਮੱਖਣ ਕੁਹਾੜ, ਮਹਾਂਬੀਰ ਦਰਦੀ, ਸੁਰਜੀਤ ਸਾਜਨ, ਅਜਮੇਰ ਕੰਧਾਲਾ, ਪ੍ਰੇਮ ਸਾਹਿਲ, ਅਜੀਤ ਸਿੰਘ ਆਸ, ਤ੍ਰੈਲੋਚਣ ਲੋਚੀ, ਇੰਦਰਜੀਤ ਹੁਸਨਪੁਰੀ (ਗੀਤ)
* ਮੁਲਾਂਕਣ : ਕਿਵੇਂ ਗੁਜ਼ਾਰੀ ਜ਼ਿੰਦਗੀ (ਡਾ. ਸੁਖਵਿੰਦਰ ਸਿੰਘ ਰੰਧਾਵਾ)
* ਪੁਸਤਕ ਪੜਚੋਲ : ਅਕਾਲ ਪਰਖੀ (ਡਾ. ਕਰਮਜੀਤ ਸਿੰਘ) ਕਤਲਗਾਹ ਤੋਂ ਉਰੇ (ਹਰਵਿੰਦਰ ਭੰਡਾਲ) ਸ਼ੀਸ਼ੇ ਵਿਚਲਾ ਅਕਸ (ਅਵਤਾਰ ਸਿੰਘ ਬਿਲੰਗ) ਸਵੇਰੇ ਆਏਗੀ (ਸੁਲੱਖਣ ਸਰਹੱਦੀ)
* ਖਿਆਲ ਆਪੋ ਆਪਣੇ : ਪ੍ਰੇਮ ਸਾਹਿਲ (ਡੇਹਰਾਦੂਨ), ਜਸਬੀਰ ਸਿੰਘ ਰਾਣਾ (ਸੰਗਰੂਰ), ਵਰਿੰਦਰ ਪ੍ਰੀਹਾਰ (ਯੂ. ਕੇ.), ਮਹਿਮਾ ਸਿੰਘ ਤੂਰ (ਹਲਵਾਰਾ)
* ਪੁਸਤਕ ਪ੍ਰਾਪਤੀ : ............

*Postal Address :*
*Harbhajan Singh Hundal,*
*V. Fatu Chak,*
*P.O. Dhilwan*
*Distt. Kapurthala-144804*
*(Pb.) India.*
*Phone No. 01822-43188*

| *ਚੰਦਿਆਂ ਦਾ ਵੇਰਵਾ* | : | |
|---|---|---|
| *ਦੇਸ਼ ਵਾਰਸ਼ਿਕ* | : | *50 ਰੁ.* |
| *ਇਕ ਪਰਚਾ* | : | *15 ਰੁ.* |
| *ਸੰਸਥਾਵਾਂ (ਵਾਰਸ਼ਿਕ)* | : | *50 ਰੁ.* |
| *ਬਦੇਸ਼, ਯੂ. ਕੇ.* | : | *5 ਪੌਂਡ* |
| *ਵਾਰਸ਼ਿਕ (ਹੋਰ ਦੇਸ਼)* | : | *300 ਰੁ.* |

**ਨੋਟ- ਸਾਰੇ ਚੈਕ ਤੇ ਪੋਸਟਲ ਆਰਡਰ ਹਰਭਜਨ ਸਿੰਘ ਹੁੰਦਲ ਚਿਰਾ.ਗ ਦੇ ਨਾਂ ਭੇਜੇ ਜਾਣ**

**ਚਿਰਾ.ਗ ਡਾਇਰੈਕਟਰ ਸਿਖਿਆ ਵਿਭਾਗ (ਸ) ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/1-96 ਐਡੀਟਰ (ਪੰ) ਮਿਤੀ 3-9-1996 ਦੇ ਅਨੁਸਾਰ ਹਾਈ/ਹਾਇਰ ਸੈਕੰਡਰੀ ਸਕੂਲਾਂ ਲਈ ਪ੍ਰਵਾਨ ਹੈ।**

## ਸੰਪਾਦਕੀ ਟਿਪੱਣੀਆਂ

### 1. ਸੱਭਿਆਚਾਰ ਇਉਂ ਹੀ ਕੋਹਿਆ ਜਾਂਦਾ ਹੈ।

"ਵਾਢੀ ਦੇ ਸਮੇਂ ਦਾ ਉਤਸਵ ਯੁੱਗ ਯੁਗਾਂਤਰਾਂ ਤੋਂ ਮਨਾਇਆ ਜਾਂਦਾ ਰਿਹਾ ਹੈ। ਪ੍ਰੰਤੂ ਹੁਣ ਇਹ ਗੱਲ ਨਹੀ ਰਹੀ। ਮਨੁੱਖ (ਅਫ਼ਸਰਸ਼ਾਹੀ) ਅਤੇ ਕੁਦਰਤ ਨੇ ਮਿਲ ਕੇ ਇਕ ਭੈੜਲ ਵਰਤਾ ਦਿੱਤਾ ਹੈ।" ਪੰਜਾਬ ਦ ਕਿਸਾਨਾਂ ਅਤੇ ਮਜ਼ਦੂਰਾਂ ਦੀ ਇੱਕੀਵੀਂ ਸਦੀ ਦੀ ਪਹਿਲੀ ਵਿਸਾਖੀ ਸਮੇਂ ਬੇਮੌਸਮੀ ਵਰਖਾ ਅਤੇ ਸਰਕਾਰ ਵੱਲੋਂ ਕਣਕ ਦੀ ਖਰੀਦ ਕਰਨ ਤੋਂ ਬਹਾਨੇ ਬਣਾ ਕੇ ਭੱਜਣ ਦੇ ਕਾਰਨ, ਉਪਜੀ ਤਰਾਸਦੀ ਨੂੰ ਮੁੱਖ ਰੱਖ ਕੇ, ਉਪਰੋਕਤ ਲਾਈਨਾਂ ਅੰਗਰੇਜ਼ੀ ਟ੍ਰਿਬਿਊਨ ਦੇ 24 ਅਪ੍ਰੈਲ ਦੀ ਸੰਪਾਦਕੀ ਦੇ ਅਰੰਭ ਵਿਚ ਲਿਖੀਆਂ ਗਈਆਂ ਹਨ।

ਵੈਸੇ ਤਾਂ ਸੰਸਾਰ ਭਰ ਵਿਚ ਵੀ ਖੇਤੀ ਪ੍ਰਧਾਨ ਆਰਥਿਕਤਾ ਵਾਲੇ ਦੇਸ਼ਾਂ ਵਿਚ ਵਾਢੀਆਂ ਸਮੇਂ ਖੁਸ਼ੀਆਂ ਭਰੇ ਉਤਸਵ ਮਨਾਏ ਜਾਂਦੇ ਹਨ ਤੇ ਇੰਡਸਟ੍ਰੀਅਲ ਸਮਾਜਾਂ ਵਾਲੇ ਦੇਸ਼ਾਂ ਵਿਚ ਇਨ੍ਹਾਂ ਉਤਸਵਾਂ ਨੇ ਨਵੇਂ ਰੂਪ ਲੈ ਲਏ ਹਨ। ਪ੍ਰੰਤੂ ਸਾਡੇ ਪੰਜਾਬ ਵਿਚ ਵਿਸਾਖੀ ਦੇ ਮੇਲੇ ਦਾ ਉਤਸਵ ਵਿਆਪਕ ਰੂਪ ਵਿਚ ਮਨਾਇਆ ਜਾਂਦਾ ਹੈ। ਖੇਤੀ ਦੇ ਪ੍ਰਕ੍ਰਿਤੀ ਦੇ ਸਹਾਰੇ ਹੋਣ ਦੇ ਕਾਰਨ, ਅੱਜ ਵੀ ਲੋਕ ਪੁਰਾਣੇ ਵਿਸ਼ਵਾਸ਼ਾਂ ਦੇ ਪ੍ਰਭਾਵ ਅਧੀਨ ਤੀਰਥਾਂ ਉੱਪਰ ਇਕੱਠੇ ਹੋ ਕੇ, ਪ੍ਰਕ੍ਰਿਤਿਕ ਤੇ ਸਮਾਜਕ ਪ੍ਰਬੰਧ ਚੋਂ ਉਤਪੰਨ ਸੰਕਟਾਂ ਤੋਂ ਬਚਣ ਦੀ ਇੱਛਾ ਪੂਰਤੀ ਲਈ ਸੁੱਖਾਂ ਸੁਖਦੇ ਹਨ। ਵਾਢੀ ਤੋਂ ਸੁਰਖਰੂ ਹੋ ਕੇ ਤੇ ਦਾਣਾ-ਫੱਕਾ ਸਾਂਭ ਕੇ ਜਿਸ ਖੁਸ਼ੀ ਨਾਲ ਕਿਸਾਨ ਮੇਲਿਆਂ ਵਿਚ ਜਾ ਕੇ ਭੰਗੜੇ ਪਾਉਂਦਾ ਸੀ, ਪੰਜਾਬੀ ਦਾ ਮਹਿਬੂਬ ਕਵੀ ਧਨੀ ਰਾਮ ਚਾਤ੍ਰਿਕ, "ਮਾਰਦਾ ਦਮਾਮੇਂ ਜੱਟ ਮੇਲੇ ਆ ਗਿਆ" ਵਾਲੇ ਗੀਤ ਵਿਚ ਚਿਤਰਦਾ ਹੈ।

ਕੀ ਅੱਜ ਦੇ ਸਾਲ ਦੀ ਵਿਸਾਖੀ ਦੇ ਮੇਲੇ ਤੇ ਵਾਢੀ ਤੋਂ ਪਿਛੋਂ, ਪੰਜਾਬ ਦੇ ਲੋਕਾਂ ਖ਼ਾਸ ਕਰਕੇ ਕਿਸਾਨਾਂ ਤੇ ਖੇਤੀ ਆਧਾਰਿਤ ਧੰਦਿਆਂ ਨਾਲ ਸੰਬੰਧਿਤ ਖੇਤ ਮਜ਼ਦੂਰ, ਕਿਸੇ ਖੁਸ਼ੀ ਦਾ ਅਨੁਭਵ ਕਰ ਸਕਣ ਦੇ ਯੋਗ ਹਨ? ਇਸ ਸਵਾਲ ਦਾ ਉੱਤਰ ਭਾਵੇਂ ਟ੍ਰਿਬਿਊਨ ਦੇ ਸੰਪਾਦਕੀ ਵਿਚ ਦੇ ਦਿੱਤਾ ਗਿਆ ਹੈ ਪ੍ਰੰਤੂ ਇਸ ਸਥਿਤੀ ਦਾ ਡੂੰਘਾ ਪ੍ਰਭਾਵ ਅਸਲ ਵਿੱਚ ਸੱਭਿਆਚਾਰ ਦੀ ਸੰਵੇਦਨਸ਼ੀਲਤਾ ਦੇ ਅਹਿਸਾਸ ਦੇ ਜ਼ਖ਼ਮੀ ਰੂਪ ਵਿੱਚ ਦੇਖਿਆ ਜਾਣਾ ਚਾਹੀਦਾ ਹੈ। ਵਿਸ਼ਵੀਕਰਨ ਦੀ ਸਰਕਾਰੀ ਨੀਤੀ ਨੇ ਜਿਥੇ ਕਿਸਾਨ ਦੀ ਆਰਥਿਕਤਾ ਦੇ ਜੜ੍ਹੀਂ ਤੇਲ ਦੇ ਦਿੱਤਾ ਹੈ ਉਥੇ ਇਸ ਆਰਥਿਕ ਆਧਾਰ ਨੂੰ ਖੋਰਾ ਲੱਗਣ ਦੇ ਕਾਰਨ, ਉਸ ਦਾ ਹਮਲਾ, ਉਸ ਦੀ ਮਾਨਸਿਕਤਾ ਉੱਪਰ ਹੀ ਹੋਇਆ ਹੈ ਜਿਸ ਨਾਲ ਖੁਸ਼ੀਆਂ ਭਰਿਆ ਵਿਸਾਖੀ ਦਾ ਤਿਉਹਾਰ, ਡਰ, ਭੈ ਤੇ ਭਵਿੱਖ ਦੀ ਮਾਨਸਿਕ ਅਸਥਿਰਤਾ ਦੀ ਚਿੰਤਾ ਨਾਲ ਚੌਫੇਰਿਉਂ ਘਿਰ ਕੇ ਮਰੁੰਡਿਆ ਗਿਆ ਹੈ। ਪੰਜਾਬ ਦੇ ਹਾਕਮ ਝੂਠਾਂ ਦੇ ਗੋਬਲਜ਼ੀ ਗੁਬਾਰ ਛੱਡ ਕੇ ਜ਼ਿੰਮੇਵਾਰੀਉਂ ਭੱਜਣ ਦਾ ਨਿਸਫਲ ਯਤਨ ਕਰ ਰਹੇ ਹਨ। ਉਹ ਆਪਣੇ ਤੋਂ ਪਹਿਲੇ ਹਾਕਮਾਂ ਨੂੰ ਇਸ ਦਾ ਜ਼ਿੰਮੇਵਾਰ ਠਹਿਰਾਉਂਦੇ ਹਨ ਜਦੋਂ ਕਿ ਇਹ ਦੋਵੇਂ ਹੀ ਇਸ ਦੇ ਕਸੂਰਵਾਰ ਹਨ ਤੇ ਇਸ ਕਸੂਰ ਦੀ ਸਜ਼ਾ ਇਨ੍ਹਾਂ ਨੂੰ (ਦੋਵਾਂ ਨੂੰ) ਗੱਦੀਉਂ ਪਰੇ ਰੱਖ ਕੇ ਦੇਣੀ ਬਣਦੀ ਹੈ। ਵਿਸ਼ਵੀਕਰਨ, ਉਦਾਰੀਕਰਨ ਅਤੇ ਨਿੱਜੀਕਰਨ ਦਾ ਤ੍ਰਿਸ਼ੂਲ ਲੋਕ ਸੱਭਿਆਚਾਰ ਦੇ ਅਤੀਤ, ਵਰਤਮਾਨ ਅਤੇ ਭਵਿੱਖ ਲਈ ਮੌਤ ਦਾ ਪ੍ਰਤੀਕ ਹੋਣ ਕਾਰਨ, ਤੋੜਿਆ ਹੀ ਜਾਣਾ ਚਾਹੀਦਾ ਹੈ।

ਸਾਡੀ ਪੰਜਾਬ ਸਰਕਾਰ ਕੇਂਦਰ ਦੀ ਸਾਮਰਾਜ ਦੀ ਹੱਥ ਠੋਕਾ ਸਰਕਾਰ ਦੀ ਭਾਈਵਾਲ ਹੋਣ ਦੇ ਨਾਤੇ, ਇਸ ਲਈ ਵੀ ਜ਼ਿੰਮੇਵਾਰ ਹੈ ਕਿ ਉਸ ਨੇ ਪੰਜਾਬ ਅਤੇ ਪੰਜਾਬੀ ਦੀ ਬੋਲੀ, ਆਪਣੀ ਕੁਰਸੀ ਦੇ ਲਈ ਦੇ ਦਿੱਤੀ ਹੈ। ਪੰਜਾਬੀ ਵਿਰੁੱਧ ਪਰਮਾਣਿਤ ਸਿੱਧ ਹੋ ਚੁੱਕੀਆਂ ਸ਼ਕਤੀਆਂ ਨਾਲ ਸਾਂਝਾ, ਪੰਜਾਬੀ ਸੱਭਿਆਚਾਰ ਦੇ ਹਿੱਤਾਂ ਵਿਚ ਹੋਣੀਆਂ ਅਸੰਭਵ ਹਨ। ਪੰਜਾਬੀ ਲਈ ਅਲੰਬਰਦਾਰ ਹੋਣ ਦਾ ਦਾਅਵਾ ਕਰਨ ਵਾਲੀ ਪਾਰਟੀ, ਪੰਜਾਬੀ ਲਈ ਧਰੋ੍ ਕਮਾਉਣ ਵਾਲੀ ਸਿੱਧ ਹੋ ਚੁੱਕੀ ਹੈ। ਇਸ ਲਈ ਇਸ ਉੱਪਰ ਕਿਸੇ ਤਰ੍ਹਾਂ ਦਾ ਵਿਸ਼ਵਾਸ਼ ਕਰਨਾ ਅਸੰਭਵ ਹੈ ਤੇ ਧੋਖਾ ਖਾਣਾ ਹੀ ਹੈ। ਪੰਜਾਬ ਵਿੱਚ ਹਿੰਦੀ ਮਾਧਿਅਮ ਦੇ ਸਕੂਲਾਂ ਅਤੇ ਅੰਗਰੇਜ਼ੀ ਪਹਿਲੀ ਜਮਾਤ ਤੋਂ ਸ਼ੁਰੂ ਕਰਨ ਤੇ ਅੰਗਰੇਜ਼ੀ ਦੇ ਅਖੌਤੀ ਪਬਲਿਕ ਸਕੂਲਾਂ ਦੀ ਖੁਲ੍ਹ ਦੇਣ

ਵਾਲੀ ਸਰਕਾਰ ਤੋਂ ਇਹ ਕਿਵੇਂ ਆਸ ਰੱਖੀ ਜਾ ਸਕਦੀ ਹੈ ਕਿ ਉਹ ਪੰਜਾਬ ਜਾਂ ਪੰਜਾਬੀ ਸੱਭਿਆਚਾਰ ਦੇ ਹਿੱਤਾਂ ਵਿਚ ਕੋਈ ਆ ਲਯੋਗ ਕਦਮ ਉਠਾ ਸਕਦੀ ਹੈ।

ਪੰਜਾਬ ਸਰਕਾਰ ਦੇ ਵੱਖ-ਵੱਖ ਖੇਤਰਾਂ ਵਿੱਚ ਪੰਜਾਬੀ ਵਿਰੋਧੀ ਨੀਤੀ ਨੂੰ ਲਾਗੂ ਕਰਨ ਜਾਂ ਕਰਵਾਉਣ ਵਾਲੀ ਸੌੜੇ ਮਨੋਰਥਾਂ ਵਾਲੀ ਨੀਤੀ ਨੂੰ ਅਮਲ ਵਿਚ ਲਿਆ ਕੇ ਪੰਜਾਬੀ ਸੱਭਿਆਚਾਰ ਨੂੰ ਢਾਹ ਲਾਉਣ ਵਾਲੀ ਅਸਲ ਵਿਚ ਸ਼ਕਤੀਸ਼ਾਲੀ ਅਫ਼ਸਰਸ਼ਾਹੀ ਹੀ ਹੈ। ਪੰਜਾਬੀ ਸੱਭਿਆਚਾਰ ਵਿਰੋਧੀ ਨੀਤੀਆਂ ਅਸਲ ਵਿਚ ਦਿੱਲੀ ਵਿਚ ਘੜੀਆਂ ਜਾਂਦੀਆਂ ਹਨ (ਇਹ ਕੇਵਲ ਪੰਜਾਬ ਵਿਰੁੱਧ ਹੀ ਨਹੀਂ ਦੇਸ਼ ਦੇ ਹੋਰਨਾਂ ਗ਼ੈਰ, ਹਿੰਦੀ ਸੱਭਿਆਚਾਰਾਂ ਵਿਰੁੱਧ ਵੀ ਹਨ) ਇਹ ਵਿਸ਼ਵ ਸਾਮਰਾਜ ਦੇ ਸੰਸਾਰ ਵਪਾਰ ਸੰਸਥਾ ਵੱਲੋਂ ਨਿਰਦੇਸ਼ਿਤ ਨੀਤੀਆਂ ਹਨ ਜਿਨ੍ਹਾਂ ਨੂੰ ਦਿੱਲੀ ਦੀ ਅਫ਼ਸਰਸ਼ਾਹੀ, ਰਾਜਾਂ ਵਿਚ ਲਾਗੂ ਕਰਵਾਉਂਦੀ ਹੈ। ਪੰਜਾਬ ਦੇ ਬੇਸਮਝ, ਲਾਲਸਾ ਗ੍ਰਸਤ ਹਾਕਮਾਂ ਨੇ ਤਾਂ ਅੰਨ੍ਹੇ ਹੋ ਕੇ ਅੰਗੂਠਾ ਹੀ ਲਾਇਆ ਹੈ।

ਵਿਸ਼ਵੀਕਰਨ ਦੀਆਂ ਨੀਤੀਆਂ ਨੇ, ਲੋਕ ਮਾਨਸਿਕਤਾ ਨੂੰ ਪੈਦਾ ਕੀਤੇ ਸੰਕਟ ਵਿਚ ਅਜਿਹਾ ਰਿੜਕਿਆ ਹੈ ਕਿ ਉਸ ਦਾ ਇਸ ਵੇਲੇ ਸਾਰਾ ਧਿਆਨ ਕੇਵਲ ਆਪਣੀ ਹੋਂਦ ਅਥਵਾ ਉਪਜੀਵਕਾ ਦੇ ਪ੍ਰਬੰਧ ਵਿਚ ਹੀ ਲੱਗ ਗਿਆ ਹੈ। ਅਜਿਹੀ ਸਥਿਤੀ ਵਿਚ ਸੱਭਿਆਚਾਰ ਦੀ ਕੌਣ ਚਿੰਤਾ ਕਰੇ ਅਤੇ ਉਹ ਤਾ ਅਸ਼ਲੀਲਤਾ ਤੇ ਗਿਰਾਵਟ ਦੇ ਖਿਲਵਾੜ ਕਰਨ ਗੋਚਰਾ ਹੀ ਰਹਿ ਜਾਂਦਾ ਹੈ।

ਪੰਜਾਬ ਦੀ ਇਸ ਆਰਥਿਕ ਤਰਾਸਦੀ ਦੇ ਨਾਲ, ਸੱਭਿਆਚਾਰਿਕ ਤਰਾਸਦੀ ਦੇ ਸਮੇਂ ਸਾਹਿਤਕਾਰਾਂ ਤੇ ਆਮ ਲੇਖਕ-ਬੁੱਧੀਜੀਵੀਆਂ ਦੀ ਹੋਰ ਵੀ ਵਧੇਰੇ ਜ਼ਿੰਮੇਵਾਰੀ ਬਣਦੀ ਹੈ। ਉਹ ਅਜਿਹੇ ਸਾਹਿਤ ਦੀ ਸਿਰਜਣਾ ਕਰਨ ਜੋ ਲੋਕ ਮਾਨਸਿਕਤਾ ਨੂੰ ਹੌਂਸਲਾ ਦੇ ਕੇ ਤਕੜਾ ਕਰੇ ਅਤੇ ਉਹ ਅਜੋਕੀ ਸਥਿਤੀ ਨੂੰ 'ਬਦਲਣ' ਲਈ ਖੜੇ ਹੋਣ ਦੇ ਸਮਰੱਥ ਬਣ ਸਕਣ। ਬੇਸ਼ੱਕ ਇਹ ਇੱਕ ਔਖਾ ਕਾਰਜ ਹੈ ਪਰ ਇਹ ਹੈ ਬੜਾ ਮਹੱਤਵਪੂਰਨ ਤੇ ਜ਼ਰੂਰੀ। ਕਿਉਂਕਿ ਇਸ ਸਥਿਤੀ ਦਾ ਟਾਕਰਾ ਕਰਨ ਲਈ ਚੇਤੰਨ ਹੋ ਕੇ ਸੰਘਰਸ਼ ਕਰਨ ਤੋਂ ਬਿਨਾਂ ਦੂਜਾ ਕੋਈ ਰਾਹ ਰਹਿ ਹੀ ਨਹੀਂ ਗਿਆ ਹੈ। ਪੰਜਾਬ ਦੇ ਲੋਕ ਨਾਇਕ, ਗੁਰੂ ਗੋਬਿੰਦ ਸਿੰਘ ਏਸੇ ਲਈ ਕਹਿੰਦੇ ਹਨ :

ਜਬ ਆਵ ਕੀ ਆਉਧ ਨਿਦਾਨ ਬਨੇ, ਅਤਿ ਹੀ ਰਣ ਮੇਂ ਤਬ ਜੂਝ ਮਰੋਂ॥

ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ) ਇਸ ਫਰੰਟ ਉੱਪਰ ਇਕ ਮਹੱਤਵਪੂਰਨ ਸੰਸਥਾ ਦੇ ਤੌਰ ਉੱਤੇ ਕਾਰਗਰ ਸਿੱਧ ਹੋ ਸਕਦੀ ਹੈ ਜੇਕਰ ਉਹ ਅਵੇਸਲੇਪਨ ਦਾ ਸ਼ਿਕਾਰ ਹੋਣ ਤੋਂ ਬਚ ਸਕੇ। ਪਿਛਲੇ ਕਈ ਸਾਲਾਂ ਤੋਂ ਉਸ ਵਿਚ ਉਦੇਸ਼ਾਂ ਪ੍ਰਤੀ ਬੇਰੁਖੀ ਅਤੇ ਇਸ ਦੇ ਸੰਚਾਲਿਕਾਂ ਦੀ ਸੰਕੀਰਨ ਆਤਮ-ਕੇਂਦਰਤਾ ਮਾਯੂਸ ਕੁਝ ਹੱਦ ਤੱਕ ਸਾਹਮਣੇ ਆਈ ਹੈ। ਜਾਂ ਤਾਂ ਇਹ ਸਭਾ ਦੇ ਉਦੇਸ਼ਾਂ ਦੀ ਪ੍ਰਾਪਤੀ ਲਈ ਸੰਘਰਸ਼ ਕਰਨ ਤੋਂ ਬਚਣ ਦਾ ਯਤਨ ਕਰਦੀ ਹੈ ਜਾਂ ਫਿਰ ਉਸ ਨੂੰ ਛੇਤੀ ਤੋਂ ਛੇਤੀ ਗਲੋਂ ਲਾਹ ਕੇ ਮੁਕਤ ਹੋਣ ਵਿੱਚ ਕਾਹਲੇਪਨ ਦਾ ਸ਼ਿਕਾਰ ਹੋ ਜਾਂਦੀ ਹੈ। ਪਿਛਲੇ ਦਿਨੀਂ ਮੁਖ ਮੰਤਰੀ ਨਾਲ ਮਿਲਣੀ ਸਮੇਂ ਇਹੋ ਕੁਝ ਹੋਇਆ ਹੈ। ਪਹਿਲਾਂ ਮਿਥੀ ਗਈ ਮਿਲਣੀ, ਮਰਹੂਮ ਦੇਵੀ ਲਾਲ ਦੀਆਂ ਅੰਤਮ ਰਸਮਾਂ ਦੀ ਅਸਲੀਅਤ ਕਾਰਨ ਮੁਲਤਵੀ ਕਰ ਦਿੱਤੀ ਗਈ ਅਤੇ ਜਦੋਂ ਇਹ ਮਿਲਣੀ ਹੋਈ ਵੀ ਤਾਂ ਇੰਨੇ ਮਹੱਤਵਪੂਰਨ ਮੁੱਦਿਆਂ ਦਾ ਨਿਪਟਾਰਾ ਕੇਵਲ ਵੀਹ ਮਿੰਟਾਂ ਵਿਚ ਕਰ ਦਿੱਤਾ ਗਿਆ। ਸਰਕਾਰ ਵੱਲੋਂ ਦਿੱਤੇ ਗਏ ਭਰੋਸੇ, ਕੀ ਭਰੋਸੇਯੋਗ ਮੰਨੇ ਜਾ ਸਕਦੇ ਹਨ? ਜਦੋਂ ਕਿ ਸਰਕਾਰ ਦਾ ਪੰਜਾਂ ਸਾਲਾਂ ਦਾ ਇਤਿਹਾਸ ਇਸ ਦੇ ਉਲਟ ਸਾਬਤ ਹੁੰਦਾ ਹੈ। ਇਹ ਨਾ ਮਹਾਰਾਜਾ ਰਣਜੀਤ ਸਿੰਘ ਵਾਲਾ ਰਾਜ, ਨਾ ਜੱਟਾਂ ਦੇ ਹਿੱਤਾਂ ਦੀ ਰਾਖੀ ਵਾਲਾ ਰਾਜ, ਨਾ ਖਾਲਸਾ ਸਾਜਣਾ ਦੇ ਉਦੇਸ਼ਾਂ ਨੂੰ ਅਮਲ ਵਿੱਚ ਲਿਆ ਸਕਣ ਵਾਲਾ, ਨਾ ਇਸਤਰੀ ਨੂੰ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬਣਾਕੇ, ਇਸਤਰੀ ਦੇ ਹਿੱਤਾਂ ਦੀ ਰਾਖੀ ਕਰਨ ਵਾਲਾ ਹੀ ਬਣਾ ਸਕਣ ਦੇ ਯੋਗ ਸਿੱਧ ਹੋਇਆ ਹੈ ਸਗੋਂ ਇਹ ਭ੍ਰਿਸ਼ਟ ਅਧਿਕਾਰੀਆਂ ਨੂੰ ਸਜ਼ਾ ਦੇਣ ਦੇ ਬੁਲੰਦ ਬਾਗ ਦਾਅਵੇ ਨਾਲ ਆਰੰਭ ਹੋ ਕੇ ਭ੍ਰਿਸ਼ਟਾਚਾਰ ਨੂੰ ਵਿਆਪਕ ਬਣਾਉਣ ਵਾਲਾ, ਕਿਸਾਨਾਂ ਨੂੰ ਖੁਦਕੁਸ਼ੀਆਂ ਕਰਨ ਲਈ ਮਜ਼ਬੂਰ ਹੋਣ, ਸਰਕਾਰੀ ਸਕੂਲਾਂ ਵਿਚ ਪਹਿਲੀ ਤੋਂ ਅੰਗਰੇਜ਼ੀ ਦੇ ਗੈਰ ਵਿਗਿਆਨਿਕ ਆਰੰਭ ਕਰਨ ਵਾਲਾ, ਸਕੂਲਾਂ ਵਿਚ ਸੈਂਕੜੇ ਪ੍ਰਿਸੀਪਲਾਂ ਅਤੇ ਹਜ਼ਾਰਾਂ ਅਧਿਆਪਕਾਂ ਦੀਆਂ ਖਾਲੀਆਂ ਥਾਵਾਂ ਭਰਨ ਨੂੰ ਗੈਰ ਜ਼ਰੂਰੀ ਸਮਝਣ ਵਾਲੇ ਵਿਦਿਆ ਮੰਤਰੀ ਦੀ ਹੈਂਕੜ ਭਰੀ ਜੱਥੇਦਾਰੀ ਜ਼ਿੱਦ ਨੂੰ ਅਮਲ ਵਿਚ ਲਿਆਉਣ ਵਾਲਾ, ਪੰਜਾਬ ਨੂੰ



ਭਵਿੱਖ ਦੀ ਅਨਿਸਚਿਤਾ ਦੇ ਲੜ ਲਾਉਣ ਵਾਲਾ, ਨੌਜੁਆਨਾਂ ਨੂੰ ਰੁਜ਼ਗਾਰ ਦੇ ਬੂਹੇ ਬੰਦ ਕਰ ਦੇਣ ਵਾਲਾ ਅਤੇ ਸਭ ਤੋਂ ਮਹੱਤਵਪੂਰਨ ਪੰਜਾਬ ਦੇ ਸੱਭਿਆਚਾਰ ਨੂੰ ਘੱਟ ਰੋਲਣ ਵਾਲੀ ਰਾਜ ਸਰਕਾਰ ਦੇ ਮੁੱਖ ਮੰਤਰੀ ਦੇ ਭਰੋਸਿਆਂ ਉੱਪਰ, ਜੇਕਰ ਕੇਂਦਰੀ ਪੰਜਾਬੀ ਲੇਖਕ ਸਭਾ ਦਾ ਵਫਦ ਵੀਹ ਮਿੰਟਾਂ ਵਿੱਚ ਸੰਤੁਸ਼ਟ ਹੋ ਕੇ ਬਾਘੀਆਂ ਪਾ ਰਿਹਾ ਹੋਵੇ ਤਾਂ ਅਫਸੋਸ ਹੀ ਕਰਨਾ ਚਾਹੀਦਾ ਹੈ।

ਫਿਰ ਵੀ ਕੇਂਦਰੀ ਸਭਾ ਨੂੰ ਚਾਹੀਦਾ ਹੈ ਕਿ ਉਹ ਇਸ ਕਦਰ ਆਸ਼ਾਵਾਨ ਹੋ ਕੇ ਇੰਨੀ ਅਵੇਸਲੀ ਨਾ ਹੋਵੇ ਕਿ ਉਹ ਪੰਜਾਬ ਦੇ ਸਾਹਿਤਕਾਰਾਂ ਨੂੰ ਗੁੰਮਰਾਹ ਕਰਨ ਲਈ ਸਰਕਾਰ ਦੀ ਸਹਾਇਕ ਬਣੀ ਸਾਬਤ ਹੋਵੇ। ਸਰਕਾਰ ਨੇ ਵਫਦ ਦੀਆਂ ਮੰਗਾਂ ਮੰਨਣ ਦੇ ਨਾਲ ਲੇਖਕਾਂ ਦੀਆਂ ਪੈਨਸ਼ਨਾਂ ਵਿਚ ਵਾਧਾ ਅਤੇ ਕੇਂਦਰੀ ਸਭਾ ਲਈ ਗਰਾਂਟ ਆਦਿ ਸਰਕਾਰ ਵੱਲੋਂ ਚੋਣਾਂ ਸਮੇਂ ਕਰੋੜਾਂ-ਅਰਬਾਂ ਦੀਆਂ ਗ੍ਰਾਂਟਾਂ ਦਾ ਹੀ ਇਕ ਛਲਾਵਾ ਸਾਬਤ ਹੋਣ ਦਾ ਦ੍ਰਿਸ਼ ਹੀ ਸਿਰਜਦਾ ਜਾਪਦਾ ਹੈ। ਸਰਕਾਰ ਵੱਲੋਂ ਵੀਹ ਮਿੰਟਾਂ ਦੀ ਚਮਤਕਾਰੀ ਭਰੀ ਮੰਗਾਂ ਦੀ ਪਰਵਾਨਗੀ ਉਸ ਦੀ ਚੋਣ ਮਜਬੂਰੀ ਵਿਚੋਂ ਹੀ ਉਤਪੰਨ ਹੋਈ ਮੰਨੀ ਜਾ ਸਕਦੀ ਹੈ। ਪੰਜਾਬੀ ਭਾਸ਼ਾ ਅਤੇ ਪੰਜਾਬੀ ਸੱਭਿਆਚਾਰ ਨੂੰ ਦਰਪੇਸ਼ ਗੰਭੀਰ ਸੰਕਟ ਨੂੰ ਸਾਧਾਰਨ ਸਮਝਣ ਵਾਲੀ ਜਾਂ ਉੱਕਾ ਹੀ ਨਾ ਸਮਝ ਸਕਣ ਵਾਲੀ ਸਰਕਾਰ ਦੀ ਪੰਜਾਬੀ ਸੱਭਿਆਚਾਰ ਨੂੰ ਆਪਣੀ ਕੁਰਸੀ ਲਈ ਕੋਹਿਆ ਜਾਣਾ ਸਾਧਾਰਨ ਨਹੀਂ ਸਮਝ ਰਹੀ? ਕੇਂਦਰੀ ਸਭਾ ਨੂੰ ਸਰਕਾਰ ਦੇ ਜਾਲ ਵਿੱਚ ਫਸਣਾ ਨਹੀਂ ਚਾਹੀਦਾ ਸੀ ਤੇ ਉਸ ਵੇਲੇ ਕੇਵਲ ਵੀਹ ਮਿੰਟ ਮਿਲਣ ਦੀ ਗੈਰਸੰਜੀਦਗੀ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਨੀ ਚਾਹੀਦੀ ਸੀ ਨਾ ਕਿ ਖੁਸ਼ੀ ਪ੍ਰਗਟ ਕਰਨੀ।

ਚਿਰਾਗ਼ ਪੰਜਾਬੀ ਦੇ ਸਾਹਿਤਕਾਰਾਂ ਅਤੇ ਬੁਧੀਜੀਵੀਆਂ ਦੇ ਨਾਲ ਪੰਜਾਬ ਦੇ ਲੋਕਾਂ ਨੂੰ ਵੀ ਚੇਤਾਵਨੀ ਦੇਣਾ ਚਾਹੁੰਦਾ ਹੈ ਕਿ ਸੱਭਿਆਚਾਰ ਪ੍ਰਤੀ ਅਵੇਸਲਾਪਨ ਤੇ ਗ਼ੈਰ ਸੰਜੀਦਗੀ ਮਾਰੂ ਸਿੱਧ ਹੋ ਸਕਦੀ ਹੈ। ਇਸ ਲਈ ਇਸ ਦੀ ਰਾਖੀ ਪ੍ਰਤੀ ਸੰਘਰਸ਼ ਦੇ ਰਾਹ ਨੂੰ ਤਿਆਗਣਾ ਖੁਦਕੁਸ਼ੀ ਹੀ ਸਾਬਤ ਹੋਵੇਗਾ।

## 2. ਆਲਮੀ ਪੰਜਾਬੀ ਕਾਨਫਰੰਸ ਲਾਹੌਰ

ਦੋ ਹਜ਼ਾਰ ਇੱਕ ਦੀ ਵਿਸਾਖੀ ਦੇ ਦਿਨੀਂ ਲਾਹੌਰ ਵਿਚ ਹੋਈ ਪੰਜਾਬੀ ਕਾਨਫਰੰਸ ਕਈ ਗੱਲਾਂ ਕਰਕੇ ਵੱਡੀ ਚਰਚਾ ਦਾ ਵਿਸ਼ਾ ਬਣੀ ਹੈ। ਜਿੱਥੇ ਹਿੱਤ ਟਕਰਾਉਂਦੇ ਹੋਣ ਉਥੇ ਵਿਰੋਧ ਅਤੇ ਵਾਦ-ਵਿਵਾਦ ਪੈਦਾ ਹੋਣਾ ਕੁਦਰਤੀ ਹੈ। ਅਜਿਹਾ ਵਿਰੋਧ-ਵਿਵਾਦ ਪਹਿਲੀਆਂ ਵੀ ਸਾਰੀਆਂ ਆਲਮੀ ਕਾਨਫਰੰਸਾਂ ਵੇਲੇ ਹੁੰਦਾ ਰਿਹਾ ਹੈ। ਇਸ ਦਾ ਇਕ ਕਾਰਨ ਪ੍ਰਬੰਧਕਾਂ ਵੱਲੋਂ ਅਲੇਖਕ ਅਤੇ ਅਸਾਹਿਤਕ ਵਿਅਕਤੀਆਂ ਨੂੰ ਲਿਜਾਣਾ ਅਤੇ ਗੰਭੀਰ, ਸੂਝਵਾਨ, ਸਾਹਿਤਕਾਰਾਂ ਅਤੇ ਲੇਖਕਾਂ ਨੂੰ ਛੱਡ ਜਾਣਾ ਵੀ ਇਕ ਸੀ।

ਪਿਛਲੇ ਵਰ੍ਹੇ ਚੰਡੀਗੜ੍ਹ ਕਾਨਫਰੰਸ ਤਾਂ ਇਕ ਵੱਡੇ ਮਾਇਆ ਜਾਲ ਅਤੇ ਵਿਸ਼ਵੀਕਰਨ ਦੇ ਸਰਕਾਰੀ 'ਪਰਮੋਟਰ' ਵਜੋਂ ਹੀ ਹੋ ਨਿਬੜੀ ਸੀ। ਇਸ ਸਮੇਂ ਪ੍ਰਬੰਧਕਾਂ ਦੀਆਂ ਕਮਜ਼ੋਰੀਆਂ ਚਾਹੇ ਉਹ ਨਿੱਜੀ ਹੋਣ, ਸਮੂਹਿਕ ਹੋਣ, ਨੈਤਿਕ ਹੋਣ ਜਾਂ ਕਿਸੇ ਹੋਰ ਤਰ੍ਹਾਂ ਦੀਆਂ, ਪਾਰਦਰਸ਼ਤਾ ਦੀ ਘਾਟ ਦੇ ਕਾਰਨ, ਗੰਧਲਾਪਨ ਪੈਦਾ ਹੋਇਆ ਹੈ। ਇਹ ਕੁਨਬਾ ਪਰਵਰੀ, ਸੁਆਰਥ, ਕੁਝ ਖੱਟਣ ਦੀ ਲਾਲਸਾ ਆਦਿ ਭੈੜੇ ਅਨੈਤਿਕ ਰੁਝਾਨ ਤਦ ਹੀ ਉਭਰਦੇ ਹਨ ਜਦੋਂ ਅਸਲੀ ਉਦੇਸ਼ਾਂ ਨੂੰ ਅਣਡਿੱਠ ਕਰਕੇ, ਸੁਆਰਥੀ ਉਦੇਸ਼ਾਂ ਪਿੱਛੇ ਦੌੜ ਲੱਗਦੀ ਹੈ।

ਲਾਹੌਰ ਕਾਨਫਰੰਸ ਦੇ ਦੋ ਪੱਖ ਸਾਹਮਣੇ ਆਉਂਦੇ ਹਨ-ਇਕ ਚੰਡੀਗੜ੍ਹ ਵਿੱਚ ਬਣੀ ਪੰਜਾਬੀ ਫਾਊਂਡੇਸ਼ਨ ਦੇ ਪ੍ਰਬੰਧਕਾਂ ਵੱਲੋਂ ਡੈਲੀਗੇਟਾਂ ਦੀ ਚੋਣ ਸਮੇਂ ਅਹੁਦੇ ਦੀ ਦੁਰਵਰਤੋਂ ਤੇ ਅਨੈਤਿਕ ਢੰਗ ਦੇ ਹੱਥ ਕੰਡਿਆਂ ਦੀ ਵਰਤੋਂ ਕਰਨਾ ਸੀ, ਜਿਸ ਦੀ ਨੁਕਤਾਚੀਨੀ ਕੀਤੀ ਹੀ ਜਾਣੀ ਬਣਦੀ ਹੈ। ਦੂਜੇ ਕਾਨਫਰੰਸ ਦੇ ਏਜੰਡੇ ਉੱਪਰ ਅਮਲ ਹੈ ਜਿਸ ਦੇ ਦੋ ਪੱਖ ਹੋ ਸਕਦੇ ਹਨ-ਪਹਿਲਾਂ ਕਾਨਫਰੰਸ ਦੇ ਦੌਰਾਨ ਕੀ ਉਸ ਉੱਪਰ ਲੋੜੀਂਦੇ ਸਮੇਂ ਵਿੱਚ ਵਿਚਾਰ ਕੀਤੀ ਗਈ ਕਿ ਚੰਡੀਗੜ੍ਹ ਕਾਨਫਰੰਸ ਵਾਂਗ ਕੁੱਤੇ-ਦੌੜ ਨਾਲ ਨਜਿੱਠਿਆ ਗਿਆ, ਦੂਸਰੇ ਕੀ ਬਹਿਸ ਵਿਚਾਰ ਅਧੀਨ ਆਏ ਮਸਲਿਆਂ ਨੂੰ, ਕੀ ਨੇੜੇ ਦੇ ਭਵਿੱਖ ਵਿੱਚ ਅਮਲ ਵਿੱਚ ਲਿਆਉਣ ਲਈ ਕੋਈ ਪਲੈਨ ਉਲੀਕਿਆ ਗਿਆ ਹੈ ਜਿਸ ਤੋਂ ਕਾਨਫਰੰਸ ਦੀਆਂ ਪ੍ਰਾਪਤੀਆਂ ਦੀ ਸੰਭਾਵਨਾਵਾਂ ਦੀ ਆਸ ਕੀਤੀ ਜਾ ਸਕੇ।

ਪਿਛਲੇ ਕਈ ਵਰ੍ਹਿਆਂ ਵਿਚ ਆਲਮੀ ਪੱਧਰ ਦੀਆਂ ਅਤੇ ਸਥਾਨਕ ਪੱਧਰ ਦੀਆਂ ਕਈ ਸੰਸਥਾਵਾਂ ਨੇ ਵੀ ਸਾਹਿਤਕ ਤੇ ਸੱਭਿਆਚਾਰਿਕ ਕਾਨਫਰੰਸਾਂ, ਭਾਰਤ ਤੇ ਪਾਕਿਸਤਾਨ ਤੋਂ ਬਾਹਰ ਕੈਨੇਡਾ, ਅਮਰੀਕਾ, ਇੰਗਲੈਂਡ, ਆਸਟਰੇਲੀਆ, ਥਾਈਲੈਂਡ, ਸਵਿਟਜ਼ਰਲੈਂਡ ਆਦਿ ਵਿਚ ਵੀ ਕੀਤੀਆਂ ਹਨ। ਉਨ੍ਹਾਂ ਨੂੰ ਵੀ ਉਪਰੋਕਤ ਪੱਖਾਂ ਤੋਂ ਵਿਚਾਰ ਸਕਦੇ ਹਾਂ ਕਿ ਉਨ੍ਹਾਂ ਤੋਂ ਕੀ ਪ੍ਰਾਪਤੀ ਹੋਈ ਹੈ ਜਾਂ ਕੀ ਉਹ ਸਮਾਗਮ ਦੇ ਰੂਪ ਵਿਚ ਹੀ ਨਮੂਦਾਰ ਹੋ ਕੇ, ਬੁਲਬਲੇ ਦੇ ਵਾਂਗ ਹੀ ਅਲੋਪ ਹੋ ਗਈਆਂ। ਇਨ੍ਹਾਂ ਸਮੇਂ ਵੀ ਕਈ ਵਿਵਾਦ ਵੰਡਾਂ ਪਾ ਗਏ ਅਤੇ ਕੁੜੱਤਣਾ ਪੈਦਾ ਕਰ ਗਏ ਸਨ। ਇਨ੍ਹਾਂ ਦੀ ਸਾਰਥਿਕਤਾ ਤੋਂ ਸਬਕ ਸਿੱਖਿਆ ਜਾਣਾ ਚਾਹੀਦਾ ਹੈ।

ਇਨ੍ਹਾਂ ਕਾਨਫਰੰਸਾਂ ਵਿੱਚ ਵਿਸ਼ੇਸ਼ ਧਿਆਨ ਪਾਕਿਸਤਾਨ ਅਤੇ ਭਾਰਤੀ ਪੰਜਾਬਾਂ ਵਿੱਚ ਪੰਜਾਬੀ ਭਾਸ਼ਾ ਨੂੰ ਦਰਪੇਸ਼ ਸਮੱਸਿਆਵਾਂ ਨੂੰ ਧਿਆਨ ਗੋਚਰੇ ਲਿਆਂਦਾ ਜਾਣਾ ਚਾਹੀਦਾ ਹੈ। ਦੋਵਾਂ ਦੇਸ਼ਾਂ ਦੀ ਅਫ਼ਸਰਸ਼ਾਹੀ ਵੱਖੋ-ਵੱਖ ਮੰਤਵਾਂ ਤੇ ਕਾਰਨਾਂ ਦੇ ਕਾਰਨ ਪੰਜਾਬੀ ਦੀ ਦੁਸ਼ਮਣ ਬਣੀ ਹੋਈ ਹੈ। ਜਿੰਨਾ ਦੇਸ਼ ਦੀ ਵੰਡ ਸਮੇਂ ਤੋਂ ਹੀ ਪੰਜਾਬੀ ਦੇ ਵਿਕਾਸ ਨੂੰ ਬੁਰੀ ਤਰ੍ਹਾਂ ਰੋਕਿਆ ਹੋਇਆ ਹੈ। ਭਾਰਤੀ ਪੰਜਾਬ ਵਿਚ ਭਾਵੇਂ ਸਥਿਤੀ ਪਾਕਿਸਤਾਨ ਨਾਲੋਂ ਚੰਗੀ ਜਾਪਦੀ ਹੈ ਪਰ ਵਿਕਾਸ ਵਿਚ ਖੜੋਤ ਅਤੇ ਉਪਰੋਂ ਵਿਸ਼ਵੀਕਰਨ ਦੇ ਹਮਲੇ ਨੇ ਗੰਭੀਰ ਸਥਿਤੀ ਪੈਦਾ ਕਰ ਦਿੱਤੀ ਹੈ। ਕੰਪਿਊਟਰ ਦੀ ਆਮਦ ਅਤੇ ਸੰਚਾਰ ਪਸਾਰ ਸਾਧਨਾਂ ਦੇ ਵਰਤੋਂ ਵਿਚ ਆ ਜਾਣ ਦੀ ਲੋੜ ਅਤੇ ਮਜਬੂਰੀ ਨੇ ਅੰਗਰੇਜ਼ੀ ਵੱਲ ਰੁਝਾਨ ਨੂੰ ਤੇਜ਼ ਕਰਕੇ, ਅਫ਼ਸਰਸ਼ਾਹੀ ਦੀਆਂ ਪੰਜਾਬੀ ਵਿਰੋਧੀ ਇੱਛਾਵਾਂ ਤੇ ਭਾਵਨਾਵਾਂ ਨੂੰ ਹੋਰ ਬਲ ਦਿੱਤਾ ਹੈ। ਹਿੰਦੀ ਅਤੇ ਅੰਗਰੇਜ਼ੀ ਮਾਧਿਅਮ ਦੇ ਸਕੂਲਾਂ ਦੇ ਨਾਲ, ਸਰਕਾਰੀ ਸਕੂਲਾਂ ਵਿਚ ਪਹਿਲੀ ਜਮਾਤ ਤੋਂ ਅੰਗਰੇਜ਼ੀ ਲਾਗੂ ਕਰਨ ਦੀ ਬੇਤੁਕੀ ਮੂਰਖਤਾ ਭਰੀ ਵਿਦਿਅਕ ਨੀਤੀ, ਜੋ ਭਾਵੇਂ 'ਪੱਲੇ ਨਹੀਂ ਧੇਲਾ ਤੇ ਕਰਦੀ ਮੇਲਾ ਮੇਲਾ' ਵਾਲੀ ਗੁਰਬਤ ਦੇ ਕਾਰਨ, ਕੇਵਲ ਪ੍ਰਾਪੇਗੰਡਾ ਸਟੰਟ ਹੀ ਬਣ ਕੇ ਰਹਿ ਗਈ ਹੈ, ਪ੍ਰੰਤੂ ਇਸ ਨੂੰ ਲਾਗੂ ਕਰਨ ਵਾਲੀ ਇੱਛਾ ਪੰਜਾਬੀ ਦੇ ਵਿਰੋਧ ਵਜੋਂ ਤਾਂ ਸਾਹਮਣੇ ਆਉਂਦੀ ਹੀ ਹੈ। ਇਸ ਤਰ੍ਹਾਂ ਇਸ ਸਮੇਂ ਇਨ੍ਹਾਂ ਕਾਨਫਰੰਸਾਂ ਦਾ ਵਿਸ਼ੇਸ਼ ਧਿਆਨ ਪਾਕਿਸਤਾਨ ਅਤੇ ਭਾਰਤੀ ਪੰਜਾਬ ਦੀਆਂ ਸਰਕਾਰਾਂ ਦੀ ਪੰਜਾਬੀ ਵਿਰੋਧੀ ਨੀਤੀ ਦੀ ਜ਼ੋਰਦਾਰ ਸ਼ਬਦਾਂ ਵਿਚ ਨਿਖੇਧੀ ਕਰਨ ਦੇ ਨਾਲ-ਨਾਲ ਜਨ-ਸਮੂਹ ਨੂੰ ਮਾਤਾ ਭਾਸ਼ਾ ਦੀ ਮਹੱਤਤਾ ਪ੍ਰਤੀ ਜਾਗਰੂਕਤਾ ਪੈਦਾ ਕਰਨ ਦੇ ਅਮਲਯੋਗ ਪਲੈਨ ਨੂੰ ਲੈ ਕੇ ਸਾਹਮਣੇ ਆਉਣਾ ਚਾਹੀਦਾ ਸੀ। ਇਸ ਦੇ ਲਈ ਆਪੋ-ਆਪਣੇ ਖੇਤਰ ਵਿਚ ਅਤੇ ਇਕੱਠੇ ਹੋ ਕੇ ਇਕ ਦੂਜੇ ਦੇ ਪੰਜਾਬੀ ਦੇ ਵਿਕਾਸ ਲਈ ਸੰਘਰਸ਼ ਵਿਚ ਮਦਦ ਕਰਨੀ ਜ਼ਰੂਰੀ ਹੈ।

ਬਾਘਾ ਬਾਰਡਰ ਉੱਪਰ ਹੋਣ ਵਾਲੇ ਮੇਲੇ ਅਤੇ ਸਮਾਗਮ ਜਿਥੇ ਦੋਵਾਂ ਪੰਜਾਬਾਂ ਦੇ ਲੋਕਾਂ ਦੀ ਮੁਹੱਬਤ ਨੂੰ ਦਰਸਾਉਣ ਲਈ ਪਲੇਟ ਫਾਰਮ ਬਣਦੇ ਹਨ ਉਥੋਂ ਇਸ ਸਮੇਂ ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਦੇ ਪੰਜਾਬੀ ਵਿਰੋਧੀ ਦ੍ਰਿਸ਼ਟੀਕੋਣ ਅਤੇ ਨੀਤੀ ਦੀ ਵੀ ਖੁੱਲ੍ਹ ਕੇ ਨਿੰਦਿਆ ਕਰਨੀ ਚਾਹੀਦੀ ਹੈ।

ਕਈ ਬੁਧੀਜੀਵੀਆਂ ਨੂੰ ਸੰਘਰਸ਼ ਸ਼ਬਦ ਤੋਂ ਚਿੜ੍ਹ ਹੈ। ਉਹ ਸੰਵਾਦ ਦੀ ਨੀਤੀ ਨੂੰ ਹੀ ਮੁੱਖ ਸਾਧਨ ਵਜੋਂ ਅੱਗੇ ਲਿਆਉਂਦੇ ਹਨ। ਉਨ੍ਹਾਂ ਦਾ ਮਨਸ਼ਾ, ਸ਼ਾਇਦ ਸ਼ੁਭ ਹੀ ਹੋਵੇ ਪ੍ਰੰਤੂ ਸੰਵਾਦ ਦਾ ਰਾਹ ਅਨਮੁੱਕ ਮੰਜ਼ਿਲ ਦੇ ਰਾਹ ਪੈਣਾ ਹੈ ਜਿਸ ਦਾ ਕਿਧਰੇ ਕੋਈ ਅੰਤ ਨਹੀਂ ਹੁੰਦਾ ਹੈ। ਲੰਘੇ ਪੰਜਾਹ ਤੋਂ ਬਹੁਤੇ ਸਾਲਾਂ ਵਿਚ ਵਧੇਰੇ ਸਮਾਂ ਸੰਵਾਦਾਂ ਨੇ ਹੀ ਲਿਆ ਹੈ ਅਤੇ ਪ੍ਰਾਪਤੀ ਉਹ ਹੀ ਹੈ ਜੋ ਸੰਵਾਦ ਰਚੇਤਾਵਾਂ ਨੂੰ ਸਿਲੇ ਵਜੋਂ ਸਰਕਾਰ ਨੇ ਬਖ਼ਸ਼ੀ ਹੈ। ਪੰਜਾਬੀ ਦੇ ਵਿਕਾਸ ਦਾ ਸੰਕਟ ਸਗੋਂ ਗੰਭੀਰ ਬਣਿਆ ਹੈ।

ਅਸੀਂ ਲਾਹੌਰ ਆਲਮੀ ਕਾਨਫਰੰਸ ਵਿਚ ਤਾਂ ਹਾਜ਼ਰ ਨਹੀਂ ਹੋ ਸਕੇ ਪ੍ਰੰਤੂ ਅਖ਼ਬਾਰੀ ਖ਼ਬਰਾਂ ਅਤੇ ਵਿਵਾਦਾਂ ਦੁਆਰਾ ਜੋ ਕੁਝ ਪ੍ਰਾਪਤ ਕਰ ਸਕੇ ਹਾਂ ਉਸ ਨੂੰ ਧਿਆਨ ਵਿਚ ਰੱਖ ਕੇ ਇਹੋ ਹੀ ਕਹਿਣਾ ਚਾਹੁੰਦੇ ਹਾਂ ਕਿ ਈਮਾਨਦਾਰੀ ਨਾਲ ਪੰਜਾਬੀ ਦੇ ਉੱਜਲ ਭਵਿੱਖ ਲਈ ਸੰਘਰਸ਼ ਜਾਰੀ ਰਹਿਣਾ ਚਾਹੀਦਾ ਹੈ। ਸਾਡੀ ਇਹ ਭਾਵਨਾ, ਇੱਛਾ ਅਤੇ ਪ੍ਰਤੀਬੱਧਤਾ, ਜੇਕਰ ਕਿਸੇ ਦੇ ਮੁਆਫ਼ਿਕ ਨਹੀਂ ਵੀ ਆਉਂਦੀ ਸਾਨੂੰ ਕੋਈ ਗਿਲਾ ਨਹੀਂ ਹੈ। ਪ੍ਰੰਤੂ ਅਸੀਂ ਪੰਜਾਬੀ ਦੇ ਅਖੌਤੀ ਮੁਦੱਈਆਂ ਦੀਆਂ ਸੁਆਰਥੀ ਇੱਛਾਵਾਂ ਨੂੰ ਕਦੇ ਪ੍ਰਵਾਨ ਚੜ੍ਹਨ ਦੇ ਸਮਰਥਕ ਨਹੀਂ ਹੋ ਸਕਦੇ। *—ਸੰਪਾਦਕੀ-ਮੰਡਲ*





## ਸੋਨ-ਚਿੜੀ/*ਜਿਤੇਂਦਰ ਸ੍ਰੀ ਵਾਸਤਵ*

**(ਕਾਵਿ-ਕਥਾ)**

ਬਹੁਤ ਪੁਰਾਣੀ ਕਥਾ ਹੈ
ਇੱਕ ਰੱਜੇ-ਪੁੱਜੇ ਘਰ ਵਿਚ
ਇੱਕ ਲੜਕੀ ਸੋਨ-ਚਿੜੀ ਸੀ।

ਉਹ ਹੱਸਦੀ
ਤਾਂ ਧੁੱਪ ਚੜ੍ਹ ਜਾਂਦੀ
ਫੁੱਲ ਖਿੜਦੇ।

ਉਹ ਤੁਰਦੀ
ਤਾਂ ਬਸੰਤੀ ਹਵਾ ਚੱਲਦੀ ਸੀ।

ਜਿੱਧਰ ਨਿਕਲ ਤੁਰੇ
ਲੋਕਾਂ ਦੀਆਂ ਪਲਕਾਂ ਵਿੱਛ ਜਾਂਦੀਆਂ ਸਨ।

ਤੇ ਜਿਵੇਂ ਕਿ ਹਰ ਕਿਸੇ ਵਿਚ ਹੁੰਦਾ ਹੈ
ਉਸ ਦੀ ਵਿਆਹ ਵੀ ਇੱਕ ਰਾਜ ਕੁਮਾਰ ਨਾਲ ਹੋਇਆ

ਰਾਜ-ਕੁਮਾਰ ਉਸ ਉੱਤੇ ਜਾਨ ਦਿੰਦਾ
ਉਸ ਦੇ ਹੋਂਠ ਉਹਦੀ ਪ੍ਰਸ਼ੰਸਾ ਵਿਚ ਖੁੱਲ੍ਹਦੇ
ਉਸ ਦੀ ਜੀਭ, ਉਸ ਦੇ ਪ੍ਰੇਮ ਦੇ ਸਿਵਾ
ਹੋਰ ਸਾਰੇ ਸਵਾਦ ਭੁੱਲ ਗਈ ਸੀ।

ਉਸ ਦੀਆਂ ਅੱਖਾਂ ਵਿਚ ਨੀਂਦ
ਤੇ ਦਿਲ ਵਿਚ ਚੈਨ ਨਹੀਂ ਸੀ

ਇਂਝ ਦੋ-ਚਾਰ ਸਾਲ ਬੀਤ ਗਏ
ਸੋਨ-ਚਿੜੀ ਦੀ ਗੋਦ ਹਰੀ ਨਾ ਹੋਈ
ਨਨਾਣ ਨੂੰ ਭਤੀਜਾ
ਸੱਸ ਦੀ ਕੁੱਲ ਦਾ ਚਿਰਾਗ
ਤੇ ਪਤੀ ਨੂੰ ਮਰਦ ਹੋਣ ਦਾ ਪੁਰਸਕਾਰ ਨਾ ਮਿਲਿਆ

ਨਨਾਣ ਆਖਣ ਲੱਗੀ ਔਤਰੀ 'ਡੁੰਨ-ਵੱਟਾ'
ਸੱਸ ਕਹਿਣ ਲੱਗੀ 'ਬਾਂਝ'
ਤੇ ਜਿਹੜਾ ਰਾਤ-ਦਿਨ ਸਮਾਇਆ ਰਿਹਾ ਉਸ ਵਿਚ ਸਾਹਾਂ ਦੀ ਤਰ੍ਹਾਂ
ਉਸ ਨੇ ਕਿਹਾ,

'ਤੇਰੀ ਸੋਨੇ ਜਹੀ ਦੇਹ ਕਿਸ ਕੰਮ ?'
'ਚੰਗਾ ਹੋਵੇ ਤੂੰ ਇਹ ਘਰ ਤਿਆਗ ਦੇਵੇਂ
ਤੇਰਾ ਪ੍ਰਛਾਵਾਂ ਵੀ ਠੀਕ ਨਹੀਂ ਹੋਵੇਗਾ।
ਸਾਡੀ ਕੁੱਲ ਦੇ ਵਾਸਤੇ।'

ਸੋਨ-ਚਿੜੀ ਬਹੁਤ ਰੋਈ
ਮਿੰਨਤਾਂ ਵੀ ਕੀਤੀਆਂ
ਪਰ ਕਿਸੇ ਨਾ ਸੁਣੀ

ਹੰਝੂਆਂ ਵਿਚ
ਇੱਕ ਔਰਤ, ਘਰ ਦੇ ਬਾਅਦ
ਭਟਕਣ ਲੱਗੀ ਬ੍ਰਹਿਮੰਡ ਵਿੱਚ।

ਉਸ ਨੂੰ ਜੰਗਲ ਨਸੀਬ ਹੋਇਆ
ਜੰਗਲ ਵਿਚ ਸ਼ੇਰਨੀ ਮਿਲੀ
ਉਸ ਨੇ ਉਹਨੂੰ ਆਪਣਾ ਦੁੱਖ ਸੁਣਾਇਆ
ਤੇ ਅਰਜ਼ ਕੀਤੀ ਕਿ ਉਹ ਉਹਨੂੰ ਖਾ ਲਵੇ

ਸ਼ੇਰਨੀ ਨੇ ਆਖਿਆ
ਜਿਥੋਂ ਆਈ ਏ., ਉੱਥੇ ਹੀ ਚਲੀ ਜਾ
ਮੈਂ ਤੈਨੂੰ ਖਾਣਾ ਨਹੀਂ
ਨਹੀ ਤੇ ਮੈਂ ਵੀ ਬਾਂਝ ਹੋ ਜਾਵਾਂਗੀ
ਸੋਨ-ਚਿੜੀ ਕੀ ਕਰਦੀ ?

ਉਥੋਂ ਸੱਪ ਦੀ ਖੁੱਡ ਦੇ ਕੋਲ ਗਈ
ਖੁੱਡ ਵਿਚੋਂ ਨਾਗਣ ਨਿਕਲੀ
ਨਾਗਣ ਨੇ ਉਸ ਦਾ ਦੁੱਖ ਸੁਣਿਆ
ਫਿਰ ਆਖਿਆ, 'ਉੱਥੇ ਹੀ ਮੁੜ ਜਾ
ਜਿੱਥੇ ਆਈ ਏਂ,
ਜੇ ਮੈਂ ਤੈਨੂੰ ਕੱਟ ਖਾਵਾਂ
ਤਾਂ ਬਾਂਝ ਹੋ ਜਾਵਾਂਗੀ ?

ਸੋਨ-ਚਿੜੀ ਬਹੁਤ ਉਦਾਸ ਹੋਈ
ਫਿਰ ਕੀ ਕਰਦੀ ?
ਡਿੱਗਦੀ-ਢਹਿੰਦੀ ਮਾਂ ਦੇ ਬੂਹੇ ਅੱਪੜੀ।
ਮਾਂ ਨੇ ਪਿਆਰ ਨਾਲ ਹਾਲ-ਚਾਲ ਪੁੱਛਿਆ,
'ਕਿਹੜੀ ਹਾਲਤ ਵਿਚ ਮੇਰੀ ਪਿਆਰੀ ਧੀ ਇੰਝ ਆਈ ਹੈ ?'
ਬੇਟੀ ਨੇ ਆਪਣਾ ਦੁੱਖ ਸੁਣਾਇਆ
ਤੇ ਮਿੰਨਤ ਕੀਤੀ ਕਿ ਥੋਹੜੀ ਜਹੀ ਥਾਂ ਦੇ ਦੇ



ਰਹਿਣ ਲਈ
ਮਾਂ ਨੇ ਆਖਿਆ,
ਨਹਿਰ ਵਿਚ ਨਹੀਂ ਰਹਿਣਾ ਚਾਹੀਦਾ
ਲੋਕੀ ਕੀ ਆਖਣਗੇ
ਉਥੇ ਹੀ ਵਾਪਸ ਚਲੀ ਜਾ
ਜਿੱਥੇ ਆਈ ਏਂ,

ਤੇ ਸੁਣ
ਬੁਰਾ ਨਾ ਮੰਨੀ
ਜੇ ਤੇਰਾ ਪ੍ਰਛਾਵਾਂ ਪਿਆ
ਤਾਂ ਮੇਰੀ ਨੋਂਹ ਵੀ ਬਾਂਝ ਹੋ ਜਾਵੇਗੀ
ਇਹ ਆਖ ਮਾਂ ਨੇ ਆਪਣਾ ਦਰਵਾਜ਼ਾ ਬੰਦ ਕਰ ਲਿਆ
ਹੁਣ ਸੋਨ-ਚਿੜੀ ਕੀ ਕਰਦੀ ?

ਉਸ ਨੇ ਧਰਤੀ ਨੂੰ ਤਰਲਾ ਪਾਇਆ
ਹੁਣ ਤੂੰ ਹੀ ਸ਼ਰਨ ਦੇ ਮਾਂ
ਦੁੱਖ ਝੱਲਿਆ ਨਹੀਂ ਜਾਂਦਾ
ਇਹਨਾਂ ਪੈਰਾਂ ਨਾਲ ਤੁਰਿਆ ਨਹੀਂ ਜਾਂਦਾ
ਜਿਹੜੇ ਲੋਕੀਂ ਮੈਨੂੰ ਪਲਕਾਂ ਤੇ ਚੁੱਕੀ ਫਿਰਦੇ ਸੀ
ਉਹਨਾਂ ਦੇ ਛੱਪਰ ਹੇਠ ਵੀ ਥਾਂ ਨਹੀਂ ਬਚੀ ਮੇਰੇ ਵਾਸਤੇ

ਧਰਤੀ ਨੇ ਕਿਹਾ, ਤੇਰਾ ਦੁੱਖ ਵੱਡਾ ਹੈ
ਪਰ ਮੈਂ ਕੀ ਕਰਾਂ?
ਜਿਥੋਂ ਆਈ ਹੈ, ਉੱਥੇ ਹੀ ਚਲੀ ਜਾਹ,
ਜੇ ਮੈਂ ਤੈਨੂੰ ਆਪਣੀ ਗੋਦ ਵਿਚ ਰੱਖ ਲਵਾਂ
ਤਾਂ ਬੰਜਰ ਹੋ ਜਾਵਾਂਗੀ

ਤੇ ਮਿੱਤਰੋ ਇਸ ਤੋਂ ਅੱਗੇ ਜੋ ਹੋਇਆ
ਉਹ ਕਿਸੇ ਕਿੱਸੇ ਵਿਚ ਨਹੀਂ ਹੈ
ਹੋਇਆ ਇਹ ਕਿ ਸਭ ਪਾਸਿਓਂ ਨਿਰਾਸ਼ ਹੋ ਕੇ
ਸੋਨ-ਚਿੜੀ ਬੈਠ ਗਈ ਇੱਕ ਨਦੀ ਦੇ ਕਿਨਾਰੇ

ਇੱਕ ਦਿਨ ਲੰਘਿਆ
ਦੋ ਦਿਨ ਲੰਘੇ
ਤੀਸਰੇ ਦਿਨ, ਤੀਜੇ ਪਹਿਰ ਇਕ ਸੁਜੀਲਾ ਨੌਜਵਾਨ
ਪਿਆਸ ਨਾਲ ਬੇਹਾਲ
ਨਦੀ ਦੇ ਕੰਢੇ ਆ ਮਿਲਿਆ

ਉਹਨੇ ਸੋਨ-ਚਿੜੀ ਨੂੰ ਵੇਖਿਆ

ਸੋਨ-ਚਿੜੀ ਨੂੰ ਵੇਖ
ਉਹ ਪਲ ਭਰ ਲਈ ਸਭ ਕੁਝ ਭੁੱਲ ਗਿਆ
ਉਸ ਨੇ ਬਿਹਬਲ ਹੋ, ਨਰਮ ਸੁਰ ਵਿਚ
ਸੋਨ-ਚਿੜੀ ਨੂੰ ਦੁੱਖ ਦਾ ਕਾਰਨ ਪੁੱਛਿਆ
ਤੇ ਸਭ ਕੁਝ ਜਾਣ ਲੈਣ ਪਿੱਛੋਂ,
ਆਪਣੇ ਨਾਲ ਚੱਲਣ ਲਈ ਬੇਨਤੀ ਕੀਤੀ।
ਸੋਨ-ਚਿੜੀ ਪਲ ਭਰ ਲਈ ਝਿਜਕੀ
ਫਿਰ ਉਸ ਦੇ ਨਾਲ ਨਾਲ ਤੁਰ ਪਈ

ਤੇ ਉਸ ਨਾਲ ਪੂਰੀ ਉਮਰ ਭੋਗ ਕੇ
ਜਦ ਉਹ ਮਰੀ
ਤਾਂ ਹੰਝੂਆਂ ਨਾਲ ਭਿੱਜੇ ਉਸ ਦੇ ਸੱਤਾਂ ਪੁੱਤਰਾਂ ਨੇ
ਉਸ ਦੀ ਅਰਥੀ ਨੂੰ ਮੋਢਾ ਦਿੱਤਾ।

ਸੋਨ-ਚਿੜੀ ਸੱਤ ਪੁੱਤਰਾਂ ਦੀ ਮਾਂ ਸੀ
ਉਹ ਇਸਤਰੀ ਸੀ
ਤੇ ਇਸਤਰੀਆਂ ਕਦੀ ਬਾਂਝ ਨਹੀਂ ਹੁੰਦੀਆਂ

ਉਹ ਰਚਦੀਆਂ ਨੇ
ਉਹ ਰਚਦੀਆਂ ਨੇ ਤਾਂ ਹੀ ਤਾਂ
ਅਸੀਂ-ਤੁਸੀਂ ਹੁੰਦੇ ਹਾਂ
ਤਦੇ ਹੀ ਦੁਨੀਆਂ ਹੁੰਦੀ ਹੈ
ਰਚਨਾ ਦਾ ਸਾਹਸ ਪੁਰਸ਼ ਵਿਚ ਨਹੀਂ ਹੁੰਦਾ

ਉਹ ਹੁੰਦੀਆਂ ਨੇ
ਤਾਂ ਹੀ ਤਾਂ ਪੁਰਸ਼
ਪੁਰਸ਼ ਹੁੰਦੇ ਨੇ।

*(ਪਹਿਲ ਵਿਚੋਂ ਅਨੁਵਾਦ)*

✡✡✡





## 1. ਖ਼ੁਦਾ / ਵਰਿੰਦਰ ਪਰਿਹਾਰ

ਮੇਰੀ ਨਿਗਾਹ ਨੇ
ਦੂਰ ਦੂਰ ਤੀਕ ਫੈਲੇ
ਸੋਹਣੇ ਹਰੇ ਵਿਸ਼ਾਲ ਪਰਬਤ
ਬਿੰਦ ਬਿੰਦ ਕੁਰੇਦੇ
ਥੱਲੇ
ਤੀਰਾਂ ਕਮਾਨਾਂ ਤਲਵਾਰਾਂ ਤੋਪਾਂ ਬੰਦੂਕਾਂ
ਮਨੁੱਖੀ ਪਿੰਜਰਾਂ ਦੇ
ਫ਼ਾਸਿਲ ਹੀ ਫ਼ਾਸਿਲ ਸਨ ਬਿਖਰੇ ਪਏ

ਮੇਰੀ ਨਿਗਾਹ ਨੇ
ਸ਼ੋਰ ਮਚਾਉਂਦੇ ਆਬਸ਼ਾਰ ਤੱਕੇ
ਦਿਲ ਜ਼ਿਹਨ ਮੇਰੇ 'ਚੋਂ ਆਵਾਜ਼ ਆਈ :
ਬੋਲੇ ਸਨ ਸਾਰੇ ਸ਼ਾਇਰ ਇੱਥੇ ਦੇ
ਸਦੀਆਂ ਦੇ ਸ਼ੋਰ ਮਚਾਉਂਦੇ ਝਰਨੇ
ਤਾਂ ਮਹਿਜ਼ ਰੁਦਨ ਨਦੀ ਦਾ ਨੇ ਦਬਾਉਂਦੇ
ਰੱਜ ਕੇ ਉਹਨੂੰ ਰੋਣ ਵੀ ਨਾ ਦੇਂਦੇ

ਮੇਰੀ ਨਿਗਾਹ ਨੇ
ਅਣਗਿਣਤ ਬਿਰਛਾਂ ਦੀਆਂ ਕਤਾਰਾਂ ਤੱਕੀਆਂ
ਸੈਂਕੜੇ ਖਲੋਤੇ ਜਿਵੇਂ ਮੂਕ ਬੁੱਤ ਸੰਗ ਦੇ
ਪਰ ਪਤਾ ਮੈਨੂੰ ਗਵਾਹ ਸਨ ਸਾਰੇ ਦੇ ਸਾਰੇ
ਬੰਦੇ ਦੀ ਅਮਰ ਅੰਦਰੂਨੀ ਜੰਗ ਦੇ
ਦੱਸ ਰਹੇ ਸਨ ਮੈਨੂੰ :
ਬੰਦਾ ਬਿਰਖ ਦਾ ਹੀ ਰੂਪਾਂਤਰ
ਐਪਰ ਜੜ੍ਹਾਂ ਉਸ ਦੀਆਂ ਨੇ ਵਿੱਚ ਸੁਰਗ ਦੇ

ਮੇਰੀ ਨਿਗਾਹ ਨੇ
ਨਦੀ ਨਾਲਿਆਂ ਵਿੱਚ ਚੁੱਪ ਪਏ
ਪੱਥਰ ਗੀਟੇ ਤੱਕੇ
ਬੰਦੇ ਦੀ ਖਿਣ ਭੰਗਰ ਹੋਂਦ ਨਾਲ
ਉਨ੍ਹਾਂ ਪੱਥਰਾਂ ਦੀ ਮੈਂ ਚਿੜ ਤੱਕੀ
ਚੰਨ ਤਾਰੇ ਰੌਸ਼ਨੀ ਹਨ੍ਹੇਰੇ ਤੋਂ ਪਹਿਲਾਂ ਦੀ
ਉਨ੍ਹਾਂ ਵਿਚੋਂ ਉੱਠਦੀ ਮੈਂ ਹੂਕ ਸੁਣੀ

ਤੇ ਠੀਕ ਉਦੋਂ ਸੀ ਮੈਂ ਵੇਖਿਆ
ਇੱਕ ਬਿਰਛ ਦੇ ਸੰਘਣੇ ਪੱਤਿਆਂ ਓਹਲੇ ਲੁਕਿਆ
ਰੱਬ ਰਿਹਾ ਸੀ ਮੈਥੋਂ ਨਜ਼ਰਾਂ ਚੁਰਾ

ਸੀ ਉਸਨੂੰ ਇਹ ਸਭ ਪਤਾ

ਪਰਬਤ ਝਰਨੇ ਬਿਰਖ ਪੱਥਰ
ਸਭ ਦੇ ਸਭ ਨੇ ਮੇਰ ਗਵਾਹ

ਸ ਦਿੱਤਾ ਸੀ ਉਸ ਦਿਨ ਮੈਂ ਉਸ
ਧ ਕਿਤੇ ਦਾ ਹੋਵੇਂਗਾ ਤੂੰ ਰਾਜਾ
ਥ ਤੂੰ ਨਹੀਂ
ਏਥੇ ਦਾ ਮੈਂ ਹਾਂ ਖ਼ੁਦਾ
*(ਲੇਕ ਡਿਸਟ੍ਰਿਕਟ ਵਿੱਚ ਮੇਰੀ ਕਾਲਪਨਿਕ ਮੌਜੂਦਗੀ)*

## 2. ਨਿਰਵਿਘਨ / *ਵਰਿੰਦਰ ਪਰਿਹਾਰ*

ਅਚਲ ਆਪਣਾ ਕੰਮ ਕਰ ਰਹੀ ਹੈ ਕੁਦਰਤ
ਨਿਰਵਿਘਨ ਨਿਰੰਤਰ ਸੰਤੁਲਿਤ ਸਲੀਕਣ

ਇਹ ਚਸ਼ਮਾਂ ਸਦੀਆਂ ਦਾ ਏਥੇ ਵਹਿ ਰਿਹਾ
ਗਰਮ ਰੁੱਤੇ ਬਦਲਦੀ ਏ
ਬੱਸ ਨੀਰ ਹੁੰਦੀ ਏ
ਹਿਮ ਫਿਸਲਦੀ ਪਰਬਤ-ਟੀਸੀ ਤੋਂ ਆਉਂਦੀ

ਆਸਮਾਨ ਛੂੰਹਦੇ ਬਿਰਛ ਨੇ ਇੱਕ ਦਿਨ ਮਿੱਟੀ ਹੋਣਾ
ਉੱਸੇ ਮਿੱਟੀ ਵਿੱਚ ਅਗਲੇ ਬਿਰਛ ਨੇ ਉੱਗ ਆਉਣਾ

ਫੁੱਲਾਂ ਵਿੱਚ ਲੁਕੇ ਕਲੋਲ ਇਨ੍ਹਾਂ ਪੰਛੀਆਂ ਦੇ
ਅਨੰਤ ਅਮਰ ਸਦਾ ਹੀ ਰਹਿਣੇ
ਬੱਸ ਜੋੜੇ ਪੰਛੀਆ ਦੇ ਹੀ ਬਦਲਦੇ ਜਾਣੇ

ਇਧਰ ਬੰਦਾ ਬੰਦੇ ਨੂੰ ਮਾਰੀ ਜਾ ਰਿਹਾ
ਸਿਲਸਿਲਾ ਕੁਦਰਤ ਦਾ ਇਉਂ ਨਿਵਿਘਨ ਚੱਲਦਾ ਆ ਰਿਹਾ

ਕਹਿੰਦੇ
ਇਹ ਕੁਦਰਤ ਦਾ ਸੰਤੁਲਨ ਏ
ਭਰ ਜਾਣੀ ਸੀ ਧਰਤੀ ਨਹੀਂ ਤਾਂ
ਪਰਿੰਦਿਆਂ ਬਿਰਛਾਂ ਚਸ਼ਮਿਆਂ ਹਿਮ ਲੱਦੇ ਪਰਬਤਾਂ ਦੇ ਨਾਲ
ਬੰਦਿਆ ਦੇ ਨਾਲ........

ਏਸੇ ਲਈ
ਅਚਲ ਆਪਣਾ ਕੰਮ ਕਰ ਰਹੀ ਹੈ ਕੁਦਰਤ
ਸੰਤੁਲਿਤ
ਸਲੀਕਣ
ਨਿਰਵਿਘਨ
ਨਿਰੰਤਰ

••••

*1, Merton Road, High field, Southamption. U.K.*





## ਰੱਬ ਦੀ ਮੌਤ / *ਗੁਰਨਾਮ ਢਿਲੋਂ*

ਦਾਦੀ ਅੰਮਾਂ ਬੀਬੀ 'ਬੰਤੀ' ਸੰਘਣੇ ਰੁੱਖ ਦੀ ਛਾਂ ਵਰਗੀ ਸੀ
ਮਾਰੂਥਲ ਵਿਚ ਮੋਹ-ਮਮਤਾ ਦੀ ਠੰਡੀ-ਠਾਰ ਸਰਾਂ ਵਰਗੀ ਸੀ
ਕਰਦੀ ਸਿਮਰਨ ਸਤਿਗੁਰ ਦਾ ਸੀ ਨਾਮ ਧਿਆਉਂਦੀ।
ਔਖੇ ਡੰਗ ਵੀ ਸਾਧ-ਸੰਤ ਨੂੰ ਭੋਜ ਛਕਾਉਂਦੀ।
ਦਰ ਆਏ ਹਮਸਾਇਆਂ ਉੱਤੇ ਜਾਨ ਲੁਟਾਉਂਦੀ।
ਜੋ ਮੰਗਦੇ ਕਰ ਭੇਟਾ ਦਿਲ ਵਿਚ ਖੁਸ਼ੀ ਮਨਾਉਂਦੀ।
ਰੱਬ ਦਾ ਭਾਣਾ ਮੰਨਦੀ ਕਦੀ ਵੀ ਥੱਕਦੀ ਨਾ ਉਹ।
ਰੁੱਖੀ ਮਿੱਸੀ ਖਾਂਦੀ ਕਦੀ ਵੀ ਅਕਦੀ ਨਾ ਉਹ।

ਇਕ ਦਿਨ ਵਿਚ ਵੀਹ ਵਾਰ ਉਹ ਮੈਨੂੰ ਪਿਆਰ ਸੀ ਦਿੰਦੀ।
ਆਪਣੇ ਪੁੱਤਰ ਤੋਂ ਵੱਧ ਲਾਡ-ਮਲ੍ਹਾਰ ਸੀ ਦਿੰਦੀ।
ਮੈਨੂੰ ਖੂਬ ਖਵਾ ਕੇ ਪਿਛੋਂ ਖਾਂਦੀ ਸੀ ਉਹ।
ਗੱਭਰੂ ਹੁੰਦਾ ਤੱਕ ਤੱਕ ਸ਼ੁਕਰ ਮਨਾਂਦੀ ਸੀ ਉਹ।
ਢਿੱਲਾ-ਮੱਠਾ ਜੇ ਹੋਵਾਂ ਉਹ ਜਾਨ ਸੀ ਦਿੰਦੀ।
ਝੱਟ ਨਿਛਾਵਰ ਕਰ ਸਾਰੇ ਅਰਮਾਨ ਸੀ ਦਿੰਦੀ।

ਇਕ ਅਚਾਨਕ ਰਾਤ ਕੁਲਿਹਣੀ ਘਰ 'ਤੇ ਆਈ।
ਦਾਦੀ-ਅੰਮਾਂ ਤੜਪੇ, ਪਾਵੇ ਹਾਲ-ਦੁਹਾਈ।
ਦਿਲ ਦਾ ਦੌਰਾ ਜਾਂ ਸੀ ਕੋਈ ਹੋਰ ਬਿਮਾਰੀ।
ਦਾਦੀ ਅੰਮਾਂ ਪਿੰਜ ਸੁੱਟੀ ਸਾਰੀ ਦੀ ਸਾਰੀ।
ਗਿਆਰਾਂ ਵਰ੍ਹਿਆਂ ਦਾ ਸੀ ਮੈਂ ਛੇਵੀਂ ਵਿਚ ਪੜ੍ਹਦਾ।
ਦਾਦੀ ਹੂੰਗੇ ਜਦੋਂ ਮੈਂ ਜਾਵਾਂ ਪਲ ਪਲ ਮਰਦਾ।
ਹੱਥ ਮੈਂ ਚੁੰਮਾਂ ਉਹਦੇ ਕਦੇ ਮੈਂ 'ਵਾਜਾਂ ਮਾਰਾਂ'।
"ਉਠੋ ਦਾਦੀ-ਅੰਮਾਂ ਜੀ ਮੈਂ ਖੜਾ ਪੁਕਾਰਾਂ।"
ਸੋਚ ਸੋਚ ਕੇ ਆਖਰ ਗੁਲ ਵਿਚ ਪੱਲਾ ਪਾਇਆ।
ਰੱਬ ਚਿਤਵ ਕੇ ਉਸ ਨੂੰ ਫਿਰ ਮੈਂ ਆਖ ਸੁਣਾਇਆ।
"ਜੇ ਤੂੰ ਸੱਚੀ ਰੱਬ ਤਾਂ ਦਾਦੀ ਰਾਜ਼ੀ ਕਰਦੇ।
ਪਹਿਲਾਂ ਵਰਗੀ ਤੰਦਰੁਸਤ ਤੇ ਤਾਜ਼ੀ ਕਰਦੇ।

ਦਾਦੀ-ਮਾਂ ਨਾ ਬਚੀ ਤਾਂ ਫਿਰ ਤੂੰ ਰੱਬ ਨਹੀਂ ਮੇਰਾ
ਅੱਗੇ ਤੋਂ ਇਤਬਾਰ ਕਰੂੰ ਮੈਂ ਕਦੇ ਨਾ ਤੇਰਾ।"
ਐਪਰ ਵੈਦ ਸਿਆਣੇ ਬੈਠੇ ਰਹਿ ਗਏ ਲਾਗੇ!
ਦੋ ਹਟਕੋਰੇ ਲੈ ਕੇ ਦਾਦੀ ਪ੍ਰਾਣ ਤਿਆਗੇ।
ਕੱਲ੍ਹ ਵਾਂਗੂ ਹੈ ਯਾਦ ਇਹ ਮੈਨੂੰ ਦਰਦ-ਕਹਾਣੀ।
ਕਿਸੇ ਰੱਬ ਨਾ ਇਕ ਬਾਲ ਦੀ ਪੀੜ ਪਛਾਣੀ।
ਸਿਵਾ ਦਾਦੀ ਦਾ ਜਿਸ ਵੇਲੇ ਸੀ ਠੰਡਾ ਹੋਇਆ।
ਮੇਰਾ ਰੱਬ ਵੀ ਬਸ ਉਸੇ ਵੇਲੇ ਤੋਂ ਮੋਇਆ।

ooo

## .ਗ਼ਜ਼ਲ / *ਮੁਸ਼ਤਾਕ*

ਨੈਣ ਜਦੋਂ ਵੀ ਬਣਨ ਕਟਾਰੀ, ਦਿਲ ਤੇ ਚਲਦੀ ਖੁੰਡੀ ਆਰੀ
ਰਤੀ ਕੁ 'ਵਾ ਦੀ ਪੱਖੀ ਹਿਲਦੀ, ਖੁਲ੍ਹ ਖੁਲ੍ਹ ਜਾਂਦੀ ਮਹਿਕ ਪਟਾਰੀ
ਉਮਰ ਦੀ ਟਾਹਣੀ ਉੱਤੇ ਬੈਠੀ, ਰੋਵੇ ਯਾਦ ਦੀ ਚਿੜੀ ਵਿਚਾਰੀ
ਕੱਚੀ ਟਾਹਣੀ ਤੇ ਜੋ ਖਿੜਦੀ, ਬਚਦੀ ਨਾ ਕਿਸਮਤ ਦੀ ਮਾਰੀ
ਸਿਰ 'ਚ ਜੀਹ ਦੇ ਕਾਲਖ਼ ਡੁੱਲ੍ਹੀ, ਕੀ ਕਰਦੀ ਉਹ ਰਾਤ ਵਿਚਾਰੀ
ਬਹੁਤ ਜਿਨ੍ਹਾਂ ਤੇ ਮਾਣ ਸੀ ਹੁੰਦਾ, ਛੱਡਕੇ ਤੁਰ ਗਏ ਵਾਰੋ ਵਾਰੀ
ਉਹਦੀਆਂ ਸੱਤੇ ਖ਼ੈਰਾਂ ਮੰਗਾਂ, ਜਿਸਨੇ ਸੀਨੇ ਗੋਲੀ ਮਾਰੀ
ਤੰਬਾ ਝਾੜਕੇ ਉੱਠ ਜਾਵਾਂਗੇ, ਖ਼ਤ ਜਦੋਂ ਆਇਆ ਸਰਕਾਰੀ
ਐਵੇਂ ਨਾ ਮੂੰਹ ਮੋੜ ਗਏ ਉਹ, ਹੋਣੀ ਏ ਕੋਈ ਬਹੁਤ ਲਾਚਾਰੀ
ਮਿਲੇ ਉਨ੍ਹਾਂ ਨੂੰ ਖ਼ਾਬ ਰੰਗੀਲੇ, ਸਾਨੂੰ ਰਾਤਾਂ ਦੀ ਬੇਦਾਰੀ
ਕਦੋਂ ਭਲਾ ਇਸ ਦਿਲ ਨੇ ਮੰਨੀ, ਸ਼ਾਹਾਂ, ਰਾਠਾਂ ਦੀ ਸਰਦਾਰੀ
ਸੁੰਨੇ ਘਰੋਂ ਤ੍ਰਹਿ ਕੇ ਉੜ ਗਈ, ਕਰਦੀ ਵੀ ਕੀ ਚਿੜੀ ਵਿਚਾਰੀ
ਘਰ ਤਾਂ ਦਿਸਦੇ ਜੇਲ੍ਹਾਂ ਵਰਗੇ, ਕੌਣ ਸੁਣੇ ਫ਼ਿਰ ਆਹੋਜ਼ਾਰੀ
ਮੁੜਦੇ ਕੀ 'ਮੁਸ਼ਤਾਕ' ਭਲਾ ਜੇ, ਉਸ ਨੇ ਤਾਂ ਆਵਾਜ਼ ਨਾ ਮਾਰੀ।

✪

ਵਾਘਿਓਂ ਪਾਰ

## .ਗ਼ਜ਼ਲ / ਬਿਸਮਿਲ ਸ਼ਮਸੀ

ਬੋਲਣ ਤੇ ਇਕ ਪਾਸੇ ਰਿਹਾ, ਸੋਚਣ ਤੇ ਵੀ ਪਹਿਰੇ ਨੇ
ਦਿਲ ਦੇ ਫੱਟ ਦਿਖਾਈਏ ਕਿਹਨੂੰ, ਬਹੁਤੇ ਈ ਕੁਝ ਗਹਿਰੇ ਨੇ
ਖਣੀ ਕਿੱਥੇ ਤੀਕ ਏ ਡੂੰਘਾ, ਇਹ ਤੇ ਵੇਲਾ ਦੱਸਿਗਾ,
ਅਜੇ ਤੇ ਸਾਡੇ ਸੰਗੀ ਸਾਥੀ ਟੁਰਦੇ ਨਹਿਰੇ ਨਹਿਰੇ ਨੇ,
ਇਕ ਦੂਜੇ ਨੂੰ ਵੇਖ ਨਹੀਂ ਸਕਦੇ, ਸੁਨਣਾ ਗਿਣਨਾ ਕਾਹਦਾ ਏ
ਸਾਡੇ ਪਿੰਡ ਦੇ ਲੋਕੀਂ ਖੌਰੇ ਅੰਨ੍ਹੇ ਗੁੰਗੇ ਬਹਿਰੇ ਨੇ
ਜੁੱਸੇ ਲੜਦੇ ਵੇਖੇ ਨਹੀਓਂ ਜਜ਼ਬੇ ਲੜਦੇ ਵੇਖੇ ਨੇ
ਡਾਹ ਦਿਓ ਸਾਨੂੰ ਜਿੱਥੇ ਮਰਜ਼ੀ, ਭਾਵੇਂ ਜੁੱਸੇ 'ਕਹਿਰੇ ਨੇ'
ਝੂਠ ਤੇ ਖੁਲਮ-ਖੁੱਲ੍ਹਾ ਫਿਰਦਾ ਡੱਕਣ ਵਾਲਾ ਕਿਹੜਾ ਏ
ਸੱਚ ਦੇ ਬੂਹੇ ਉੱਤੇ, 'ਬਿਸਮਿਲ' ਅੱਜ ਵੀ ਕਿੰਨੇ ਪਹਿਰੇ ਨੇ

(ਲਹਿਰਾਂ-ਲਾਹੌਰ)



ਨਜ਼ਮ

## ਚੁੱਪ ਨਹੀਂ ਰਹਿ ਹੁੰਦਾ / *ਹਰਭਜਨ ਸਿਘ ਹੁੰਦਲ*

ਕੁਫ਼ਰ ਦਾ ਪਾਣੀ ਚੜ੍ਹ ਆਇਆ ਹੈ
ਗਲ ਗਲ ਤੀਕ
ਕਪਟ ਕੱਛਾਂ ਵਜਾਉਂਦਾ ਫਿਰਦਾ ਹੈ
ਗਲੀ ਗਲੀ
ਫਸਾਦੀ ਘਰਾਂ ਅੰਦਰ ਘੁਸ ਆਏ ਨੇ
ਲਹੂ-ਲਿੱਬੜੇ ਛੁਰਿਆਂ ਸਮੇਤ
ਤੇ ਕੁਰਸੀਆਂ ਉੱਤੇ ਆਣ ਬੈਠੇ ਨੇ
ਮੁਖੌਟੇ ਬਦਲ ਬਦਲ ਕੇ ਹਤਿਆਰੇ।

ਇਨਸਾਫ਼ ਦੀ ਦੇਵੀ ਮਰ ਗਈ ਹੈ
ਅੰਨ੍ਹੇ ਖੂਹ ਵਿਚ ਛਾਲ ਮਾਰ ਕੇ।
ਫਰਿਆਦੀ ਬੂਹੇ ਤੇ ਦਸਤਕਾਂ ਦਿੰਦੇ
ਹੋ ਗਏ ਨੇ ਨਿਢਾਲ,
ਤੇ ਕਰਾਂਤੀ ਤੁਰਦੀ ਤੁਰਦੀ
ਅਟਕ ਗਈ ਹੈ ਰਾਹ ਵਿਚ ਕਿਧਰੇ,
ਵਜ਼ੀਰਾਂ ਦੇ ਮੂੰਹਾਂ ਨੂੰ ਲੱਗ ਗਿਆ ਹੈ ਲਹੂ
ਤੇ ਹਾਬੜੀ ਫਿਰਦੀ ਹੈ ਅਫਸਰਾਂ ਦੀ ਹੇੜ।

ਪੁਲਸ ਦੀ ਲਾਠੀ ਘੁੰਮਦੀ ਹੈ ਗਲੀਆਂ ਵਿਚ
ਸ਼ਾਂਤੀ ਦੀ ਤਲਾਸ਼ ਕਰਦੀ
ਤੇ ਬਾਬਿਆਂ ਦੀ ਸੂਮੋ ਨਿਕਲੀ ਹੈ
ਕਾਲੇ ਵਿਸ਼ਵਾਸ਼ਾਂ ਦੀ ਸੁੱਕਦੀ ਫਸਲ ਨੂੰ
ਪਾਣੀ ਦੇਣ ਵਾਸਤੇ।

ਹੁਣ ਤੇ ਪੈਰ ਪੈਰ ਉੱਤੇ ਚੱਪਣੀ ਵਿੱਚ
ਡੁੱਬ ਕੇ ਮਰ ਜਾਣ ਵਰਗੀ ਅਵਸਥਾ ਹੈ।
ਹੁਣ ਤੇ ਸਭ ਕੁਝ ਹੀ ਰੁੜ੍ਹਦਾ ਜਾਂਦਾ ਹੈ
ਰਿਸ਼ਵਤ ਦੇ ਗੰਦੇ ਪਾਣੀਆਂ ਅੰਦਰ।
ਹੁਣ ਤੇ ਥਾਲੀ ਵਿਚ ਪਰੋਸ ਕੇ
ਸਾਰਾ ਭਾਰਤ ਹੀ ਰੱਖ ਦਿੱਤਾ ਗਿਆ ਹੈ

ਨੀਲਾਮ-ਘਰ ਦੇ ਵਿਹੜੇ ਅੰਦਰ।
ਅੱਖਰ ਸ਼ਰਮਿੰਦਾ ਨੇ
ਲਫਜ਼ ਲੰਗੜੇ ਨੇ
ਤੇ ਗੀਤ ਗੁੰਗੇ

ਜੇ ਇੰਝ ਹੀ ਚਲਦਾ ਰਿਹਾ ਘਟਨਾ-ਕਰਮ
ਦਾ ਇਹ ਸਿਲਸਿਲਾ
ਜੇ ਇਸ ਤਰਾਂ ਹੀ ਜੁਰਮਾਂ ਦਾ ਹੁੰਦਾ ਰਿਹਾ
ਲੜੀ-ਵਾਰ ਨੰਗਾ-ਚਿੱਟਾ ਪਰਦਰਸ਼ਣ
ਤਾਂ ਖੁੱਲ ਕੇ ਸਾਹ ਲੈਣਾ ਵੀ
ਹੋ ਜਾਣਾ ਹੈ ਔਖਾ ਪ੍ਰਤੀਤ
ਤੇ ਚੁੱਪ ਰਹਿਣਾ ਹੋਰ ਵੀ ਮੁਸ਼ਕਿਲ।

ਚੁੱਪ ਰਹਿਣਾ
ਗੁੰਡਿਆਂ ਨਾਲ ਸਮਝੌਤਾ ਕਰਨ ਦਾ ਨਾਂ ਹੈ
ਚੁੱਪ ਰਹਿਣਾ
ਕਾਤਲਾਂ ਦੀ ਟੋਲੀ ਦਾ ਅੰਗ ਬਣ ਜਾਣ ਦਾ ਸਬੂਤ ਹੈ
ਚੁੱਪ ਰਹਿਣਾ
ਬੇਸ਼ਰਮੀ ਦੇ ਪਾਣੀਆਂ ਅੰਦਰ
ਡੁੱਬ ਕੇ ਮਰ ਜਾਣ ਦੇ ਬਰਾਬਰ ਹੈ
ਚੁੱਪ ਰਹਿਣਾ
ਕੰਜਰੀ ਦੇ ਚੁਬਾਰੇ ਚੜ੍ਹਨ ਵਰਗਾ ਕਰਮ ਹੈ
ਚੁੱਪ ਰਹਿਣਾ
ਘਾਤਮਘਾਤ ਦਾ ਨਵਾਂ ਨਾਮ ਹੈ

ਹੁਣ ਚੁੱਪ ਨਹੀਂ ਰਹਿ ਹੁੰਦਾ
ਨਹੀਂ ਰਹਿ ਹੁੰਦਾ ਚੁੱਪ ਹੁਣ ਸਾਥੋਂ
ਕਿ ਚੁੱਪ ਰਹਿਣਾ ਸੰਭਵ ਹੀ ਨਹੀਂ ਹੈ!

*(27-3-2001)*

-0-0-0-





# ਪਗਡੰਡੀ ਤੇ ਰਾਹਗੀਰ / *ਭਗਵਾਨ ਢਿੱਲੋਂ*

ਕਲ ਕਲ ਕਰਦੇ ਨਿਰਮਲ ਪਾਣੀਆਂ ਵਿੱਚ
ਕਿਸ ਗਿਰਗਿਟ ਨੇ ਠੇਲ੍ਹ ਦਿੱਤੀ ਹੈ ਕਿਸ਼ਤੀ
ਕਿ ਜਿਨ੍ਹਾਂ ਨੇ ਸਰਫਰੋਸ਼ੀ ਦੀ ਤਮੰਨਾ
ਤਲੀਆਂ ਤੇ ਰੱਖਣੀ ਸੀ
ਤੇ ਬਸੰਤੀ ਚੋਲੇ ਰੰਗਾਉਣ ਲਈ ਲੱਭਣੇ ਸਨ ਲਲਾਰੀ
ਲੱਗਦਾ ਉਹਨਾਂ ਦੇ ਰੰਗ ਖੁਰ ਗਏ ਨੇ
ਤੇ ਨਜ਼ਰਾਂ ਤੋਂ ਹੋ ਗਿਆ ਹੈ ਓਝਲ
ਅੰਬਰਾਂ ਦੇ ਕਿੰਗਰਿਆਂ ਤੇ ਟਿਮਟਿਮਾਂਦਾ ਧਰੂ-ਤਾਰਾ
ਚੜ੍ਹਦੇ ਸੂਰਜ ਦੀ ਲਾਲੀ ਤੇ
ਪੈ ਗਿਆ ਹੈ ਕੇਸਰੀ ਰੰਗ ਦੇ ਬੱਦਲ ਦਾ ਪਰਛਾਵਾਂ
ਏਸ ਤ੍ਰਿਸ਼ੂਲਾਂ ਦੇ ਜੰਗਲ 'ਚ
ਡਰੇ ਖਰਗੋਸ਼ ਜੇਹਾ ਸਾਡਾ ਇਹ ਪਾਂਧੀ
ਬੜੀ ਦੱਬੀ ਤੇ ਕੰਬਦੀ ਆਵਾਜ਼ 'ਚ ਆਖਦਾ ਹੈ
ਕਿ ਐਨਾ ਤਾਂ ਦੱਸ ਦਿਓ
ਮੈਂ ਕਿਧਰ ਨੂੰ ਆਵਾਂ ਤੇ ਕਿਧਰ ਨੂੰ ਜਾਵਾਂ
ਉਹ ਜੋ ਬਨਣਾ ਚਾਹੁੰਦੇ ਨੇ ਵਕਤ ਦੇ ਸਿਕੰਦਰ
ਤੇ ਕਿਲੇ ਦੀ ਫਸੀਲ ਤੇ ਚੜ੍ਹਕੇ ਆਂਹਦੇ ਨੇ
ਕਿ ਸੌ ਫੁੱਲ ਖਿੜਨ ਦਿਓ
ਹਾਂ ਹਾਂ, ਸੌ ਫੁੱਲ ਖਿੜਨ ਦਿਓ
ਤੁਸੀਂ ਜੰਮ ਜੰਮ ਖਿੜਾਓ
ਗੇਂਦਾ, ਗੁਲਾਬ, ਸੂਰਜਮੁਖੀ ਤੇ ਚਾਹੇ ਰਾਤ ਦੀ ਰਾਣੀ
ਚਾਹੇ ਖਿੜਾਓ ਗੁਲਮੋਹਰਾਂ ਦੇ ਬਾਗਾਂ ਦੇ ਬਾਗ
ਇਹਨਾਂ ਫੁੱਲਾਂ ਦੀ ਖੁਸ਼ਬੂ
ਤੇ ਦੀਵਾਨੇ ਖਾਸ ਦੀ ਪੌੜੀ ਦਾ ਵਾਸਤਾ
ਆਪਣੀ ਬੁਝ ਰਹੀ ਕਾਂਗੜੀ ਦੇ ਕੋਲੇ ਮਘਾਓ
ਤੇ ਦਿੱਲੀ ਸ਼ਹਿਰ ਦੀ ਖੂਬਸੂਰਤ ਝੀਲ ਚੋਂ
ਔਹ ਕੰਵਲ ਦਾ ਫੁੱਲ ਖਿੜਨੋਂ ਹਟਾਓ।

*ਹਲਵਾਰਾ (ਲੁਧਿਆਣਾ)*

## ਡਾ. ਇੰਦਰ ਕੌਰ

### 1. ਮੈਂ ਸੋ ਗਰੀਬ ਕਰੋਰ ਪਰੇ

ਦਿਸ ਪੈਂਦਾ ਏ
ਦੂਰੋਂ
ਬਹੁਤ ਦੂਰੋਂ
ਨਿਸ਼ਾਨ
ਖਾਲਸੇ ਦਾ
ਪਰ
ਢੂੰਡ-ਢੂੰਡ ਹਾਰੀ ਆਂ
ਉਸ ਖਾਲਸੇ ਨੂੰ
ਕੀਤਾ ਸੀ ਸਿਜਦਾ
ਜਿਸ ਅੱਗੇ
ਕਲਗੀਧਰ ਨੇ ਵੀ!

### 2. ਕਿਆ ਮੇਰਾ ਕਿਆ ਤੇਰਾ

ਸਿਰਜਣਹਾਰ ਮੇਰੇ
ਦੇਈਂ ਨਾ ਮੈਨੂੰ
ਮੌਤ ਐਸੀ
ਵਰਤ ਲੈਣ ਜਿਸ ਨੂੰ
ਪੌੜੀ ਇਹ
ਰਿਸ਼ਤੇ ਮੇਰੇ
ਤਾਂ ਜੋ
ਮਿੱਟੀ ਮੇਰੀ
ਖੰ ਸਕੇ
ਪਾਰ ਕੁਝ ਉਨ੍ਹਾਂ ਦੀ ਵੀ
ਜਿਨ੍ਹਾਂ ਦੀ ਫ਼ਿਕਰ ਕਰਨੋਂ
ਖੁੰਝਦੀ ਈ ਰਹੀ
ਤਾ ਉਮਰ
ਅਤੇ
ਵੱਗਣ ਵਾਵਾਂ ਐਸੀਆਂ
ਕੇਰ ਦੇਣ ਜਿਹੜੀਆਂ
ਕਿੰਲਿਆਂ
ਹਉਮੈਂ ਦਿਆਂ ਨੂੰ
ਰੇਤਲ ਮਹਿਲਾਂ ਵਾਂਗ
ਠੁੱਕੇ ਪਏ ਨੇ ਜੋ
ਖ਼ੁਦਗਰਜ਼ੀ ਨਾਲ
ਅੰਨ੍ਹਿਆਂ ਦੀਆਂ
ਧੌਣਾਂ 'ਚ
ਕਿਉਂ ਜੁ
ਹੁੰਦੀ ਏ
ਜ਼ਰੂਰੀ ਬਹੁਤ ਈ
ਜੁਰਤ
ਭੌਂਇ ਨਾਲ਼!

### 3. ਚੰਨ ਤੇ ਮੈਂ

ਮੇਰੇ ਸੰਗ-ਸੰਗ ਤੁਰਦਿਆ ਚੰਨਾ
ਜਾਪਨੈ
ਮੈਨੂੰ ਤੂੰ
ਵਖਰੇ ਈ
ਕਿਸੇ ਲੋਕ ਦਾ
ਹੋਣੈ ਜੋ
ਬੜਾ ਜੋਤਮਈ
ਸੱਚਾ-ਸੁੱਚਾ
ਖੰਡ ਕੋਈ
ਸੁਰਗ ਦਾ!

ਦੇ ਰਿਹਾ ਤੂੰ ਸਾਥ ਮੇਰਾ
ਹੋ ਕੇ ਨਿਸ਼ਕਾਮ
ਵੰਡਾਉਂਦਿਆਂ ਪੀੜ ਮੇਰੀ
ਨਹੀਂ ਤੱਕਿਆਂ ਤੈਨੂੰ ਕਦੀ ਵੀ
ਮੱਥੇ 'ਤੇ ਵੱਟ ਪਾਉਂਦਿਆਂ
ਹੋਵੇ ਜਿਵੇਂ ਕੋਈ
ਸਾਖਿਆਤ ਬ੍ਰਹਮਰਿਸ਼ੀ!

ਮਾਣਦਿਆਂ ਤੇਰਾ ਸੰਗ-ਸਾਥ
ਲਗਦੇ ਬੜੇ ਓਪਰੇ-ਓਪਰੇ
ਰਿਸ਼ਤੇ ਇਹ ਦੁਨਿਆਵੀ
ਹਰ ਕੋਈ ਜਿੱਥੇ
ਚਲਦਾ ਪਿਆ ਚਾਲਾਂ
ਬਣਾ ਕੇ ਪੌੜੀ
'ਆਪਣਿਆਂ' ਦੇ ਸਿਰ ਨੂੰ ਈ
ਸੁੱਖਾਂ ਦੀ ਟੀਸੀ 'ਤੇ
ਚੜ੍ਹ ਬੈਠਣ ਦੀਆਂ!

*1000/3 B2, ਮੁਹਾਲੀ (ਰੋਪੜ)*





## ਊਠ ਦੇ ਮੂੰਹ 'ਚ ਜ਼ੀਰਾ / ਮਦਨ ਵੀਰਾ

ਭੋਰਾ ਕੁ ਸੁੱਖ ਸਹੂਲਤਾਂ ਦੀ ਓਟ ਨੇ ਹੀ ਸਾਨੂੰ
ਨਿਓਟੇ ਰੱਖਿਆ
ਅਸੀਂ ਲਾਰਿਆ ਵਾਅਦਿਆਂ ਦੇ ਫਰੇਬੀ ਜਾਲ 'ਚ
ਉਲਝਦੇ ਅਸਤਦੇ ਉਡੀਕਦੇ ਰਹੇ
ਖ਼ੈਰਾਤ 'ਚ ਮਿਲਣ ਵਾਲੇ ਰਾਖਵੇਂ ਹੱਕਾਂ ਨੂੰ
ਮਾਲਕ ਦੀਆਂ ਰਹਿਮਤਾ ਨੂੰ
ਬਖਸ਼ਿਸ਼ਾਂ ਨੂੰ
ਜਿਵੇਂ ਡਿਉੜੀ ਦੇ ਬਾਹਰ ਬੈਠਾ ਪਾਲਤੂ
ਉਡੀਕਦਾ ਹੈ ਬੁਰਕੀ ਨੂੰ ਚੱਪੇ ਨੂੰ
ਗਿਣਤੀਆਂ ਮਿਣਤੀਆਂ ਲੋੜਾਂ ਦੇ ਇਵਜ਼ 'ਚ
ਅਸੀਂ ਜਰ ਲਿਆ ਨੀਵੀਂ ਜਾਤ ਦਾ ਮਿਹਣਾ
ਅਸੀਂ ਝੱਲ ਲਈ ਸੀ ਧੀ ਗਾਲ੍ਹ
ਚੁੱਪ ਚਾਪ ਸਹਿ ਲਈ ਹਰ ਵਧੀਕੀ
ਰੱਬੀ ਰਜ਼ਾ ਵਾਂਗ ਮੰਨ ਲਿਆ ਹਰ ਹੁਕਮ
ਜਿਵੇ ਸਰਕਸ ਦਾ ਜਾਨਵਰ
ਰਿੰਗ ਮਾਸਟਰ ਦੇ ਬਚਨ ਪਾਲਦਾ ਹੈ
ਜਿਉਂਦੇ ਰਹਿਣ ਦੀ ਸ਼ਰਤ ਤੇ
ਅਸੀਂ ਛੱਡ ਦਿੱਤੇ ਸਭ ਹੱਕ ਹਕੂਕ
ਗਵਾ ਲਿਆ ਤਾਣ
ਟੁੱਟ ਗਿਆ ਮਾਣ
ਸਮਝ ਲਿਆ ਕਿ
ਢਿੱਡ ਦੀ ਭੁੱਖ ਨਰਕ ਤੋਂ ਬੁਰੀ ਹੈ
ਮੰਨ ਲਿਆ ਭਾਣੇ ਨੂੰ ਮਿੱਠਾ ਕਰਕੇ
ਸਿਰ ਝੁਕਾ ਕੇ

ਹੁਣ ਸਾਡੀ ਹੋਂਦ
ਊਠ ਦੇ ਮੂੰਹ 'ਚ ਜ਼ੀਰੇ ਵਰਗੀ ਹੈ
ਅਸੀਂ ਭੁੱਲ ਗਏ ਹਾਂ ਆਪਣਾ ਨਾਂ
ਵਿਸਰ ਗਏ ਹਾ ਆਪਣੀ ਥਾਂ

ਨਾਂ ਵਿਛੂਨੇ
ਥਾਂ ਵਿਹੂਣੇ
ਅੰਦਰੋਂ ਸੱਖਣੇ
ਬਾਹਰੋਂ ਊਣੇ
ਪਿੰਡਾਂ ਦੀਆ ਠੱਠੀਆਂ ਤੋਂ ਲੈ ਕੇ
ਮਹਾਂ ਨਗਰਾਂ ਦੇ ਫੁੱਟਪਾਥਾਂ ਤੱਕ
ਠੇਡੇ ਖਾਂਦੇ ਭ ਟਕ ਰਹੇ ਹਾਂ
ਮਸਨੂਈ ਚਾਨ ਣ ਦੀ ਲੋਅ ਵਿੱਚ
ਬਿਜਲੀ ਦੇ ਖੰਭੇ ਦੀਆਂ ਤਾਰਾਂ 'ਚ
ਜੰਗਲੀ ਕਿਸੇ ਪਰਿੰਦੇ ਵਾਂਗੂੰ
ਪੁੱਠੇ ਹੋ ਕੇ ਲਟਕ ਰਹੇ ਹਾਂ।

*(92/3, ਸ਼ਾਲੀਮਾਰ ਨਗਰ, ਜੋਧਾਮੱਲ ਰੋਡ, ਹੁਸ਼ਿਆਰਪੁਰ।*

••••

## ਨਿੱਕੀਆਂ ਕਵਿਤਾਵਾਂ/*ਤ੍ਰੈਲੋਚਣ ਲੋਚੀ*

**1. ਨੀ ਕੁੜੀਓ**
ਨੀ ਕੁੜੀਓ-ਨੀ ਚਿੜੀਓ ਜਾਗੋ
ਜੰਮਣ ਤੋਂ ਪਹਿਲਾਂ ਕਿਉਂ ਮਰਨਾ
ਨਾਲ ਜੱਗ ਦੇ ਪੈਣਾ ਲੜਨਾ

**2. ਵੇਹੜਾ**
ਜੇਹੜੇ ਘਰ ਵਿੱਚ ਕੁੜੀਆਂ-ਚਿੜੀਆਂ
ਵੇਹੜਾ ਭਰਿਆ ਭਰਿਆ ਲੱਗੇ
ਪਰ ਲੋਕਾਂ ਦੀ ਸਮਝ ਨਾ ਆਵੇ

**3. ਮੇਰੀ ਬੱਚੀ**
ਮੇਰੀ ਨਿੱਕੀ ਪਿਆਰੀ ਬੱਚੀ
ਜਦੋਂ ਕਿਤਾਬਾਂ ਨਾਲ ਖੇਡਦੀ
ਮੈਨੂੰ ਪੂਰੀ ਦੁਨੀਆਂ ਲੱਗੇ

**4. ਸੜਕਾਂ**
ਪੈਰਾਂ ਹੇਠ ਨੇ ਰੁਲਦੀਆਂ ਸ ੜ ਕਾਂ
ਫਿਰ ਵੀ ਹੌਕਾ ਨਹੀਂ ਭਰਦੀਆਂ
ਕਿਤੇ ਨਾ ਐਸਾ ਸਿਦਕ ਦੇਖਿਆ

*20-ਸੈਕੰਡ ਫਲੋਰ, ਐਚ.ਆਈ.ਜੀ. ਫਲੈਟਸ, ਰਾਜਗੁਰੂ ਨਗਰ, ਲੁਧਿਆਣਾ।*





# ਮੋਏ ਰਿਸ਼ਤਿਆਂ ਦੀ ਕਥਾ/*ਜਸਬੀਰ ਸਿੰਘ ਰਾਣਾ*

ਅਜੇ ਤਾਂ ਮੇਰੇ ਪੁੱਤ ਜੱਗੀ ਦਾ ਸਿਵਾ ਵੀ ਠੰਡਾ ਨਹੀਂ ਸੀ ਹੋਇਆ। ਤੇ ਵਕਤ ਮੇਰੇ ਨਾਲ ਇਸ ਤਰ੍ਹਾਂ ਝਗੜੇਗਾ। ....ਮੈਂ ਕਦੇ ਸੋਚਿਆ ਤੱਕ ਨਹੀਂ ਸੀ। ਪਰ ਜੋ ਵੀ ਮੈਂ ਸੁਣਿਆ ਉਹ ਸੱਚ ਸੀ। ਅੱਕ ਨਾਲੋਂ ਵੀ ਕੌੜਾ ਸੱਚ।

ਸਵੇਰ ਦਾ ਸਾਰਾ ਘਰ ਭਾਂਅ-ਭਾਂਅ ਕਰ ਰਿਹਾ ਸੀ। ਮੈਨੂੰ ਅੱਚਵੀ ਲੱਗੀ ਪਈ ਸੀ। ਕੜੀ ਵਰਗੇ ਜਵਾਨ-ਜਹਾਨ ਪੁੱਤ ਦੀ ਮੌਤ ਦਾ ਦੁੱਖ ਕੀ ਹੁੰਦਾ, ਇਹ ਸਿਰਫ ਮੈਂ ਹੀ ਜਾਣਦਾ ਸੀ। ਇਹ ਮੈਨੂੰ ਹੀ ਪਤਾ ਸੀ ਕਿ ਪੁੱਤ ਦੀ ਅਰਥੀ ਨੂੰ ਫਾਸਣਾ ਲਾ ਕੇ ਮੜ੍ਹੀਆਂ ਤੱਕ ਮੈਂ ਕਿਵੇਂ ਪਹੁੰਚਿਆ ਸੀ।

ਅਜੇ ਤਾਂ ਜੱਗੀ ਦੇ ਤੁਰ ਜਾਣ ਦਾ ਦੁੱਖ ਹੀ ਨਹੀਂ ਸੀ ਮੁੱਕਿਆ। ਉੱਤੋਂ ਆਹ ਕੁਫਰ....।

ਕੀਹਨੂੰ ਸੁਣਾਉਂਦਾ ਮੈਂ ਬੜਾ ਦੁੱਖ? ਕੌਣ ਰਹਿ ਗਿਆ ਸੀ ਮੇਰਾ ਇਸ ਜੱਗ 'ਤੇ? ...ਬੱਸ ਇਕ ਦੁੱਖਾਂ-ਸੁੱਖਾਂ ਦੀ ਸਾਥਣ ਸੀ ਮੇਰੀ ਘਰਆਲੀ, ਹਰਬੰਸ ਕੌਰ।

ਉਹਨੂੰ ਵੀ ਕੀ ਦੱਸਦਾ.....?

ਉਹ ਕਿਹੜਾ ਚੰਦਰੀ ਕੁਸ਼ ਦੱਸਣ-ਪੁੱਛਣ ਵਾਲੀ ਸਥਿਤੀ ਵਿਚ ਰਹੀ ਸੀ। ਓਦਣ ਜੱਗੀ ਦਾ ਮੌਤ ਦਾ ਸੁਨੇਹਾ ਸੁਣਦਿਆਂ ਹੀ ਉਹਨੂੰ ਤਾਂ ਅਟੈਕ ਜਿਹਾ ਹੋ ਗਿਆ ਸੀ। ਪਤਾ ਨਹੀਂ ਇਕੋ-ਲਖਤ ਕੀ ਕੁਦਰਤ ਦਾ ਭਾਣਾ ਵਰਤਿਆ। ਐਧਰ ਸੁਨੇਹਾ ਦੇਣ ਵਾਲਾ ਬੰਦਾ ਘ਼ੁੱਪ ਕਰਿਆ। ਓਧਰ ਮੇਰੇ ਦੇਖਦੇ ਹੀ ਦੇਖਦੇ ਉਹ ਜਿਉਂਦੀ ਹੀ ਮੁਰਦਿਆਂ ਵਿਚ ਜਾ ਰਲੀ ਸੀ। ਥਾੜ ਦੇਣੇ ਹੇਠਾਂ ਡਿੱਗ ਪਈ।

"ਹਰਬੰਸ! ....ਹਰਬੰਸ.....!!" ਮੈਂ ਬਥੇਰਾ ਬੁਲਾਇਆ। ਪਰ ਡਿੱਗਣਸਾਰ ਹੀ ਚੰਦਰੀ ਦੀ ਜ਼ੁਬਾਨ ਠਾਕੀ ਗਈ। ਸੱਜੀ ਅੱਖ ਤੋਂ ਲੈ ਕੇ ਪੈਰ ਦੇ 'ਗੂਠੇ ਤੱਕ ਇਕ ਪਾਸਾ ਉੱਕਾ ਹੀ ਮੁਰਦਾਰ ਹੋ ਗਿਆ। ਪੁੱਤ ਦਾ ਦੁੱਖ ਛਾਤੀ ਅੰਦਰ ਹੀ ਦਫਨ ਕਰ ਉਹਨੇ ਮੰਜਾ ਫੜ ਲਿਆ ਸੀ।

ਖੜ੍ਹਾ ਖੜ੍ਹਾ ਮੈਂ ਹਰਬੰਸ ਕੁਰ ਦੇ ਮੰਜੇ ਕੰਨੀ ਨੂੰ ਝਾਕਿਆ। ਮੰਜੇ ਵਿਚ ਪਈ ਉਹ ਇਕ ਟੱਕ ਮੇਰੇ ਕੰਨੀ ਨੂੰ ਝਾਕੀਂ ਜਾ ਰਹੀ ਸੀ। ਉਹਦੇ ਮੂੰਹ 'ਤੇ ਅੰਤਾਂ ਦੀ ਬੇਵਸੀ ਸੀ। ਉਹ ਬੜਾ ਕੁਝ ਦੱਸਣਾ-ਪੁੱਛਣਾ ਚਾਹੁੰਦੀ ਸੀ। ਉੱਠ ਕੇ ਹਰ ਗਲਤ ਗੱਲ ਦਾ ਵਿਰੋਧ ਕਰਨਾ ਚਾਹੁੰਦੀ ਸੀ। ਪਰ ਬੋਲਣ-ਉੱਠਣ ਤੋਂ ਆਵਾਜ਼ਾਰ ਸੀ।

ਉਹਦੇ ਵੱਲ ਵੇਖ ਕੇ ਮੇਰੇ ਅੰਦਰਲਾ ਦਰਦ ਦੁੱਗਣਾ ਹੋ ਗਿਆ। ਮੈਂ ਪਰ੍ਹਾਂ ਨੂੰ ਮੂੰਹ ਭੁਆ ਲਿਆ। ਦਿਲ ਜਿਹਾ ਕਰੜਾ ਕਰ ਬਾਹਰ ਆ ਗਿਆ। ਵਰਾਂਡੇ ਵਿਚ ਖੜ੍ਹਕੇ ਪਰ੍ਹਾਂ ਸੜਕ ਕੰਨੀ ਨੂੰ ਨਿਗਾਹ ਮਾਰੀ।

ਪਰ ਸੜਕ ਅਜੇ ਖਾਲੀ ਸੀ। ਮੈਂ ਕੰਧ 'ਤੇ ਟੰਗੇ ਕਲਾਕ ਤੋਂ ਵਕਤ ਵੇਖਿਆ। ਦੋ ਵੱਜਣ ਵਾਲੇ ਸਨ। ਲਿੰਕ-ਰੋਡ ਹੋਣ ਕਾਰਨ ਸੜਕ ਆਮ ਵੀ ਖਾਲੀ ਜਿਹੀ ਹੀ ਰਹਿੰਦੀ। ਦੋ-ਚਾਰ ਮਿੰਨੀ ਬੱਸਾਂ ਦੇ ਆਉਣ ਜਾਣ ਦਾ ਵਕਤ ਤੈਅ ਸੀ। ਉਂਝ ਵੀ ਕੋਈ ਟਾਵਾਂ-ਟੱਲਾ ਰਾਹੀ ਹੀ ਲੰਘਦਾ।

"ਹੇ ਵਾਹਿਗੁਰੂ... ਤੂੰ ਹੀ ਐਂ..." ਘੁੰਮਦੀ-ਘੁੰਮਦੀ ਮੇਰੀ ਨਜ਼ਰ ਗੁਰਦੁਆਰੇ ਵਾਲੇ ਨਿਸ਼ਾਨ ਸਾਹਿਬ 'ਤੇ ਜਾ ਟਿਕੀ। ਮੇਰਾ ਸਿਰ ਸ਼ਰਧਾ ਨਾਲ ਝੁਕ ਗਿਆ। ਜਦੋਂ ਮੈਂ ਦੁਬਾਰਾ ਉਤਾਂਹ ਨੂੰ ਝਾਕਿਆ ਗੁਰਦੁਆਰੇ ਮੂਹਰਲੀ ਪੁਲੀ ਕੋਲ ਇਕ ਬੰਦਾ ਕੁਲਫੀਆਂ ਵਾਲਾ ਰਿਕਸ਼ਾ ਲਈ ਆ ਰਿਹਾ ਸੀ। ਪਤਾ ਨਹੀਂ ਕੁਲਫੀਆਂ ਵੇਚ ਕੇ ਮੁੜਿਆ ਸੀ ਜਾਂ ਵੇਚਣ ਜਾ ਰਿਹਾ ਸੀ।

ਮਗਰ ਜਿਨ੍ਹਾਂ ਦੀ ਮੈਨੂੰ ਉਡੀਕ ਸੀ ਉਨ੍ਹਾਂ 'ਚੋਂ ਅਜੇ ਤੱਕ ਕੋਈ ਨਹੀਂ ਸੀ ਬਹੁੜਿਆ। ਚੁਪਾਸੇ ਖੜ੍ਹੀਆਂ ਫਸਲਾਂ ਤੋਂ ਦੀ ਨਿਗਾਹ ਘੁੰਮਾਉਂਦਾ ਹੋਇਆ ਮੈਂ ਮੁੜ ਅੰਦਰ ਆ ਪਰਤਿਆ।

"ਅ..... ਆ..... ਅ..... ਆ.......?" ਕਮਰੇ ਅੰਦਰ ਵੜਦਿਆਂ ਹੀ ਮੰਜੇ ਨਾਲ ਮੰਜਾ ਹੋਈ

ਪਈ ਹਰਬੰਸ ਕੁਰ ਦੇ ਮੂੰਹੋਂ ਅਜੀਬ ਜਿਹੀ ਆਵਾਜ਼ ਨਿਕਲੀ।

ਅਟੈਕ ਤੋਂ ਬਾਅਦ ਉਹ ਔਕੜਾਂ ਬੋਲਦੀ। ਆਮ ਬੰਦੇ ਲਈ ਤਾਂ ਉਸ ਦੀਆਂ ਆਵਾਜ਼ਾਂ ਬੇ-ਅਰਥ ਹੀ ਸਨ। ਪਰ ਮੈਨੂੰ ਉਹਦੇ ਹਰ ਇਸ਼ਾਰੇ ਤੇ ਆਵਾਜ਼ ਦਾ ਅਰਥ ਪਤਾ ਸੀ। ਮੈਂ ਸਮਝ ਗਿਆ ਉਹ ਕੀ ਪੁੱਛ ਰਹੀ ਸੀ।

"ਅਜੇ ਤਾਂ ਆਏ ਨੀ ....।" ਉਸ ਦੀਆਂ ਅੱਖਾਂ ਵਿਚ ਝਾਕ ਕੇ ਮੈਂ ਧੁਰ ਤੱਕ ਪਿਘਲ ਗਿਆ। ਮੈਥੋਂ ਬਹੁਤਾ ਚਿਰ ਉਸ ਦੀਆਂ ਨਜ਼ਰਾਂ ਦਾ ਸਾਹਮਣਾ ਨਾ ਹੋਇਆ। ਪਿੱਠ ਭੁਆ ਕੇ ਕੰਧ 'ਤੇ ਟੰਗੀ ਜੱਗੀ ਦੀ ਫੋਟੋ ਕੰਨੀ ਨੂੰ ਝਾਕਣ ਲੱਗ ਪਿਆ।

ਮੇਰਾ ਪੁੱਤ ਜੱਗੀ। ਸੋਹਣਾ-ਸੁਨੱਖਾ ਗੱਭਰੂ। ਸੁਰਮਈ ਕੋਟ ਨਾਲ ਚਿੱਟੀ ਸ਼ਰਟ। ਸਿਰ 'ਤੇ ਨਾਭੀ ਰੰਗ ਦੀ ਪੱਗ ਤੇ ਐਸੇ ਰੰਗ ਦੀ ਟਾਈ। ਅੱਧ-ਕਤਰੀ ਦਾੜ੍ਹੀ ਨਾਲ ਤਿੱਖੀਆਂ ਬਰੀਕ ਮੁੱਛਾਂ। ਸਿੱਧਾ ਹੀ ਝਾਕ ਰਿਹਾ ਸੀ। ਜਿਵੇਂ ਹੁਣੇ ਬੋਲ ਪਊਗਾ। ਕਿੰਨਾ ਜੱਚ ਰਿਹਾ ਸੀ ਫੋਟੋ ਵਿਚ।

ਓਦਣ ਵੀ ਸਹੁਰਾ ਬਹੁਤ ਜਚ ਰਿਹਾ ਸੀ। ਐਕਣੇ ਪੂਰੀ ਟੌਹਰ ਲਾਈ ਹੋਈ। ਸਵੇਰੇ ਹੀ ਮੋਟਰ ਸਾਇਕਲ ਲੈ ਕੇ ਨਾਭੇ ਸੱਭਿਆਚਾਰਕ ਮੇਲਾ ਵੇਖਣ ਗਿਆ। ਕਹਿੰਦਾ ਸੀ, "ਬਾਪੂ ਜੀ!.... ਕਲੱਬ ਆਲੇ ਮੁੰਡੇ ਮੇਰੇ ਮਿੱਤਰ ਨੇ...। ਹਾਸਾ ਠੱਠਾ ਚੱਲੂ...। ਸਾਰਾ ਦਿਨ ਗਾਉਣ-ਵਜਾਉਣ ਚੱਲਣਾ। ਆਉਣ ਲੱਗਿਆਂ ਜੇ ਲੇਟ-ਲੇਟ ਹੋ ਗਿਆ ਤਾਂ ਫਿਕਰ ਨਾ ਕਰਿਓ...।"

"ਹੱਸੀਂ-ਖੇਡੀਂ ਜਿਮੇਂ ਮਰਜ਼ੀ...।....ਪਰ ਖਬਰਦਾਰ ਮੁੰਡਿਆ...ਜੇ ਉਥੇ ਸ਼ਰਾਬ ਨੂੰ ਮੂੰਹ ਵੀ ਲਾਇਆ.....।" ਜਾਣ ਲੱਗੇ ਨੂੰ ਹਰਬੰਸ ਕੁਰ ਨੇ ਤਾੜਨਾ ਕੀਤੀ।

ਮੈਂ ਵੀ ਬਥੇਰਾ ਘੂਰਿਆ। ਬਹੂ ਨਵਦੀਪ ਨੇ ਅੱਡ ਸਮਝਾਇਆ।

"ਓਏ ਨਹੀਂ ਪੀਂਦਾ ਬਾਬਾ....!" ਸਾਨੂੰ ਤਿੰਨਾਂ ਨੂੰ ਭਰੋਸਾ ਦਿਵਾ ਕੇ ਉਹ ਚਲਿਆ ਤਾਂ ਗਿਆ. ... ਪਰ ਸਾਬਤਾ ਨਹੀਂ ਸੀ ਪਰਤਿਆ।

ਰਾਤ ਨੂੰ ਉਹਦੀ ਲਾਸ਼ ਹੀ ਘਰੇ ਆਈ। ਬਹੁਤੀ ਪੀਤੀ ਹੋਈ 'ਚ ਕਹਿੰਦੇ ਟਰੱਕ ਵਿਚ ਮੋਟਰ ਸਾਇਕਲ ਮਾਰ ਲਿਆ ਕੋਹੜੀ ਨੇ। ਮੌਕੇ 'ਤੇ ਹੀ ਪੂਰਾ ਹੋ ਗਿਆ। ਆਪ ਤਾਂ ਸਹੁਰਾ ਤੁਰ ਗਿਆ ਪਰ ਸਾਨੂੰ ਦਿਨੇ ਹੀ ਹਨੇਰ ਕਰ ਗਿਆ ਸੀ।

ਬਾਹਰਲੇ ਗੇਟ ਦੇ ਖੜਕੇ ਨਾਲ ਮੇਰੇ ਸਿਰ ਨੂੰ ਝਟਕਾ ਜਿਹਾ ਵੱਜਿਆ। ਜੱਗੀ ਦੀ ਫੋਟੋ ਵਿਚ ਖੁਭਿਆ ਧਿਆਨ ਟੁੱਟ ਗਿਆ। ਮੈਂ ਇਕ-ਲਖਤ ਬਾਹਰ ਨੂੰ ਝਾਕਿਆ। ਵਰਾਂਡੇ ਵਿਚ ਥਮਲੇ ਨਾਲ ਬੰਨ੍ਹਿਆ ਕੁੱਤਾ ਉੱਚੀ-ਉੱਚੀ ਭੌਂਕ ਰਿਹਾ ਸੀ।

"ਸ਼ਾਇਦ ਆ ਗਏ...।" ਮਨ ਹੀ ਮਨ ਚਿਤਵਦਿਆਂ ਅਜੇ ਮੈਂ ਪੈਰ ਹੀ ਚੁੱਕਿਆ ਸੀ ਕਿ ਬਾਹਰੋਂ ਆਵਾਜ਼ ਆਈ, "ਘਰੇ ਈ ਐਂ ਜੋਰਾ ਸਿਆਂ....?"

"ਅੱਛਿਆ...!...ਹਾਂ... ਹਾਂ...।" ਅਵਾਜ਼ ਪਛਾਣ ਕੇ ਮੈਂ ਕਾਹਲੀ ਨਾਲ ਗੇਟ ਕੰਨੀ ਨੂੰ ਵਧਿਆ। ਸਰਪੰਚ ਦੀ ਅਵਾਜ਼ ਸੀ।

"ਆਜਾ ਸਰਪੰਚਾ...।...ਅਜੇ ਆਏ ਨੀ...।...ਅਜੇ ਆਏ ਨੀ....।....ਆਜੋ ਬਹਿਜ ਅੰਦਰ...।" ਗੇਟ ਖੋਲ੍ਹ ਕੇ ਸਰਪੰਚ ਹੋਰਾਂ ਨੂੰ ਨਾਲ ਲੈ ਮੈਂ ਅੰਦਰ ਨੂੰ ਤੁਰ ਪਿਆ। ਸਰਪੰਚ ਨਾਲ ਸੁੱਚਾ ਮੈਂਬਰ ਵੀ ਸੀ। ਦੋਵਾਂ ਨੂੰ ਮੈਂ ਨਾਲ ਦੇ ਕਮਰੇ ਵਿਚ ਡਹੀਆਂ ਕੁਰਸੀਆਂ 'ਤੇ ਲਿਆ ਬਿਠਾਇਆ।

"ਹੋਰ ਬਈ ਜਵਾਲਾ ਸਿਆਂ...?" ਪਹਿਲਾਂ ਹੀ ਕਮਰੇ ਵਿਚ ਬੈਠੇ ਮੇਰੇ ਛੋਟੇ ਭਾਈ ਜਵਾਲੇ ਨੂੰ ਵੇਖ ਕੇ ਸਰਪੰਚ ਹੋਰਾਂ ਨੇ ਹੱਥ ਵਧਾਏ। ਚੁੱਪ-ਚਾਪ ਹੱਥ ਮਿਲਾ ਕੇ ਸਾਰੇ ਮੁੜ ਕੁਰਸੀਆਂ 'ਤੇ ਬੈਠ ਗਏ। ਨਾਲ ਦੀ ਨਾਲ ਚਾਰਾਂ ਦਰਮਿਆਨ ਇਕ ਚੁੱਪ ਜਿਹੀ ਪਸਰ ਗਈ। ਐਸੀ ਚੁੱਪ ਕਿ ਅਸੀਂ ਚਾਰੇ ਇਕ ਦੂਜੇ ਦੇ ਸਾਹਾਂ



ਦੀ ਆਵਾਜ਼ ਵੀ ਸੁਣ ਸਕਦੇ ਸਾਂ।

ਜੋ ਕੁਝ ਨਹੀਂ ਸੁਣ ਸਕਦੇ ਸਾਂ ਤਾਂ ਆਉਣ ਵਾਲਿਆਂ ਦੇ ਦਿਲ ਦੀ ਅਵਾਜ਼। ਖਾਸੇ ਚਿਰ ਬਾਅਦ ਘਰ ਦੇ ਬਾਹਰ ਕਾਰਾਂ ਦੇ ਖੜ੍ਹਨ ਦੀ ਅਵਾਜ਼ ਆਈ।

"ਆ ਗਏ ਸ਼ਾਇਦ.....।" ਕਮਰੇ ਵਿਚ ਫੈਲੀ ਚੁੱਪ ਨੂੰ ਤੋੜਦਿਆਂ ਮੈਂ ਕਲਾਕ ਵੱਲ ਨੂੰ ਵੇਖਿਆ। ਪੌਣੇ ਤਿੰਨ ਹੋਣ ਵਾਲੇ ਸਨ।

ਪਰ ਮੈਂ ਉੱਠਣ ਦੀ ਹਿੰਮਤ ਨਾ ਜੁਟਾ ਸਕਿਆ। ਬੈਠੇ-ਬੈਠੇ ਹੀ ਮੈਂ ਮੈਂਬਰ ਨੂੰ ਇਸ਼ਾਰਾ ਕੀਤਾ, "ਜਾਹ ਮੈਂਬਰਾ...ਤੂੰ ਹੀ ਖੋਲ੍ਹ ਕੇ ਆ ਗੇਟ ਜਾਹ।"

"ਕੋਈ ਨੀ....ਕੋਈ ਨੀ.....।" ਆਖ ਕੇ ਉਹ ਗੇਟ ਕੰਨੀ ਨੂੰ ਤੁਰ ਪਿਆ। ਉਹਦੇ ਜਾਂਦਿਆਂ ਹੀ ਵਰਾਂਡੇ ਵਿਚ ਬੈਠਾ ਕੁੱਤਾ ਉੱਚੀ ਉੱਚੀ ਭੌਂਕਣ ਲੱਗ ਪਿਆ। ਮੈਨੂੰ ਜਾਪਿਆ ਜਿਵੇਂ ਉਹ ਭੌਂਕ ਨਹੀਂ ਬਲਕਿ ਰੋ ਰਿਹਾ ਹੋਵੇ। ਤੇ ਰੋ-ਰੋ ਕੇ ਮੈਨੂੰ ਕਿਸੇ ਵਾਪਰਨ ਵਾਲੀ ਅਣਹੋਣੀ ਤੋਂ ਖ਼ਬਰਦਾਰ ਕਰ ਰਿਹਾ ਹੋਵੇ।

ਮੇਰਾ ਅੰਦਾਜ਼ਾ ਸਹੀ ਨਿਕਲਿਆ। ਉਹੀ ਸਨ।

ਮੂਹਰੇ-ਮੂਹਰੇ ਮੈਂਬਰ ਤੁਰਿਆ ਆ ਰਿਹਾ ਸੀ। ਉਹਦੇ ਮਗਰ ਬੰਦਿਆਂ ਦੀ ਪੂਰੀ ਧਾੜ। ਜੱਗੀ ਦਾ ਸਹੁਰਾ, ਦੋਵੇਂ ਸਾਲੇ, ਨਵਦੀਪ ਦੀ ਗੋਦੀ ਚੁਕਿਆ ਕਰਨਵੀਰ ਤੇ ਦੋ ਬੰਦੇ ਹੋਰ।

ਉਨ੍ਹਾਂ ਦੇ ਕਮਰੇ ਵਿਚ ਪੈਰ ਧਰਦਿਆਂ ਹੀ ਮੈਂ ਹੱਥ ਬੰਨ੍ਹ ਕੁਰਸੀ ਤੋਂ ਖੜ੍ਹਾ ਹੋ ਗਿਆ। ਮੇਰੇ ਨਾਲ ਹੀ ਸਰਪੰਚ ਤੇ ਜਵਾਲਾ ਸਿਉਂ ਵੀ ਉੱਠ ਖੜ੍ਹੇ। ਮੈਂਬਰ ਪਹਿਲਾਂ ਹੀ ਖੜ੍ਹਾ ਸੀ।

ਪਰ ਸਾਡਾ ਅਦਬ-ਸਤਿਕਾਰ ਅਣਦੇਖਿਆ ਕਰ, ਉਹ ਸਾਰੇ ਦੈੜ ਦੈੜ ਸੋਫੇ ਕੁਰਸੀਆਂ ਵਿਚ ਧਸ ਗਏ। ਤੇ ਭੁੱਲੇ ਭੂਤ ਵਾਂਗ ਸਾਡੇ ਕੰਨੀ ਨੂੰ ਝਾਕਣ ਲੱਗੇ। ਨਵਦੀਪ ਦੀ ਗੋਦੀ ਚੁਕਿਆ ਕਰਨਵੀਰ ਰੀਂ-ਰੀਂ ਜਿਹੀ ਕਰਕੇ ਮੇਰੇ ਕੋਲ ਆਉਣ ਦੀ ਜ਼ਿੱਦ ਕਰ ਰਿਹਾ ਸੀ। ਪਰ ਉਹ ਉਸਨੂੰ ਜ਼ਬਰਦਸਤੀ ਬਾਹਾਂ ਵਿਚ ਜਕੜੀ ਬੈਠੀ ਸੀ। ਭੋਰ-ਭੋਰ ਜੁਆਕ ਦੀ ਬੇਵਸੀ ਵੇਖ ਕੇ ਮੇਰਾ ਮਨ ਕਾਹਲਾ ਪੈਣ ਲੱਗਿਆ।

"ਓਏ ਪਾਣੀ ਲਿਆ ਬਈ ਛੋਟੂ...। ਨਾਲੇ ਚਾਹ ਬਣਾ ਸ਼ੇਰਾਂ...।" ਕਮਰੇ ਵਿਚ ਪਸਰੇ ਬੋਝਲਪਣ ਨੂੰ ਤੋੜਨ ਲਈ ਮੈਂ ਭਈਏ ਨੂੰ ਹਾਕ ਮਾਰੀ।

"ਆਇਆ ਸਰਦਾਰ....।" ਪਰ ਉਹਦਾ ਜਵਾਬ ਅਧੂਰਾ ਹੀ ਰਹਿ ਗਿਆ।

"ਨਾ ਜੀ ਨਾ...... ਚਾਹ-ਪਾਣੀ ਸਭ ਪੀ ਕੇ ਆਏ ਆਂ....।" ਆਏ ਬੰਦਿਆਂ 'ਚੋਂ ਚਾਣਚੱਕ ਹੀ ਕਈ ਜਣੇ ਬੋਲ ਪਏ।

ਨਾਲ ਦੀ ਨਾਲ ਐਧਰੋਂ ਸਰਪੰਚ ਵੀ ਬੋਲ ਪਿਆ, "ਕੋਈ ਨੀ ਭਾਈ।...ਪੀ ਕੇ ਆਏ ਓਂ ਫੇਰ ਕੀ ਹੋ ਗਿਆ।....ਹੋਰ ਪੀ ਲਿਓ ਭੋਰਾ...।.....ਤੱਤਾ ਪਾਣੀ ਹੀ ਤਾਂ ਹੁੰਦਾ....।"

ਕੀ ਇਨ੍ਹਾਂ ਲਈ ਹੁਣ ਮੇਰੇ ਘਰ ਦਾ ਚਾਹ-ਪਾਣੀ ਵੀ ਓਪਰਾ ਹੋ ਗਿਆ? ਸਰਪੰਚ ਨੂੰ ਬੋਲਦਾ ਛੱਡ ਕੇ ਮੈਂ ਸੋਚੀਂ ਪੈ ਗਿਆ।

ਪਤਾ ਨਹੀਂ ਕਦੋਂ ਭਈਆ ਸਭ ਨੂੰ ਪਾਣੀ ਪਿਆ ਕੇ ਚਾਹ ਵੀ ਫੜਾ ਗਿਆ। ਮੇਰੇ ਹੱਥ ਵਿਚ ਵੀ ਚਾਹ ਦਾ ਗਿਲਾਸ ਸੀ।

ਸਭ ਤੋਂ ਪਹਿਲਾਂ ਨਵਦੀਪ ਦੇ ਬਾਪ ਨੇ ਗਿਲਾਸ ਹੇਠਾਂ ਰੱਖਿਆ। ਅੱਗ ਵਰਗੀ ਤੱਤੀ ਚਾਹ ਪਤਾ ਨਹੀਂ ਉਹ ਇਕੋ ਸਾਹੇ ਪੀ ਗਿਆ। ਮੈਂ ਅਜੇ ਸੋਚ ਹੀ ਰਿਹਾ ਸੀ ਕਿ .....ਆਏ ਬੰਦਿਆਂ 'ਚੋਂ ਇਕ ਸਿਆਣੀ ਜਿਹੀ ਉਮਰ ਦਾ ਬੰਦਾ ਬੋਲ ਪਿਆ, "ਅਸੀਂ ਤਾਂ ਸਰਦਾਰ ਜੀ ਕੁੜੀ ਬਾਰੇ ਗੱਲ ਕਰਨ ਆਏ ਸੀ....।"

ਉਹਦੀ ਗੱਲ ਸੁਣਕੇ ਮੈਂ ਭਮੰਤਰਿਆਂ ਵਾਂਗ ਝਾਕਿਆ। ਹੱਥ 'ਚੋਂ ਚਾਹ ਦਾ ਗਿਲਾਸ ਛੁੱਟਦਾ-ਛੁੱਟਦਾ

ਬਚਿਆ, "ਹੈਂਅ ...!....ਕੀ ਕਿਹੈਂ ਤੁਸੀਂ ਇਹ... ?"

"ਅਸੀਂ ਤਾਂ ਆਹੀ ਕਹਿਨੇ ਆਂ ਬਈ ਅਜੇ ਪਹਾੜ ਜਿੱਡੀ ਉਮਰ ਪਈ ਐ ਕੁੜੀ ਮੂਹਰੇ.. ।....ਐਕਣ ਕਿਮੇਂ ਲੰਘੂ... ?.. .ਅਸੀਂ ਤਾਂ ਆਹੀ ਕਹਿੰਦੇ ਭੀ ਬਈ ਸਮਾਨ ਚੱਕ ਲੈਂਦੇ ਨਾਲੇ....?" ਸਾਰਿਆਂ ਨੂੰ ਗਹੁ ਨਾਲ ਤਾੜਦਿਆਂ ਨਵਦੀਪ ਦੇ ਬਾਪ ਨੇ ਜਿਵੇਂ ਫਾਇਰ ਕੀਤਾ ਹੋਵੇ।

ਗੋਲੀ ਵਰਗੀ ਗੱਲ ਦਾ ਖੜਾਕਾ ਪੂਰੇ ਘਰ ਵਿਚ ਗੂੰਜਿਆ। ਮੇਰੀ ਛਾਤੀ ਛਲਣੀ ਹੋ ਗਈ। ਨਾਲ ਦੇ ਕਮਰੇ ਵਿਚ ਪਈ ਹਰਬੰਸ ਕੁਰ ਨੇ ਵੀ 'ਆ...ਆ' ਜਿਹੀ ਕੀਤੀ। ਸੁਣੀ ਗੱਲ 'ਤੇ ਮੈਨੂੰ ਯਕੀਨ ਜਿਹਾ ਨਾ ਆਇਆ, "ਹੈਂਅ-ਹੈਂਅ....। ....ਕੀ ਕਹਿ ਰਹੇ ਨੇ ਇਹ.....?....ਦਿਮਾਗ ਤਾਂ ਨੀ ਹਿੱਲ ਗਿਆ ਇਨ੍ਹਾਂ ਦਾ....?"

ਕੀ ਹੋ ਗਿਆ ਜੇ ਮੇਰਾ ਜੱਗੀ ਤੁਰ ਗਿਆ ਸੀ ? ਪਰ ਮੈਂ ਤਾਂ ਸੀ। ਮੇਰੀ ਘਰਆਲੀ ਹਰਬੰਸ ਕੁਰ। ਸੁੱਖ ਨਾਲ ਮੇਰੇ ਜੱਗੀ ਦੀ ਅੰਸ਼ ਕਰਨਵੀਰ। ਆਖਿਰ ਕੀ ਹੋ ਗਿਆ ਸੀ ਸਭ ਦੀ ਮੱਤ ਨੂੰ ?

"ਨਹੀਂ ....ਨਹੀਂ ...। ਇਹ ਗੱਲ ਨੀ ਹੋ ਸਕਦੀ ਭਾਈ.. !....ਓਏ ਮੇਰੇ 'ਤੇ ਤਾਂ ਅੱਗੇ ਈ ਵਖਤ ਪਿਆ ਵਿਐ।...ਚੰਗੇ ਨੀ ਲਗਦੇ ਅਹੇ-ਜਹੇ ਮਖੌਲ ਕਰਦੇ.....। ...ਸੋਚ ਸਮਝ ਕੇ ਗੱਲ ਕਰੋ ਤੁਸੀਂ.....।" ਸਭ ਕੁਝ ਜਾਣਦਾ ਹੋਣ ਦੇ ਬਾਵਜੂਦ ਵੀ ਪਤਾ ਨਹੀਂ ਮੇਰੇ ਅੰਦਰੋਂ ਕਿਹੜੀ ਸ਼ਕਤੀ ਬੋਲ ਉੱਠੀ।

"ਸੋਚ ਸਮਝ ਕੇ ਈ ਬੋਲ ਰਹੇ ਆਂ ਸਰਦਾਰ ਜੀ.......।.......ਆਖਰ ਕੁਸ਼ ਸੋਚ ਕੇ ਈ ਆਏ ਆਂ ਅਸੀਂ।...ਜੇ ਬਹੁਤੀ ਗੱਲ ਐ ਤਾਂ ਕੁੜੀ ਤੋਂ ਪੁੱਛ ਲੋ...। ....ਆਹ ਬੈਠੀ ਐ ਥੋਡੇ ਸਾਹਮਣੇ....।" ਨਵਦੀਪ ਦੇ ਬਾਪ ਨੇ ਐਕਣ ਉਂਗਲੀ ਘੁੰਮਾਈ ਜਿਵੇਂ ਮੇਰੀ ਛਾਤੀ ਵਿਚ ਤੀਰ ਦੀ ਨੋਕ ਖੁਭੋ ਰਿਹਾ ਹੋਵੇ।

ਉਹਦੀ ਗੱਲ ਸੁਣਕੇ ਕਮਲਿਆਂ ਵਾਂਗ ਮੈਂ ਆਪਣੀ ਨੂੰਹ ਕਿੰਨੀ ਨੂੰ ਝਾਕਿਆ, "ਕਿਉਂ ਭਾਈ ਨਵਦੀਪ....।....ਕੀ ਸੁਣ ਰਿਹਾਂ ਮੈਂ ਇਹ....?"

"ਬਾਪੂ ਜੀ....ਠੀਕ ਈ...ਕਹਿ ਰਹੇ ਨੇ...।" ਨਵਦੀਪ ਬੋਲੀ ਕਾਹਦਾ! ਸਹੁਰੀ ਨੇ ਊਈਂ ਮੇਰੀ ਦਾੜ੍ਹੀ ਪੱਟ ਦਿੱਤੀ।

ਉਹਦੀ ਸਪਾਟ ਬਿਆਨੀ ਸੁਣ ਮੈਂ ਰੀੜ੍ਹ ਦੀ ਹੱਡੀ ਤੱਕ ਠਰ ਗਿਆ। ਜੀਹਦੀ ਮੈਨੂੰ 'ਬਾਪੂ ਜੀ....ਬਾਪੂ ਜੀ' ਕਹਿੰਦੀ ਦੀ ਜ਼ੁਬਾਨ ਨਹੀਂ ਸੀ ਸੁੱਕਦੀ। ਉਹਦੇ ਮੂੰਹੋਂ ਪਰਬਤੋਂ ਭਾਰੀ ਫੈਸਲਾ ਸੁਣ ਕੇ ਮੇਰੇ ਅੰਗ-ਪੈਰ ਜਕੜੇ ਗਏ। ਕਿਵੇਂ ਯਕੀਨ ਕਰਦਾ ਮੈਂ ? ਬੈਠਣਾ ਔਖਾ ਹੋ ਗਿਆ। ਅੰਦਰ ਹੀ ਅੰਦਰ ਮੇਰੀ ਸੁਰਤੀ ਮਰੋੜੀਆਂ ਜਿਹੀਆਂ ਖਾਣ ਲੱਗੀ।

ਮੇਰੀਆਂ ਅੱਖਾਂ ਸਾਹਮਣੇ ਜੱਗੀ ਦਾ ਸੰਸਕਾਰ ਵੇਲਾ ਤੈਰ ਗਿਆ। ਓਦਣ ਵੀ ਇਹੀ ਨਵਦੀਪ ਸੀ। ਚਿਖਾ ਵਿਚ ਡਿੱਗਣ ਤੱਕ ਜਾਂਦੀ ਸੀ ਸਹੁਰੀ। ਪਰ ਪੇਕੀਂ ਜਾ ਕੇ ਕਿਵੇਂ ਇਕੋ ਲਖਤ ਬਦਲ ਗਈ। ਕੀ ਆਖ ਰਹੀ ਸੀ ਇਹ ?

"ਨਾ ਧੀਏ ਨਾ...।.....ਓਏ ਤੈਂ ਤਾਂ ਹੁਣ ਮੇਰਾ ਜੱਗੀ ਪੁੱਤ ਬਣਨਾ ਤੀ ਕਮਲੀਏ....।....ਤੂੰ ਹੀ ਆਹ ਗੱਲ ਕਹਿ ਰਹੀ ਐਂ ਹੈਂਅ.:...?" ਨਵਦੀਪ ਕੰਨੀ ਵੇਖ ਕੇ ਮੈਂ ਰੋਣ ਹਾਕਾ ਹੋ ਗਿਆ।

ਲੇਕਿਨ ਆਏ ਬੰਦਿਆਂ 'ਚੋਂ ਕਿਸੇ 'ਤੇ ਮਾਸਾ ਭਰ ਅਸਰ ਨਹੀਂ ਸੀ। ਪੱਥਰ-ਪਾੜੂ ਨਜ਼ਰਾਂ ਨਾਲ ਸਾਰੇ ਮੈਨੂੰ ਹੀ ਤਾੜ ਰਹੇ ਸਨ। ਘਬਰਾ ਕੇ ਮੈਂ ਦੁਆਲੇ ਨਿਗਾਹ ਮਾਰੀ। ਸੱਜੇ ਹੱਥ ਕੁਰਸੀ 'ਤੇ ਜਵਾਲਾ ਬੈਠਾ ਸੀ; ਖੱਬੇ ਹੱਥ ਇਕ ਕੁਰਸੀ 'ਤੇ ਸਰਪੰਚ, ਦੂਜੀ 'ਤੇ ਮੈਂਬਰ ਬੈਠਾ ਸੀ। ਵਾਧੂ ਜਲੂਸ ਨਿਕਲਣ ਦੇ ਡਰੋਂ ਹੋਰ ਕੋਈ ਮੈਂ ਸੱਦਿਆਂ ਹੀ ਨਹੀਂ ਸੀ।

ਤਿੰਨਾਂ ਕੰਨੀ ਨੂੰ ਵੇਖ ਕੇ ਮੇਰੀ ਅਵਾਜ਼ ਕੰਬਣ ਲੱਗ ਪਈ "ਓਏ ਜਵਾਲਾ ਸਿਆਂ....।...ਓਏ ਸਰਪੰਚਾ...। ...ਓਏ ਇਨ੍ਹਾਂ ਨੂੰ ਪੁੱਛੋ ਤਾਂ ਸਹੀ...ਬਈ ਇਹ ਐਕਣ ਕਰਦੇ ਕਿਉਂ ਨੇ ਕੰਜਰ.. .?"



ਮੇਰੀ ਗੱਲ ਸੁਣਕੇ ਜੱਗੀ ਦੇ ਦੋਵੇਂ ਸਾਲੇ ਕੌੜ ਜਿਹਾ ਝਾਕੇ।

"ਦੇਖੋ ਭਾਈ।....ਐਂ ਨੀ ਹੁੰਦੀ ਹੁੰਦੀ ਗੱਲ....।...ਜਿਮੇਂ ਤੁਸੀਂ ਕਹਿਨੇਂ ਓ. . .। ਸਿਆਣੇ ਓਂ ਤੁਸੀਂ ਧੀ ਆਲੇ ਓਂ....।.....ਕੋਈ ਵਿਗੜੀ ਸੰਵਾਰਨ ਦੀ ਗੱਲ ਕਰੋ। ....।" ਸਰਪੰਚ ਦੇ ਬੋਲ ਸੁਣਕੇ ਮੈਨੂੰ ਥੋੜਾ ਜਿਹਾ ਸੁੱਖ ਦਾ ਸਾਹ ਆਇਆ।

"ਸੰਵਾਰਨ ਆਲੀ ਗੱਲ ਈ ਕਰਦੇ ਆਂ ਸਰਪੰਚ ਸਾਹਿਬ....।....ਨਹੀਂ ਸਾਡਾ ਦਿਮਾਗ ਨੀ ਹਿਲਿਆ ਕੋਈ....।....ਅਸੀਂ ਤਾਂ ਕੁੜੀ ਦਾ ਸਮਾਨ ਚੱਕਣੈ ਬੱਸ...।" ਮੇਰੇ ਕੰਨੀ ਨੂੰ ਝਾਕ ਕੇ ਨਵਦੀਪ ਦਾ ਬਾਪ ਠਾਹ ਦੇਣੇ ਫਿਰ ਉਹੀ ਗੱਲ ਆੱਖ ਗਿਆ।

ਸੁਣਕੇ ਮੇਰੀਆਂ ਅੱਖਾਂ ਬਾਹਰ ਨੂੰ ਆਉਣ ਲੱਗੀਆਂ। ਮੈਨੂੰ ਹੱਥੂ ਜਿਹਾ ਛਿੜ ਪਿਆ। ਕੀ ਕਰਦਾ ਮੈਂ?

ਸੂਹ ਤਾਂ ਮੈਨੂੰ ਪਹਿਲਾਂ ਹੀ ਲੱਗ ਗਈ ਸੀ। ਦੱਸਣ ਵਾਲਿਆਂ ਨੇ ਦੱਸ ਹੀ ਦਿੱਤਾ ਸੀ। ਬਈ ਨਵਦੀਪ ਦੇ ਪੇਕੇ ਸਮਾਨ ਚੁੱਕਣ ਨੂੰ ਫਿਰਦੇ ਨੇ। ਮਗਰ ਮੈਨੂੰ ਆਸ ਸੀ ਕਿ ਸਮਝਾਏ ਤੋਂ ਸਮਝ ਜਾਣਗੇ। ਪਰ ਛਲੇਡੇ ਵਾਂਗ ਦੇਹ ਪਲਟਾ ਲੈਣਗੇ। ਐਸੀ ਤਾਂ ਉੱਕਾ ਹੀ ਆਸ ਨਹੀਂ ਸੀ। ਉਹ ਤਾਂ ਜਮਾਂ ਹੀ ਜੱਗੋਂ ਤੇਰਵੀਂ ਕਰਨ.....।

ਕਮਲਿਆਂ ਵਾਂਗ ਮੂੰਹ ਅੱਡੀਂ ਮੈਂ ਸਾਰਿਆਂ ਕੰਨੀ ਨੂੰ ਝਾਕਣ ਲੱਗ ਪਿਆ।

ਮੇਰੇ ਮੂੰਹ ਕੰਨੀ ਝਾਕ ਕੇ ਕੋਲ ਹੀ ਬੈਠਾ ਮੈਂਬਰ ਕੈੜਾ ਹੋ ਗਿਆ, " ....ਨਵੀਂ ਓਂ ਗੱਲ ਐ ਬਈ ਇਹ ਤਾਂ....।.....ਕਮਲਿਓ ਉਤੋਂ ਭਾਣਾ ਤਾਂ ਦੇਖੋ ਕੀ ਵਰਤਿਐ... .।..ਅਹੇ ਜੇ ਮੌਕੇ ਤਾਂ ਸਮਕ[illegible] ਕੁੜੀ ਆਲੇ ਮਿੰਨਤ ਕਰਦੇ ਹੁੰਦੇ ਨੇ.....।...ਪਰ ਐਥੇ ਤਾਂ ਅਸੀਂ ਮੁੰਡੇ ਆਲੇ ਥੋਡੇ ਮੂਹਰੇ ਹੱਥ ਬੰ[illegible] ਆਂ ਕੋਹੜੀਓ.....।"

"ਹਾਂ...ਹਾਂ...ਮੈਂ ਹੱਥ ਬੰਨਦਾਂ....।.....ਮੈਂ ਥੋਡੇ ਪੈਰੀਂ ਪੱਗ ਧਰਦਾਂ....।...ਮੇਰੇ ਜੱਗੀ ਦਾ ਦਰ ਖੁੱਲ੍ਹਾ ਰੱਖ ਲੋ....।" ਮੈਂਬਰ ਦੀ ਗੱਲ ਸੁਣ ਮੈਨੂੰ ਅੱਚਵੀ ਜਿਹੀ ਲੱਗ ਉੱਠੀ। ਮੈਂ ਕੁਰਸੀ ਤੋਂ ਉੱਠ ਖੜ੍ਹਿਆ। ਉਨ੍ਹਾਂ ਦੇ ਪੈਰੀਂ ਪੱਗ ਧਰਨ ਲਈ ਮੈਂ ਦੋਵੇਂ ਹੱਥ ਆਪਣੇ ਸਿਰ ਨੂੰ ਪਾ ਲਏ।

"ਓ....ਓ....ਠਹਿਰ ਜੋਰਾ ਸਿਆਂ....।.....ਇਹ ਕੀ ਕਰਦੈਂ ਤੂੰ.....?" ਮੇਰੀ ਪੱਗ 'ਤੇ ਹੱਥ ਰੱਖਦਾ ਹੋਇਆ ਸਰਪੰਚ ਵੀ ਇਕੋ-ਲਖਤ ਉਠਿਆ। ਨਾਲ ਦੀ ਨਾਲ ਉਹਨੇ ਮੇਰੀ ਪਿੱਠ ਪਲੋਸੀ, "ਖੜ੍ਹ ਜਾ ਭਾਈ....ਠੰਡੇ ਦਿਮਾਗ ਤੋਂ ਕੰਮ ਲੈ...।...ਹਰ ਗੱਲ ਦਾ ਕੋਈ ਕਾਰਨ ਹੁੰਦੈ....।....ਪਹਿਲਾਂ ਪੁੱਛ ਤਾਂ ਲਈਏ ਬਈ ਇਹ ਐਕਣ ਕਰਦੇ ਕਿਉਂ ਨੇ.....?"

"ਅਕਲ ਨੂੰ ਹੱਥ ਮਾਰੋ ਭਾਈ ਕੁਸ਼....।...ਮੁੰਡੇ ਗੋਦੀ ਕੁੜੀ ਦੇ....।....ਐਥੇ ਕਿਸੇ ਚੀਜ਼ ਦੀ ਤੋਟ ਨੀ ਇਹਨੂੰ....। ....ਕੀ ਹੋਇਆ ਜੇ ਕੁਦਰਤ ਨੇ ਜੱਗੀ ਖੋਹ ਲਿਆ। ....ਪਰ ਐਥੇ ਜੋਗ ਸਿਉਂ...ਹਰਬੰਸ ਕੁਰ....ਮਾਰਕੇ ਐਡਾ ਘਰ ਐ....।....ਰਾਣੀ ਬਣਕੇ ਰਹੇ ਕੁੜੀ....।....ਸਮਕਾਂ ਘਰ ਨੂੰ ਅੱਗੇ ਤੋਰੇ.....।....ਬਹੁਤੀ ਮਗਜ਼ ਖਪਾਈ ਦਾ ਤਾਂ ਫਾਇਦਾ ਨੀ ਕੋਈ....।...ਹੁਣ ਐਦੂੰ ਗਾਹਾਂ ਤਾਂ ਕੁੜੀ ਨੂੰ ਖੂਹ 'ਚ ਧੱਕਾ ਈ ਦਿਓਗੇ....।" ਪਤਾ ਨਹੀਂ ਕੀ ਸੋਚ ਕੇ ਕੋਲ ਬੈਠੇ ਮੈਂਬਰ ਨੇ ਗੱਲ ਆਖਰੀ ਮੋੜ 'ਤੇ [illegible]ਲਿਆ ਖੜ੍ਹਾਈ।

ਉਹਦੀ ਗੱਲ ਵਿਚ ਖਵਨੀ ਕੀ ਸੀ ? ਸੁਣਕੇ ਜੱਗੀ ਦਾ ਕਾਲਜੀਏਟ ਜਿਹਾ ਸਾਲਾ ਭੜਕ ਪਿਆ, "ਦਿਮਾਗ ਨਾਲ ਗੱਲ ਕਰੀਂ ਬਾਈ ਜੀ....।...ਖੂਹ 'ਚ ਤਾਂ ਕੁੜੀ ਐਥੇ ਰਹਿ ਕੇ ਡਿੱਗੂ....।"

ਨਾਲ ਦੀ ਨਾਲ ਜੱਗੀ ਦੇ ਬੜੇ ਸਾਲੇ ਨੇ ਗੱਲ ਬੋਚੀ, "ਇਹ ਤਾਂ ਜੇ ਤੁਸੀਂ ਸਿਆਣੇ ਹੋਵੋਂ....ਤਾਂ ਨਵਦੀਪ ਨੂੰ ਤੋਰਨ 'ਚ ਸਾਡੀ ਮਦਦ ਕਰੋਂ....।....ਇਹਨੂੰ ਧੀਆਂ ਵਾਂਗ ਵਿਦਾ ਕਰੋ...।"

"ਧੀਆਂ ਵਾਂਗ ਵਿਦਾ ਕਰੋ....।....ਕਿਤੇ ਹੋਰ ਤੋਰਨੀ ਐਂ....?....ਓਏ ਰੱਬ ਤੋਂ ਡਰੋ ਬੰਦਿਓ....।....ਨਾ

ਇਹਾ ਜਿਆ ਸੁਰਗ ਛੱਡ ਕੇ ਹੁਣ ਚੰਦਰੀ ਨੂੰ...ਹੋਰ ਕਿਹੜੇ ਨਰਕ 'ਚ ਧੱਕਾ ਦਿਓਗੇ.....?" ਉਨ੍ਹਾਂ ਦੀ ਗੱਲ ਸੁਣਕੇ ਮੇਰੇ ਅੰਦਰ ਅੱਗ ਮੱਚ ਉੱਠੀ। ਸਰਪੰਚ ਤੋਂ ਬਾਂਹ ਛੁਡਾ ਕੇ ਮੈਂ ਸਕਤੇ ਵਿਚ ਆ ਗਿਆ।

"ਨਰਕ 'ਚ ਧੱਕਾ ਨੀ ਦਿੰਦੇ ਸਰਦਾਰ ਜੀ....।...ਮੁੰਡਾ ਬਾਹਰਲੇ ਦੇਸ਼ ਤੋਂ ਆਇਐ....।....ਲੋੜਵੰਦ ਐ ਭਾਵੇਂ...ਪਰ ਬੰਦਾ ਖਰਾ....।" ਨਵਦੀਪ ਦੇ ਬਾਪ ਨੇ ਜ਼ੁਬਾਨ ਕਾਹਦੀ ਖੋਲ੍ਹੀ ? ਮੇਰੇ ਸਿਰ 'ਤੇ ਊਈਂ ਹਨੇਰੀ ਜਿਹੀ ਝੁੱਲ ਗਈ।

ਉਹਦੀ ਗੱਲ ਸੁਣਕੇ ਚੁੱਪ ਧਾਰੀਂ ਬੈਠੇ ਜਵਾਲਾ ਸਿਉਂ ਨੂੰ ਪਤਾ ਨਹੀਂ ਕੀ ਹੋਇਆ ? ਅੱਗ ਲੱਗੀ ਆਲਿਆਂ ਵਾਂਗ ਉੱਠ ਕੇ ਉਹ ਨਵਦੀਪ ਦੇ ਬਾਪ ਨੂੰ ਚਿੰਬੜ ਗਿਆ, "...ਨਾ ਓਏ ਪਾਗਲਾ ਨਾ...।...ਭੁੱਲ ਜਾ ਬਾਹਰਲੇ ਦੇਸ਼ ਨੂੰ....।...ਓਥੇ ਕੁੜੀ ਨਾ ਤੋਰੀਂ... ਐਥੋਂ ਭਾਵੇਂ ਲੈ ਜਾ....।....ਮੈਂ ਨਵਦੀਪ ਨੂੰ ਬਾਹਰਲੇ ਦੇਸ਼ ਨੀ ਤੋਰਨ ਦੇਣਾ....।....ਨਹੀਂ ਤਾਂ ਮੇਰੀ ਰਿੱਪੀ ਆਲੀ ਬਣੂ...ਮੇਰੀ ਰਿੱਪੀ ਆਲੀ....।"

ਇਕਦਮ ਪੂਰੇ ਕਮਰੇ ਦਾ ਵਾਤਾਵਰਨ ਤਣ ਗਿਆ। ਸਰਪੰਚ ਤੇ ਮੈਂਬਰ ਸਣੇ ਸਾਰੇ ਜਣੇ ਜਵਾਲਾ ਸਿਉਂ ਨੂੰ ਫੜਨ ਲੱਗ ਪਏ, "ਸੁਰਤ ਕਰ ਜਵਾਲਾ ਸਿਆਂ ਸੁਰਤ ਕਰ....।....ਕਮਲਾ ਨਾ ਬਣ....।"

ਅਚਨਚੇਤ ਹੀ ਜਵਾਲਾ ਸਿਉਂ ਨੂੰ ਕੀ ਹੋ ਗਿਆ ਸੀ ? ਜਾਣਦੇ ਸਾਰੇ ਹੀ ਸਨ ਪਰ ਬੋਲਿਆ ਕੋਈ ਨਾ। ਸਿਵਾਏ ਮੈਥੋਂ, "ਓਏ ਛੱਡ ਦਿਓ ਇਹਨੂੰ...।...ਬੋਲ ਲੈਣ ਦਿਓ...। ਕਰ ਲੈਣ ਦਿਓ ਮਨ ਹੌਲਾ ਚੰਦਰੇ ਨੂੰ....।"

ਮੇਰੀ ਗੱਲ ਸੁਣ ਜਵਾਲਾ ਸਿਉਂ ਦੇ ਡੌਲਿਆਂ ਤੋਂ ਸਾਰੀਆਂ ਦੀ ਪਕੜ ਢਿੱਲੀ ਪੈ ਗਈ। ਦੌਰਾ ਪੈਣ ਵਾਲਿਆਂ ਵਾਂਗ ਔਖੇ-ਔਖੇ ਸਾਹ ਲੈਂਦਾ ਹੋਇਆ ਉਹ ਹੌਕਣ ਲੱਗ ਪਿਆ। ਜਿਵੇਂ ਉਹਦੀ ਛਾਤੀ 'ਤੇ ਕਿਸੇ ਨੇ ਮਣਾਂ-ਮੂੰਹੀ ਵਜ਼ਨ ਰੱਖ ਦਿੱਤਾ ਹੋਵੇ।

ਵਜ਼ਨ ਹੀ ਤਾਂ ਸੀ। ਜੋ ਦੋੜ ਦੇਣੇ ਮੇਰੀ ਛਾਤੀ 'ਤੇ ਵੀ ਆ ਡਿਗਿਆ ਸੀ। ਕੁਦਰਤ ਦਾ ਜਿਵੇਂ ਸਾਨੂੰ ਦੋਵਾਂ ਭਾਈਆਂ ਨੂੰ ਵਰ ਵੀ ਸੀ ਤੇ ਸਰਾਪ ਵੀ। ਜਵਾਲਾ ਸਿਉਂ ਤੇ ਮੇਰੇ ਕੋਲ ਸੋਹਣੀ ਭੋਇੰ ਦਾ ਇਕੱਠਾ ਟੱਕ ਸੀ। ਖੇਤਾਂ ਵਿਚ ਹੀ ਲਵੋ-ਲਵੀ ਸਾਡੇ ਦੋ ਘਰ। ਵਿਚ ਵਰਤੋਂ ਦਾ ਕੁੱਲ ਸਾਜ਼-ਸਮਾਨ। ਦੋਵਾਂ ਭਾਈਆਂ ਦੀ ਪਿੰਡ ਵਿਚ ਸੋਹਣੀ ਪੜ੍ਹਤ ਬਣੀ ਹੋਈ।

ਪਰ ਇਕ-ਇਕ ਜੁਆਕ ਤੋਂ ਬਾਅਦ ਸਾਡੇ ਦੋਵਾਂ ਦੇ ਮੁੜਕੇ ਕੋਈ ਔਲਾਦ ਨਹੀਂ ਸੀ ਹੋਈ। ਜਵਾਲੇ ਦੇ ਇਕੋ-ਇਕ ਕੁੜੀ ਹੋਈ ਸੀ ਰਿੱਪੀ। ਮੇਰੇ ਇਕੱਲਾ ਜੱਗੀ।

ਹੁਣ ਤਾਂ ਜੱਗੀ ਵੀ ਕਿਥੇ ਸੀ....। ਮੈਨੂੰ ਤੜਪਣ ਲਈ ਛੱਡ ਕੇ ਉਥੇ ਚਲਿਆ ਗਿਆ ਜਿਥੋਂ ਆਇਆ ਸੀ।

ਇਸ ਭੋਇੰ 'ਤੇ ਆਇਆ ਤਾਂ ਪਹਿਲਾਂ ਜੱਗੀ ਸੀ....ਲੇਕਿਨ....?

ਕੀ ਕਸਰ ਛੱਡੀ ਸੀ ਜਵਾਲਾ ਸਿਉਂ ਨੇ। ਪੁੱਤਾਂ ਨਾਲੋਂ ਵੀ ਵਧ ਕੇ ਪਾਲੀ-ਪਲੋਸੀ। ਤੇ ਜਦੋਂ ਵਿਆਹ ਕੀਤਾ ? ਬੱਸ ਵਿਆਹ ਕਾਹਦਾ ਕੀਤਾ। ਉਸੇ ਦਿਨ ਤੋਂ ਅਰਧ-ਪਾਗਲ ਜਿਹਾ ਹੋ ਗਿਆ ਸੀ। ਗੁੰਮ-ਸੁੰਮ ਰਹਿੰਦਾ। ਚੁੱਪ-ਗੜੁੱਪ। ਪਰ ਕਦੇ-ਕਦੇ ਉਹ ਪਾਗਲ ਜਿਹਾ ਹੋ ਜਾਂਦਾ।

ਗੱਲ ਹੋਈ ਵੀ ਪਾਗਲ ਕਰਨ ਵਾਲੀ ਸੀ।

ਜਵਾਲਾ ਸਿਉਂ ਨਾਲੋਂ ਵੱਧ ਰਿੱਪੀ ਮੇਰੀ ਧੀ ਸੀ।

"ਜੋਰਾ ਸਿਆਂ।.... ਬਾਈ ਮੇਰੇ ਤਾਂ ਅੱਜ ਦਿਲ ਦਾ ਭਾਰ ਹੌਲਾ ਹੋ ਗਿਆ। ਆਪਣਾ ਭੁੱਲਰ ਹੇੜੀ ਆਲਾ ਦਾਰਾ ਰਿੱਪੀ ਲਈ ਰਿਸ਼ਤੇ ਬਾਰੇ ਦੱਸਿਆ ਸੀ। ਮੇਰੇ ਅੰਦਰ ਖੁਸ਼ੀਆਂ ਦਾ ਦਰਿਆ ਵਗ ਪਿਆ। ਹਰਬੰਸ ਕੁਰ ਅੱਤ ਖੁਸ਼। ਜੱਗੀ ਦਾ ਤਾਂ ਧਰਤੀ 'ਤੇ ਪੈਰ ਨਹੀਂ ਸੀ ਟਿਕ ਰਿਹਾ।

ਬਾਘੀਆਂ ਪਾਉਂਦਾ ਉਹ ਜਵਾਲਾ ਸਿਉਂ ਕੇ ਘਰੇ ਜਾ ਰਿਹਾ ਚੌੜ-ਚੌੜ ਵਿਚ ਉਹ ਰਿੱਪੀ ਨੂੰ ਛੇੜਨ



ਲੱਗ ਪਿਆ, "ਹੁਣ ਰਿੱਪੀ ਦਾ ਵਿਆਹ ਆ ਗਿਆ ਓਏ...।...ਹੁਣ ਤਾਂ ਰਿੱਪੀ ਤੂੰ ਸਾਥੋਂ ਵੱਡੀ ਹੋਜੇਂਗੀ...।...ਅਸੀਂ ਤਾਂ ਧਰਤੀ 'ਤੇ ਚੱਲਣ ਆਲੇ ਬੰਦੇ.....ਤੇ ਤੂੰ ਜਹਾਜਾਂ 'ਚ ਉਡਿਆ ਕਰੇਂਗੀ....।"

"ਆਹ ਦੇਖ ਲੋ.....ਹਟਦਾ ਨੀ ਜੱਗੜਾ ਜਿਹਾ....।" ਉਹ ਛੇੜਖਾਨੀ ਤੋਂ ਤੰਗ ਆ ਕੇ ਰਿੱਪੀ ਗੋਡਿਆਂ ਵਿਚ ਸਿਰ ਦੇ ਕੇ ਬੈਠ ਜਾਂਦੀ।

ਬਹੁਤ ਹੀ ਸਿੱਧੀ-ਸਾਦੀ ਤੇ ਸੰਗਾਊ ਕੁੜੀ ਸੀ ਚੰਦਰੀ। ਜਵਾਲਾ ਸਿਉਂ ਵਿਚ ਕਿਹੜਾ ਕੋਈ ਵਲ-ਛਲ ਸੀ। ਮੇਰੇ ਵਾਂਗ ਮੁੱਢ ਤੋਂ ਹੀ ਉਹ ਵੀ ਜਮਾਂ ਸਿੱਧ-ਪਧਰਾ ਬੰਦਾ। ਨਾ ਕਿਸੇ ਦੀਆਂ ਤਿੰਨ 'ਚ ਨਾ ਤੇਰਾਂ 'ਚ। ਜੇ ਬੋਲਣਾ ਤਾਂ ਬੱਸ ਮੁੱਲ ਦਾ। ਜਿੱਦਣ ਮੁੰਡੇ ਨੂੰ ਸ਼ਗਨ ਪਾਉਣ ਜਾਣਾ ਸੀ, ਮੈਨੂੰ ਕਹਿੰਦਾ, "ਜੋਰਾ ਸਿਆਂ...।....ਮੈਨੂੰ ਤਾਂ ਯਾਰ ਓਥੇ ਘਬਰਾਹਟ ਜਿਹੀ ਹੋਊਗੀ....।....ਮੇਰੇ ਹੱਥ ਪੈਰ ਕੰਬਣ ਲੱਗ ਪੈਣੇ ਨੇ.....।......ਬਾਪ ਆਲਾ ਸਾਰਾ ਕਾਰਜ ਤੂੰ ਹੀ ਨਿਭਾਈਂ....।"

ਸ਼ਗਨ ਤੋਂ ਲੈ ਕੇ ਫਿਰ ਸਾਰਾ ਕਾਰਜ ਨਿਭਾਇਆ ਵੀ ਮੈਂ ਹੀ ਸੀ। ਮੁੰਡੇ ਵਾਲਿਆਂ ਨੇ ਦਿਨਾਂ ਦਾ ਹੀ ਵਿਆਹ ਮੰਗ ਲਿਆ ਸੀ। ਲਾਣਾ ਉਨ੍ਹਾਂ ਦਾ ਤਕੜਾ ਸੀ। ਉਪਰੋਂ ਮੁੰਡਾ ਬਾਹਰੋਂ ਆਇਆ। ਉਹਦੇ ਬਾਪ ਨੇ ਮੈਨੂੰ ਸਾਫ ਹੀ ਆਖ ਦਿੱਤਾ ਸੀ, "ਬਾਹਲੇ ਨਿਕ-ਸੁੱਕ ਦੀ ਤਾਂ ਲੋੜ ਨੀ ਸਰਦਾਰ ਜੀ....।...ਰੱਬ ਦਾ ਦਿੱਤਾ ਸਭ ਕੁਸ਼ ਐ....।....ਕਾਕਾ ਕਹਿੰਦੈ ਘੁੰਮਣ-ਫਿਰਨ ਨੂੰ ਮਰੂਤੀ ਕਾਰ ਲੈ ਦਿਓ ਬੱਸ.....।"

ਮਨ ਹੀ ਮਨ ਇਕ ਵਾਰੀ ਤਾਂ ਮੈਂ ਜ਼ਰਕ ਖਾ ਗਿਆ। ਮੁੰਡਾ ਵੀ ਮੈਨੂੰ ਖਾਸਾ ਪਕਰੋੜ ਜਿਹਾ ਲੱਗਦਾ ਸੀ। ਪਰ ਮੈਂ ਜਵਾਲਾ ਸਿਉਂ ਨੂੰ ਜ਼ਾਹਰ ਨਾ ਹੋਣ ਦਿੱਤਾ। ਉਹਦੀ ਖੁਸ਼ੀ ਮੇਰੀ ਖੁਸ਼ੀ ਸੀ। ਵਿਆਹ ਦੀ ਤਰੀਕ ਬੰਨ੍ਹ। ਸਾਰੀਆਂ ਤਿਆਰੀਆਂ ਕਰ। ਅਸੀਂ ਪਟਿਆਲੇ ਇਕ ਮੈਰਿਜ਼ ਪੈਲੇਜ ਬੁੱਕ ਕਰਵਾ ਲਿਆ।

ਪਿੰਡੋਂ ਲੋਕਾਂ ਨੂੰ ਲਿਜਾਣ ਲਈ ਇਕ ਬਸ ਕਿਰਾਏ 'ਤੇ ਕਰ ਲਈ। ਬਾਕੀ ਜੱਗੀ ਦੇ ਦੋਸਤਾਂ-ਮਿੱਤਰਾਂ ਦੀਆਂ ਕਾਰਾਂ ਸਨ। ਸਜੇ-ਫਬੇ ਮੈਰਿਜ ਪੈਲੇਸ ਵਿਚ ਸਾਰਾ ਕੁਸ਼ ਐਣ ਵਕਤ ਸਿਰ ਸ਼ੁਰੂ ਹੋ ਗਿਆ ਸੀ। ਬਰਾਤ ਆਈ ਫਟਾਫਟ ਚਾਹ-ਪਾਣੀ ਨਿਬੇੜ ਕੇ ਮੁੰਡੇ ਦਾ ਬਾਪ ਅਨੰਦ-ਕਾਰਜ ਕਰਨ ਲਈ ਜ਼ੋਰ ਪਾਉਣ ਲੱਗ ਪਿਆ। ਨੇੜੇ ਹੀ ਇਕ ਛੋਟਾ ਜਿਹਾ ਗੁਰਦੁਆਰਾ ਸੀ। ਉਥੋਂ ਮਾਹਰਾਜ ਦੀ ਬੀੜ ਲਿਆ ਕੇ ਇਕ ਕਮਰੇ ਵਿਚ ਸਜਾ ਲਈ। ਇਧਰਲੇ-ਓਧਰਲੇ ਸਾਰੇ ਲੋਕ ਹਾਲ-ਕਮਲੇ ਵਿਚ ਇਕੱਠੇ ਹੋ ਗਏ। ਮਾਹਰਾਜ ਦੀ ਹਜ਼ੂਰੀ ਵਿਚ ਮੱਥਾ ਟੇਕ ਕੇ ਮੁੰਡਾ ਵੀ ਆਸਣ 'ਤੇ ਬੈਠ ਗਿਆ। ਨਾਲ ਹੀ ਨਾਲ ਕੁੜੀਆਂ ਰਿੱਪੀ ਨੂੰ ਲਿਆਈਆਂ। ਲਾਲ ਲੀੜਿਆਂ ਵਿਚ ਲਿਪਟੀ ਸਹੁਰੀ ਬੜੀ ਜਚ ਰਹੀ ਸੀ।

ਮੁਢਲੇ ਲਫਜ਼ ਬੋਲ ਕੇ ਭਾਈ ਜੀ ਨੇ ਅਜੇ ਪਹਿਲੀ ਲਾਂਵ ਹੀ ਪੜ੍ਹੀ ਸੀ ਕਿ ਬਾਹਰ ਅਚਾਨਕ ਹੀ ਰੌਲਾ ਪੈ ਗਿਆ, "ਪੁਲਿਸ....।...ਪੁਲਿਸ ਆਗੀ....।...ਭੱਜ ਲੋ ਪੁਲਿਸ ਆਗੀ....।"

"ਹੈਂਅ....ਅ...ਅ.....।...ਪੁਲਿਸ....॥" ਅਚਨਚੇਤੀ ਰੰਗ ਵਿਚ ਭੰਗ ਪਿਆ ਵੇਖ ਕੇ ਮੇਰੀ ਤਾਂ ਖਾਨਿਓਂ ਗਈ। ਮੇਰੇ ਕੋਲ ਖੜ੍ਹਾ ਜਵਾਲਾ ਸਿਉਂ ਊਈਂ ਭਮੰਤਰ ਗਿਆ, "ਓਏ ਆਹ ਕੀ ਹੋ ਰਿਹੈ ਜੋਰਾ ਸਿਆਂ...?"

ਮੈਂ ਉਹਨੂੰ ਕੀ ਦੱਸਦਾ ? ਮੇਰੇ ਤਾਂ ਗੱਲ ਆਪ ਸਮਝ ਤੋਂ ਬਾਹਰ ਸੀ। ਪੰਡਾਲ ਦੇ ਲੋਕਾਂ ਵਿਚ ਹਫੜਾ-ਤਫੜੀ ਮੱਚ ਗਈ।

"ਭੱਜ ਕੇ ਕਿਥੇ ਜਾਏਂਗਾ....ਮਾਂ ਦਿਆ ਪ੍ਰਾਹੁਣਿਆ....।" ਜਿਉਂ ਹੀ ਆਸਣ ਤੋਂ ਉੱਠ ਕੇ ਭੱਜਣ ਲੱਗੇ ਮੁੰਡੇ ਨੂੰ ਥਾਣੇਦਾਰ ਨੇ ਜੱਫਾ ਮਾਰਿਆ। ਮੇਰੇ ਤਾਂ ਪੈਰਾਂ ਹੇਠੋਂ ਧਰਤੀ ਖਿਸਕ ਗਈ।

ਮੁੰਡੇ ਦੇ ਗਲ ਪਾਈ ਚੁੰਨੀ ਨਾਲ ਗੱਠ ਦਿੱਤੀ ਹੋਣ ਕਰਕੇ ਰਿੱਪੀ ਦੇ ਸਿਰ ਲਈ ਚੁੰਨੀ ਵੀ ਘੜੀਸੀ ਗਈ ਸੀ। ਭਰੀ ਸਭਾ ਵਿਚ ਕੁੜੀ ਦਾ ਸਿਰ ਨੰਗਾ ਹੋ ਗਿਆ। ਜਵਾਲਾ ਸਿਉਂ ਤਾਂ ਚੱਕਰ ਖਾ ਕੇ ਡਿੱਗ ਪਿਆ ਸੀ। ਮਗਰ ਮੈਂ ਭੱਜ ਕੇ ਥਾਣੇਦਾਰ ਦੀ ਬਾਂਹ ਫੜ ਲਈ, "ਨਾ...ਇਹ ਹੋ ਕੀ ਰਿਹੈ.... ਥਾਣੇਦਾਰ

ਸਾਹਿਬ. . .?"
"ਹੁਣੇਂ ਦੱਸਦੇ ਆਂ ਸਰਦਾਰ ਸਾਹਿਬ. . . ।" ਥਾਣੇਦਾਰ ਦੇ ਬੋਲ ਪੂਰੇ ਹੋਣ ਤੋਂ ਪਹਿਲਾਂ ਹੀ ਡੀ.ਐਸ.ਪੀ.
ਦਹਾੜ ਪਿਆ, "ਮਾਫ ਕਰਨਾ ਗ੍ਰੰਥੀ ਜੀ.....।...ਨਿਮਰਤਾ ਸਹਿਤ ਪਾਠ ਐਥੇ ਹੀ ਬੰਦ ਕਰ
ਦਿਓ.....।.....ਇਹ ਵਿਆਹ ਨੀ ਹੋ ਸਕਦਾ.....।"
"ਪਰ...ਪਰ... ਕਿਉਂ.....?" ਦਾਰ ਵਲੋਂ ਪਰਤ ਮੈਂ ਡੀ ਐਸ ਪੀ. ਮੂਹਰੇ ਜਾ ਗਿੜਗਿੜਾਇਆ।
"ਫਟਾਫਟ ਦੱਸੋ ਇਹ ਚੱਕਰ ਕੀ ਐ ਜੀ....?" ਜੱਗੇ ਤੇ ਉਹਦੇ ਦੋਸਤ ਮਿੱਤਰ ਤਾਂ ਤੈਸ਼ ਵਿਚ ਆ
ਗਏ ਸਨ।
"ਕਿਉਂਕਿ ਇਹ ਬੰਦਾ ਜ਼ਾਲ੍ਹਸਾਜ਼ ਐ.....।.....ਇਹ ਪਹਿਲਾਂ ਹੀ ਵਿਆਹਿਆ ਹੋਇਐ....।...ਆਹ
ਵਖ ਵਿਆਹ ਦੀ ਐਲਬਮ.....ਵੀਡੀਓ ਕੈਸਟ..... ਇਹਦੇ ਘਰਆਲੀ.....ਤੇ ਆਹ ਦੋ
ਜੁਆਕ....।.....ਇਨ੍ਹਾਂ ਨੂੰ ਛੱਡ ਕੇ ਥੋਨੂੰ ਧੋਖੇ ਨਾਲ ਲੁੱਟ ਰਿਹੈ ਇਹ.....।" ਨਾਲ ਲਿਆਂਦੀ ਇਕ ਤੀਵੀਂ
ਤੇ ਦੋ ਜੁਆਕਾਂ ਨੂੰ ਸਾਡੇ ਮੂਹਰੇ ਖੜ੍ਹਾਉਂਦਿਆਂ ਡੀ.ਐਸ.ਪੀ. ਨੇ ਮੁੰਡੇ ਦੇ ਬਾਪ ਨੂੰ ਗਲ੍ਹਾਵੇਂ ਤੋਂ ਫੜ ਲਿਆ,
"ਕਿਉਂ ਓਏ ਚੌਰਿਆ...।...ਕੀ ਕੰਜਰਖਾਨਾ ਖੋਲਿਆ ਇਹ ਤੁਸੀਂ....?"
"ਮਾਫ ਕਰ ਦਿਓ ਸਰਦਾਰ ਜੀ....।...ਸਾਡਾ ਥੋਡੇ ਨਾਲ ਕੋਈ ਰੌਲਾ ਨੀ.....।...ਸਾਡਾ ਚੋਰ ਤਾਂ
ਇਹ ਐ.....।.....ਅਸੀਂ ਵੀ ਧੀ ਆਲੇ ਆਂ.....ਅੱਠ ਸਾਲ ਹੋਗੇ ਸਾਡੇ ਦਰਾਂ 'ਚ ਬੈਠੀ ਨੂੰ....। ....ਇਹਨੇ
ਕਦੇ ਪੁੱਛੀ ਤੱਕ ਨੀ....।...ਹੁਣ ਜਦੋਂ ਬਾਹਰੋਂ ਆਇਆ ਤਾਂ ਆਹ ਚੰਦ ਚਾੜ੍ਹਤਾ....।" ਧੁਰ ਅੰਦਰ ਤੱਕ
ਠਰੇ ਖੜ੍ਹੇ ਦੇ ਮੇਰੇ ਪੈਰਾਂ ਨੂੰ ਓਦੋਂ ਸੇਕ ਜਿਹਾ ਲੱਗਿਆ। ਜਦੋਂ ਪੁਲਿਸ ਨਾਲ ਆਈ ਕੁੜੀ ਦਾ ਬਾਪ ਮੇਰੇ ਪੈਰੀਂ
ਪੱਗ ਰੱਖ ਕੇ ਭੁੱਬੀਂ ਰੋਣ ਲੱਗ ਪਿਆ।
ਸਾਰੇ ਹੀ ਰੋ ਰਹੇ ਸਨ। ਐਡਾ ਬੜਾ ਕੁਫਰ। ਮਿੰਟ-ਮਿੰਟੀ ਸਭ ਰਾਖ ਹੋ ਗਿਆ ਸੀ। ਵਰੋਲੇ ਵਾਂਗ
ਆਈ ਪੁਲਿਸ ਸਾਰਾ ਕੁਸ਼ ਹੂੰਝ ਕੇ ਲੈ ਗਈ। ਇਧਰੋਂ-ਉਧਰੋਂ ਆਏ ਲੋਕ ਮਿੰਟਾਂ ਵਿਚ ਹੀ ਖਿਸਕ ਗਏ ਸਨ।
ਭਰੀ ਸਭਾ ਵਿਚ ਇੱਜ਼ਤ ਲੁਹਾ ਕੇ ਅਸੀਂ ਪਿੰਡ ਪਰਤ ਆਏ ਸਾਂ। ਸਾਡੇ ਦੋਵਾਂ ਟੱਬਰਾਂ ਦਾ ਇਕੱਲਾ-
ਇਕੱਲਾ ਜੀਅ ਜਿਉਂਦਾ ਹੀ ਮਰ ਗਿਆ ਸੀ। ਸਾਰਾ ਪਿੰਡ ਅੱਡ ਤਰਾਹ-ਤਰਾਹ ਕਰੇ। ਵਰਤੀ ਹੋਣੀ ਖੰਭਾਂ
ਦੀਆਂ ਡਾਰਾਂ ਬਣਕੇ ਸਾਰੇ ਇਲਾਕੇ ਵਿਚ ਘੁੰਮ ਗਈ ਸੀ।
ਸਭ ਤੋਂ ਬੁਰਾ ਹਾਲ ਰਿੱਪੀ ਦਾ ਸੀ। ਰੋ-ਰੋ ਕੇ ਸਹੁਰੀ ਅੱਧ-ਮਰੀ ਹੋ ਗਈ। ਠਾਹ ਦੰਦਲ ਪੈ ਜਾਂਦੀ।
ਜਦੋਂ ਸੁਰਤ ਆਉਂਦੀ ਤਾਂ ਇਕੋ ਰਟ, "ਇਹ ਠੀਕ ਨੀ ਹੋਇਆ....।.....ਇਹ ਠੀਕ ਨੀ ਹੋਇਆ....।"
ਮਸਾਂ ਰਾਤ ਹੋਈ ਸੀ। ਅੱਧੀ ਕੁ ਰਾਤ ਤੱਕ ਸਾਰੇ ਆਪੋ-ਆਪਣੀਆਂ ਵਿਚਾਰਾਂ ਕਰਦੇ ਰਹੇ। ਵਰਤੀ
ਹੋਣੀ ਦੇ ਖਿਲਾਫ ਬੋਲਦੇ ਰਹੇ। ਜੱਗੀ ਦੇ ਉਹਦੇ ਦੋਸਤ-ਮਿੱਤਰ ਤਾਂ ਬਹੁਤਾ ਹੀ ਭੱਦਾ ਬੋਲ ਰਹੇ ਸਨ। ਅਖੀਰ
ਉਹ ਵੀ ਥੱਕ-ਹਾਰ ਕੇ ਸੌਂ ਗਏ। ਸਾਰੇ ਜਵਾਲਾ ਸਿਉਂ ਕੇ ਘਰੇ ਹੀ ਪੈ ਗਏ ਸਨ।
ਤੜਕੇ ਪਾਠੀ ਬੋਲਦੇ ਨਾਲ ਹੀ ਸਭ ਤੋਂ ਪਹਿਲਾਂ ਮੇਰੀ ਅੱਖ ਖੁੱਲ੍ਹੀ। ਉੱਠ ਕੇ ਜਿਉਂ ਹੀ ਮੈਂ ਵਰਾਂਡੇ
ਵਿਚ ਆਇਆ ਤਾਂ ਹੇ ਮੇਰਿਆ ਮਾਲਕਾ....।
ਮੇਰੇ ਮੂੰਹੋਂ ਨਿਕਲੀ ਕੂਕ ਸਾਰੇ ਘਰ ਵਿਚ ਫੈਲ ਗਈ।
ਵਰਾਂਡੇ ਵਿਚ ਛੱਤ ਵਾਲੇ ਪੱਖੇ ਨਾਲ ਰਿੱਪੀ ਦੀ ਲਾਸ਼ ਲਟਕ ਰਹੀ ਸੀ।
ਪਤਾ ਨਹੀਂ ਕਿਹੜੇ ਵੇਲੇ ਸਹੁਰੀ ਨੇ ਚੁੰਨੀ ਨਾਲ ਗਲ ਫਾਹਾ....।
"ਮੈਂ ਨਵਦੀਪ ਨੂੰ ਬਾਹਰਲੇ ਮੁੰਡੇ ਨਾਲ ਨੀ ਤਰਨ ਦੇਣਾ...।...ਨਹੀਂ ਤਾਂ ਮੇਰੀ ਰਿੱਪੀ ਆਲੀ
ਹਾਲ ...ਮੇਰੀ ਰਿੱਪੀ ਆਲੀ...।" ਕੁਰਸੀ 'ਤੇ ਬਿਠਾਇਆ ਜਵਾਲਾ ਸਿਉਂ ਅਜੇ ਵੀ ਔਖੇ-ਔਖੇ ਸਾਹ ਲੈ
ਰਿਹਾ ਸੀ। ਕਮਰੇ ਦੀ ਛੱਤ ਨੂੰ ਐਕਣ ਘੂਰ ਰਿਹਾ ਸੀ ਜਿਵੇਂ ਰਿੱਪੀ ਦੀ ਲਾਸ਼ ਲਟਕਦੀ ਵੇਖ ਰਿਹਾ ਹੋਵੇ।



"ਨਾ ਜੀ ਨਾ...।...ਸਾਰਿਆਂ ਨਾਲ ਜਵਾਲਾ ਸਿਉਂ ਆਲੀ ਹਊ...ਇਹ ਜਰੂਰੀ ਤਾਂ
ਨਹੀਂ....।.....ਅਸੀ ਤਾ ਬੱਸ ਕੁੜੀ ਦਾ ਸਮਾਨ ਈ ਚੱਕਣੈਂ ਬੱਸ ...।... ਸਿੱਧੀ ਗੱਲ ਦੱਸ .?" ਮੇਰੇ ਕੰਨੀ
ਨੂੰ ਕੌੜ ਅੱਖ ਨਾਲ ਝਾਕਦੇ ਹੋਏ ਨਵਦੀਪ ਦੇ ਬਾਪ ਨੇ ਫਿਰ ਉਂਗਲੀ ਸੇਧ ਲਈ।
ਉਹਦੀ ਰਮਜ਼ ਸਮਝ ਕੇ ਮੇਰੇ ਦੰਦ ਜੁੜ ਗਏ। ਐਨੇ ਨਿਰਮੋਹੇ! ਮੈਂ ਆਏ ਬੰਦਿਆਂ ਕੰਨੀ ਨੂੰ ਕਮਲਿਆਂ
ਵਾਂਗ ਝਾਕਣ ਲੱਗ ਪਿਆ। ਜੱਗੀ ਦੇ ਜਿਉਂਦੇ ਜੀਅ ਜੋ ਗੁੜ ਨਾਲੋਂ ਵੀ ਮਿੱਠੇ ਹੁੰਦੇ। ਕੀ ਇਹ ਉਹੀ ਸਨ
? ਕਿਵੇਂ ਸਾਰੇ ਇਕੋ-ਲਖਤ ਗਿਰਗਟ ਵਾਂਗ ਰੰਗ ਵਟਾ ਗਏ ? ਕਿੱਥੇ ਗਈ ਇਨ੍ਹਾਂ ਦੀ ਸ਼ਰਮ-ਇੱਜ਼ਤ ?
ਐਨੇ ਪੱਕੇ-ਪੀਡੇ ਰਿਸ਼ਤੇ ਦਾ ਗਲ ਘੁੱਟ ਕੇ ਕਿੱਥੇ ਜਾਣਗੇ ਇਹ ਲੋਕ ? ਕੀ ਇਨ੍ਹਾਂ ਨੂੰ ਜੱਗੀ ਦੀ ਅੰਸ਼ ਦਾ
ਵੀ ਕੋਈ ਫਿਕਰ ਨੀ ?
ਨਵਦੀਪ ਦੀ ਗੋਦੀ ਚੁੱਕੇ ਕਰਨਵੀਰ ਕੰਨੀ ਵੇਖ ਕੇ ਮੇਰਾ ਕਾਲਜਾ ਪਾਣ ਗਿਆ। ਕੰਧ 'ਤੇ ਟੰਗੀ
ਜੱਗੀ ਦੀ ਫੋਟੋ ਵੇਖ ਕੇ ਅੰਦਰ ਇਕ ਭੁੱਬ ਜਿਹੀ ਉੱਠੀ। ਮੇਰੀਆਂ ਅੱਖਾਂ ਭਰ ਆਈਆਂ। ਮੱਥੇ 'ਤੇ ਹੱਥ ਮਾਰ
ਕੇ ਮੈਂ ਮਾੜੇ ਵਕਤ ਨੂੰ ਕੋਸਣ ਲੱਗ ਪਿਆ।
"ਇਹ ਤਾਂ ਪੈਰਾਂ 'ਤੇ ਪਾਣੀ ਨੀ ਪੈਣ ਦਿੰਦੇ....।.....ਫੇਰ ਕਿਮੇਂ ਕਰੀਏ ਜੋਰਾ ਸਿਆਂ...।...ਕੀ
ਕਰੀਏ....?" ਮੈਂ ਸਿਰ ਚੁੱਕ ਕੇ ਉਤਾਂਹ ਨੂੰ ਵੇਖਿਆ। ਹੌਲੀ-ਹੌਲੀ ਸਰਪੰਚ ਮੈਨੂੰ ਹੀ ਪੁੱਛ ਰਿਹਾ ਸੀ।
ਉਹਦੀ ਗੱਲ ਸੁਣਕੇ ਮੈਂ ਦਿਲ ਜਿਹਾ ਕੈੜਾ ਕੀਤਾ, "ਕਹਿਣਾ ਕੀ ਐ ਸਰਪੰਚਾ...।...ਜਿਹੇ ਬੰਦੇ ਦੀ
ਅਣਸ ਈ ਮਰਗੀ...।...ਕਹਿ ਦੇ ਇਨ੍ਹਾਂ ਨੂੰ ਚੱਕ ਲੈਣ ਸਮਾਨ...।...ਜਿਥੇ ਐਸਤੀ ਮਰਾਉਣੀ ਐਂ
ਮਰਾਉਣ...।...ਪਰ ਮੇਰੇ ਜੱਗੀ ਦੀ ਅੰਸ਼ ਨੂੰ ਛੱਡ ਜਾਣ ਐਥੇ....। ਚੰਦਰੇ ਦੀ ਕੁਲ ਤੁਰਦੀ ਰਹਿ....।"
ਬੋਲਦੇ-ਬੋਲਦੇ ਫਿਰ ਪਤਾ ਨਹੀਂ ਕੀ ਹੋਇਆ। ਮੇਰਾ ਅੰਦਰ ਪਿਘਲਣ ਲੱਗ ਪਿਆ। ਨਵਦੀਪ ਦੇ ਬਾਪ
ਮੂਹਰੇ ਮੈਂ ਹੱਥ ਜੋੜ ਕੇ ਖੜ੍ਹ ਗਿਆ।
ਪਰ ਕਿਥੇ!.....ਨਾਲ ਦੀ ਨਾਲ ਜੱਗੀ ਦੇ ਕਾਲਜੀਏਟ ਜਿਹੇ ਸਾਲੇ ਨੇ ਸੱਪ ਵਾਂਗ ਵਰਾਟਾ ਮਾਰਿਆ,
"ਨਾ....ਨਾ....। ....ਇਹ ਗੱਲ ਬਿਲਕੁਲ ਹੀ....।.....ਮੁੰਡਾ ਨੀ ਦੇਣਾ ਅਸੀਂ...।"
ਕਿਸੇ ਗਿਣੀ-ਮਿਥੀ ਸਾਜਿਸ਼ ਤਹਿਤ ਹੀ ਬੜਾ ਸਾਲਾ ਵੀ ਭੜਕ ਪਿਆ, "ਲੈ ਮੁੰਡੇ ਦੀ ਐਂ ਕਿਤੇ
ਖੇਡ ਪਈ ਐ.....?"
"ਹੈਂ ਫੇਰ ਉਹੀ ਗੱਲ.....।.....ਓਏ ਮੁੰਡਾ ਤਾਂ...।" ਪੈਂਦੀ ਸੱਟੇ ਸਰਪੰਚ ਵੀ ਬੋਲ ਪਿਆ।
ਉਹਦੇ ਬੋਲਣਸਾਰ ਹੀ ਗੱਲ ਫਿਰ ਉਲਝ ਗਈ। ਕਿਚ-ਕਿਚ ਹੋਣ ਲੱਗ ਪਈ।
"ਇਕ ਮਿੰਟ ਸਰਦਾਰ ਸਾਹਿਬ...।" ਪਰ ਪੈ ਰੌਲੇ ਨੂੰ ਅੱਧ-ਵਾਟੇ ਹੀ ਕੱਟ ਨਵਦੀਪ ਦੇ ਬਾਪ ਨੇ ਮੈਨੂੰ
ਇਸ਼ਾਰਾ ਜਿਹਾ ਕੀਤਾ। ਨਾਲ ਦੀ ਨਾਲ ਉਹ ਉੱਠ ਕੇ ਬਾਹਰ ਨੂੰ ਤੁਰ ਪਿਆ।
ਉਹਦੀ ਅਲੋਕਾਰੀ ਹਰਕਤ ਵੇਖ ਕੇ ਮੈਂ ਸਰਪੰਚ ਹੋਰਾਂ ਕੰਨੀ ਨੂੰ ਝਾਕਿਆ। ਸਰਪੰਚ ਨੇ ਵੀ ਹਾਂ ਵਿਚ
ਸਿਰ ਨਿਵਾ ਦਿੱਤਾ। ਉੱਠ ਕੇ ਮੈਂ ਵੀ ਬਾਹਰ ਨੂੰ ਤੁਰ ਪਿਆ।
ਸਾਨੂੰ ਵੇਖ ਕੇ ਵਰਾਂਡੇ ਵਿਚ ਬੰਨ੍ਹਿਆ ਕੁੱਤਾ ਉੱਚੀ-ਉੱਚੀ ਭੌਂਕਣ ਲੱਗ ਪਿਆ।
ਪਰ ਨਵਦੀਪ ਦਾ ਬਾਪ ਉਹਦੇ ਕੰਨੀ ਝਾਕਿਆ ਤਕ ਨਾ। ਮੂਹਰੇ-ਮੂਹਰੇ ਤੁਰਦਾ ਉਹ ਮੈਨੂੰ ਪਰ੍ਹਾਂ ਕੰਧ
ਕੋਲ ਨੂੰ ਲੈ ਗਿਆ।
ਕੰਧ ਨੂੰ ਵੇਖ ਕੇ ਮੈਨੂੰ ਭੈਅ ਜਿਹਾ ਆਇਆ। ਪਤਾ ਨਹੀਂ ਮੈਨੂੰ ਐਕਣ ਕਿਉਂ ਲੱਗਿਆ ਜਿਵੇਂ ਉਹ
ਮੈਨੂੰ ਕੰਧ ਦੀਆਂ ਨੀਹਾਂ ਵਿਚ ਚਿਣਨ ਜਾ ਰਿਹਾ ਹੋਵੇ।
"ਦੇਖੋ ਸਰਦਾਰ ਜੀ....।...ਨਵਦੀਪ ਤਾਂ ਹੁਣ ਅਸੀਂ ਐਥੇ ਛੱਡਣੀ ਨੀ....ਤੇ ਰਹੀ ਗੱਲ ਕਰਨਵੀਰ
ਦੀ....।...ਜੇ ਮੁੰਡਾ ਰੱਖਣੈ ਤਾਂ ਦੋ ਲੱਖ ਕੁੜੀ ਦੀ ਝੋਲੀ ਪਾ ਦਿਓ ..।" ਇਕੋ ਲਖਤ ਉਹਦੇ ਬੋਲਾਂ ਨਾਲ
ਧਰਤੀ ਗਰਕਦੀ ਚਲੀ ਗਈ।

ਵਰਾਂਡੇ ਵਿਚ ਬੈਠਾ ਕੁੱਤਾ ਉਤਾਂਹ ਨੂੰ ਮੂੰਹ ਚੁੱਕ ਕੇ ਉੱਚੀ ਉੱਚੀ ਰੋਣ ਲੱਗ ਪਿਆ

ਮੈਨੂੰ ਜਾਪਿਆ ਜਿਵੇਂ ਕੰਧ ਮੇਰੇ 'ਤੇ ਆ ਡਿੱਗੀ ਹੋਵੇ।

ਮੈਨੂੰ ਘੁੰਮੇਰ ਜਿਹੀ ਚੜ੍ਹਦੀ ਚਲੀ ਗਈ।

"ਭੋਰਾ ਕੁ ਜੁਆਕ ਦਾ ਮੁੱਲ !...ਮੇਰੇ ਜੱਗੀ ਦੀ ਅੰਸ ਦਾ ਮੁੱਲ...।..ਲੱਗਜੇ ਗੋਲੀ ਥੋਨੂੰ ਬੁੱਚੜਾਂ ਨੂੰ...।" ਉਹਦੀ ਗੱਲ ਸੁਣਕੇ ਇਕ ਵਾਰੀ ਤਾਂ ਮੇਰੇ ਅੰਦਰ ਅੱਗ ਲੱਗ ਉੱਠੀ। ਮਨ 'ਚ ਆਈ ਕਿ ਗਲ੍ਹਾਮੇ ਤੋਂ ਫੜਕੇ ਚਾਰ ਗੱਲ-ਹੱਥ ਛੱਡਾਂ। ਪਰ ਨਹੀਂ...। ਐਸੀ ਸਥਿਤੀ ਕਿਥੇ ਰਹਿ ਗਈ ਸੀ ਮੇਰੀ। ਜੱਗੀ ਤਾਂ ਮੈਨੂੰ ਉਈਂ ਕੱਖੋਂ ਹੌਲਾ ਕਰ ਗਿਆ ਸੀ। ਫਿਰ ਜੀਅ 'ਚ ਆਈ ਕਿ ਇਨ੍ਹਾਂ ਨੂੰ ਕਚਿਹਰੀਆਂ ਵਿਚ ਘੜੀਸਾਂ। ਲੇਕਿਨ ਪਰਮੇ ਕੇ ਟੱਬਰ ਕੰਨੀ ਵੇਖ ਕੇ ਮੈਂ ਫਿਰ ਚੁੱਪ ਵੱਟ ਲਈ। ਪਰਮੇ ਦਾ ਮੁੰਡਾ ਕਾਲਾ ਵੀ ਤਾਂ ਮੇਰੇ ਜੱਗੀ ਵਾਂਗ ਬੇ-ਵਕਤਾ ਹੀ ਤੁਰ ਗਿਆ ਸੀ। ਭੋਗ ਪਿਛੋਂ ਉਹਦੀ ਘਰਆਲੀ ਮੁੰਡਾ ਲੈ ਕੇ ਪੇਕੀਂ ਜਾ ਬੈਠੀ। ਜਦੋਂ ਪਰਮੇ ਨੇ ਮੁੰਡਾ ਮੰਗਿਆ ਤਾਂ ਮੂਹਰੋਂ ਉਨ੍ਹਾਂ ਨੇ ਝੱਗਾ ਹੀ ਚੁੱਕ ਦਿੱਤਾ। ਗੱਲ ਉਲਝ ਕੇ ਕਚਿਹਰੀ ਜਾ ਵੜੀ ਸੀ। ਦੋਵਾਂ ਧਿਰਾਂ ਦੀ ਪੇਸ਼ੀ ਤੇ ਪੇਸ਼ੀ। ਦੋ-ਤਿੰਨ ਸਾਲ ਪੱਤਾ ਚੱਲੇ ਸਨ। ਪਰ ਅਜੇ ਤੱਕ ਪਰਮੇ ਨੂੰ ਮੁੰਡਾ ਨਹੀਂ ਸੀ ਮਿਲਿਆ।

ਕਿਸੇ ਅਦਿੱਖ ਭੈਅ ਮੂਹਰੇ ਮੇਰੀ ਜ਼ੁਬਾਨ ਤੇ ਅੰਗ ਪੈਰ ਦੋਵੇਂ ਝਿਪ ਗਏ। ਮੈਥੋਂ ਮਸਾਂ ਐਨਾ ਹੀ ਕਿਹਾ ਗਿਆ, "ਓਏ ਲੈ ਲਿਓ ਕੋਹੜੀਓ!...ਦੋ ਲੱਖ ਵੀ ਲੈ ਲਿਓ...।...ਪਰ ਮੇਰੇ ਜੱਗੀ ਦੀ ਨਿਸ਼ਾਨੀ ਦੇ ਦਿਓ....।"

"ਠੀਕ ਐ ਫੇਰ!....ਆਉਂਦੇ ਐਤਵਾਰ ਨੂੰ ਆਮਾਂਗੇ ਅਸੀਂ....।...ਜੇ ਮੁੰਡਾ ਰੱਖਣਾ ਹੋਊ ਤਾਂ ਦੋ ਲੱਖ...।" ਡੰਗ ਮਾਰ ਕੇ ਨਵਦੀਪ ਦਾ ਬਾਪ ਮੇਰੇ ਕੰਨੀ ਨੂੰ ਸੱਪ ਵਾਂਗ ਝਾਕਿਆ। ਫਿਰ ਰੁਕਿਆ ਨਹੀਂ। ਲੰਬੀ ਡਿੰਗ ਅੰਦਰ ਨੂੰ ਤੁਰ ਪਿਆ। ਮੇਰੇ ਪੈਰ ਮਣ-ਮਣ ਦੇ ਹੋ ਗਏ। ਤੁਰਨਾ ਔਖਾ ਹੋ ਗਿਆ।

ਮੈਨੂੰ ਨਹੀਂ ਪਤਾ ਮੈਂ ਕਦੋਂ ਅੰਦਰ ਪਹੁੰਚਿਆ। ਪਤਾ ਨਹੀਂ ਕਦੋਂ ਨਵਦੀਪ ਤੋਂ ਮੁੰਡਾ ਖੋਹ ਕੇ ਮੈਂ ਛਾਤੀ ਨਾਲ ਘੁੱਟ ਲਿਆ ਸੀ, "ਕਰਨਵੀਰ!....ਓਏ ਕਰਨਵੀਰ...!!"

ਜਦੋਂ ਮੇਰੀ ਸੁਰਤੀ ਪਰਤੀ ਸਾਰੇ ਜਣੇ ਬਾਹਰਲੇ ਗੇਟ ਕੰਨੀ ਨੂੰ ਤੁਰੇ ਜਾ ਰਹੇ ਸਨ।

ਅੰਦਰ ਵਰਾਂਡੇ ਵਿਚ ਥਮਲੇ ਨਾਲ ਬੰਨ੍ਹਿਆ ਕੁੱਤਾ ਉੱਚੀ-ਉੱਚੀ ਰੋ ਰਿਹਾ ਸੀ।

ਮੇਰੀ ਗੋਦੀ ਚੜ੍ਹਿਆ ਕਰਨਵੀਰ ਵੀ ਡੁਸਕਣ ਲੱਗ ਪਿਆ, "ਮ...ਮਾਂ...ਮ....ਮਾਂ...!!"

"ਓਏ ਉਹ ਤਾਂ ਮਰਗੀ ਚੰਦਰਿਆ...!!" ਮੇਰੇ ਮੂੰਹੋਂ ਨਿਕਲੀ ਅਵਾਜ਼ ਅੰਦਰ ਨੂੰ [illegible]ਦੀ ਚਲੀ ਗਈ।

ਬੇਰੰਗ ਜਿਹੀ ਦੁਆ-ਸਲਾਮ ਕਰਕੇ ਸਾਰੇ ਕਾਰਾਂ ਕੰਨੀ ਨੂੰ ਤੁਰ ਪਏ ਸਨ।

ਮੈਥੋਂ ਮੁੰਡਾ ਫੜਕੇ ਨਵਦੀਪ ਵੀ ਆਪਣੇ ਬਾਪ ਮਗਰ ਤੁਰ ਪਈ।

ਜਿਉਂ ਹੀ ਕਾਰਾਂ ਸਟਾਰਟ ਹੋਈਆਂ। ਉਹਦੀ ਗੋਦੀ ਚੁਕਿਆ ਕਰਨਵੀਰ ਮੇਰੇ ਕੰਨੀ ਨੂੰ ਬਾਹਾਂ ਅੱਡਣ ਲੱਗ ਪਿਆ, "ਬਾਪੂ ਜੀ!...ਬਾਪੂ ਜੀ....!!"

ਲੇਕਿਨ ਉਹਦੀ ਅਵਾਜ਼ ਕਾਰਾਂ ਦੀ ਗੂੰਜ ਹੇਠ ਦਬਦੀ ਚਲੀ ਗਈ।

ਪਹੇ ਵਿਚ ਉੱਡਦੀ ਧੂੜ ਵੇਖ ਕੇ ਮੈਨੂੰ ਖੜ੍ਹਨਾ ਔਖਾ ਹੋ ਗਿਆ। ਮੈਂ ਇਕੋ ਲਖਤ ਛਿਪਦੀ ਵਲੋਂ ਮੂੰਹ ਫੇਰ ਲਿਆ। ਗਿੱਲੀਆਂ ਅੱਖਾਂ ਨਾਲ ਪੂਰਬ ਦੀ ਗੁੱਠ ਕੰਨੀ ਨੂੰ ਵੇਖਣ ਲੱਗ ਪਿਆ, ਜਿਥੋਂ ਕੱਲ ਨੂੰ ਨਵੇਂ ਸੂਰਜ ਨੇ ਚੜ੍ਹਨਾ ਸੀ। •

*—ਪਿੰਡ. ਤੇ ਡਾਕ. ਅਮਰਗੜ੍ਹ (ਸੰਗਰੂਰ)*

••••



## ਗ਼ਜ਼ਲਾਂ

### ਮੱਖਣ 'ਕੁਹਾੜ'

1.

ਚਾਨਣ ਦੀ ਇੱਕ ਕਾਤਰ ਬਹੁਤ ਹੈ ਸਾਂਭਣ ਲਈ।
ਬੱਸ ਥੋੜ੍ਹਾ ਕੁ ਅੰਬਰ ਹੋਵੇ ਝਾਕਣ ਲਈ।

ਛਲ ਕਪਟਾਂ ਦੇ ਤੀਰ ਨੇ ਉਸਦੇ ਛੱਡਣ ਲਈ।
ਫਰਜਾਂ ਦੀ ਸੰਜ਼ੋਅ ਹੈ ਸਾਡੇ ਪਹਿਨਣ ਲਈ।

ਛਿਕਰੇ, ਚਿੜੀਆਂ ਬਾਜ਼ ਤੇ ਘੁੱਗੀਆਂ ਉੱਡਣ ਲਈ।
ਖੋਲ੍ਹ ਦਿਓ ਅਸਮਾਨ ਇੱਕਠੇ ਵਿਚਰਣ ਲਈ।

ਡਰ ਨਾ ਐ ਦਿਲ, ਕੁਝ ਨਹੀਂ ਤੈਥੋਂ ਹਾਰਨ ਲਈ,
ਐਧਰ ਸਾਰੀ ਧਰਤ ਪਈ ਹੈ ਜਿੱਤਣ ਲਈ।

ਕਿਉਂ ਮੇਰੇ ਘਰ ਗਾਹਕ ਘਲਾਈ ਜਾਂਦੇ ਹੋ?
ਕੁਝ ਵੀ ਮੇਰੇ ਕੋਲ ਨਹੀਂ ਹੈ ਵੇਚਣ ਲਈ।

ਬਹੁਤ ਨੇ ਬੱਦ-ਬਲਾਵਾਂ ਹਾਲੇ ਰਾਹਾਂ ਵਿੱਚ,
ਹਾਲੇ ਫ਼ੁਰਸਤ ਨਹੀਂ ਹੈਂ ਚੌਂਕ 'ਚ ਅਟਕਣ ਲਈ।

ਵਕਤ ਦਾ ਪਹੀਆ ਦੌੜ ਰਿਹਾ ਹੈ ਅੱਗੇ ਨੂੰ,
ਚਾਹੁੰਦੈ ਪਰ ਰਥਵਾਨ ਪਿਛਾਂਹ ਨੂੰ ਪਰਤਣ ਲਈ।

ਜਦ ਵੀ ਕਿੱਧਰੇ ਜ਼ਿਹਨ 'ਚ ਸੂਰਜ ਉਗਦਾ ਹੈ,
ਪੁੱਜ ਜਾਂਦੇ ਨੇ ਲੱਖਾਂ 'ਨੇਰੇ' ਡੱਸਣ ਲਈ।

ਧਰਤ ਹਿਲਾ ਦੇਵਾਂਗੇ ਵੇਖੀਂ ਨੱਚ ਨੱਚ ਕੇ,
ਮਿਲ ਜਾਵੇ ਜੇ ਚਾਅ ਕੋਈ ਵੀ ਨੱਚਣ ਲਈ।

2.

ਨਾ ਤਾਂ ਹਾਂ ਕਸ਼ਮੀਰ ਦੀ ਵਾਦੀ ਨਾਂ ਹਾਂ ਮੈਂ ਸ਼ਿਮਲਾ।
ਰੇਗਸਤਾਨ ਦਾਂ ਨਖਿਲਸਤਾਨ ਹਾਂ ਜਦ ਜੀਅ ਚਾਹੇ ਆ।

ਖ਼ਾਲੀ ਅੰਬਰ ਵੇਖ ਚਿੜੀ ਨੇ ਉੱਡਣਾਂ ਜਦ ਚਾਹਿਆ,
ਸੂਰਜ ਉਹਲਿਉਂ ਬਾਜ ਨਿਕਲਦੇ, ਉਸ ਤੇ ਝਪਟ ਪਿਆ।

ਹੜ੍ਹ ਆਇਆ ਤਾ ਕੁਝ ਪਲ ਵਗਕੇ ਸੁਕ ਗਿਆ ਜੋ ਦਰਿਆ,
ਸਾਰੀ ਉਮਰ ਰਿਹਾ ਉਹ ਸਾਡੇ ਨੈਣਾਂ ਵਿਚ ਵਗਦਾ।

ਅੰਮ੍ਰਿਤ ਬੂੰਦ ਜਿਹਾ ਲੱਗਾ ਸੀ, ਜਦ ਸੀ ਮੈਂ ਚੱਖਿਆ,
ਜ਼ਹਿਰ ਪਿਆਲਾ ਬਣ ਗਿਆ ਜਦ ਮੈਂ ਹੋਇਆ ਤ੍ਰਿਹਾਇਆ।

ਠਾਠ੍ਹਾਂ ਮਾਰਕੇ ਵਗਦਾ ਸੀ, ਜਦ ਕੰਢੇ ਬੈਠ ਰਿਹਾ,
ਬੇੜੀ ਠੇਲ੍ਹਣ ਦਾ ਮਨ ਬਣਿਆ, ਸੁੱਕ ਗਿਆ ਦਰਿਆ।

ਤਿਤਲੀ ਬਾਗ 'ਚ ਆਈ ਮਾਲੀ ਪਰ ਰਿਹਾ ਸੁੱਤਾ,
ਸਹੇ ਫਲ ਦੇ ਕੋਲ ਕਿਸੇ ਅੰਗਾਰ ਲਿਆ ਧਰਿਆ।

ਤੂੰ ਹੀ ਧੁੱਪ ਨਹੀਂ ਸੈਂ, ਮੈਂ ਸਾਂ ਬਰਫ ਦਾ ਇੱਕ ਤੋਦਾ,
ਮੇਰੀ ਹੀ ਗਲਤੀ ਸੀ ਜੋ ਮੈਂ ਐਵੇਂ ਪਿਘਲ ਗਿਆ।

ਮੈਂ ਤਾਂ ਚਾਹੁੰਦਾ ਸਾਂ ਕਿ ਉਸਦੇ ਹਾਣ ਦੀ ਰੁੱਤ ਬਣਦਾ,
ਪਰ ਉਹ ਚੰਦਰਾ ਖੁਦ ਹੀ ਭੀੜਾਂ ਵਿਚ ਗੁਆਚ ਗਿਆ।

ਅੱਖਾਂ ਖੋਲ੍ਹਾਂ ਤਾਂ ਦਿਸਦਾ ਹੈ ਮਾਰੂਥਲ ਤਪਦਾ,
ਬੰਦ ਕਰਾਂ ਅੱਖਾਂ ਤਾਂ ਦਿਸਦੈਂ ਰੰਗਾਂ ਦਾ ਦਰਿਆ।

ਯਾਰ ਖੁਸ਼ਾਮਦ ਦੇ ਤੰਦੂਏਂ ਤੋਂ ਖਹਿੜਾ ਲਈ ਛੁਟਦਾ,
ਛੱਪੜ, ਝੀਲਾਂ, ਦਰਿਆ, ਸਾਗਰ, ਹਰ ਥਾਂ ਫੈਲ ਗਿਆ।

ਕਿੰਨਾ ਸੁਹਣਾ ਫੁੱਲ ਖਿੜਿਆ ਹੈ ਇਹ ਗਲਦੌਦੀ ਦਾ,
ਕੱਕਰੋਂ, ਲੂਓਂ ਝੱਖੜਾਂ, ਔੜੋਂ ਕਾਸ਼ ਰਹੇ ਬਚਿਆ।

*ਅਮਨ ਨਿਵਾਸ, ਹਰਦੋਛੰਨੀ ਰੋਡ, ਗੁਰਦਾਸਪੁਰ*

## ਮਹਾਂਬੀਰ ਦਰਦੀ

3.

ਅਜੇ ਮੰਜ਼ਿਲ ਥਿਆਈ ਨਹੀਂ, ਅਜੇ ਤਾਂ ਪੰਧ ਬਾਕੀ ਹੈ
ਵਿਵਸਥਾ ਵਿਚ ਅਜੇ ਤੀਕਰ ਪੁਰਾਣਾ ਗੰਦ ਬਾਕੀ ਹੈ

ਅਜੇ ਸਵਰਾਜ ਦੇ ਨਾਂ ਤੇ ਉਹੀ ਪਰਬੰਧ ਬਾਕੀ ਹੈ
ਲਹੂ ਪੀਣੇ ਭਰਿਸ਼ਟਾਚਾਰ ਦਾ ਹਰ ਦੰਦ ਬਾਕੀ ਹੈ

ਬੜੀ ਜ਼ਾਲਮ ਅਜੇ ਦਿੱਲੀ ਤੇ ਸਰਹੰਦ ਬਾਕੀ ਹੈ
ਕਟਾਉਣਾ ਹੱਸ ਕੇ ਬੰਦੇ ਤਰ੍ਹਾਂ ਹਰ ਬੰਦ ਬਾਕੀ ਹੈ

ਸੁਤੰਤਰਤਾ, ਬਰਾਬਰਤਾ, ਕਿਵੇਂ ਮਹਿਸੂਸ ਹੋਵੇਗੀ
ਅਜੇ ਨਿਰਦੋਸ਼ ਲੋਕਾਂ ਦੇ ਗਲਾਂ ਵਿਚ ਫੰਦ ਬਾਕੀ ਹੈ

ਵਿਰੋਧੀ ਰੋਜ਼ ਮਾਰੂ ਸੋਚ ਦੇ ਹਥਿਆਰ ਨੇ ਘੜਦੇ
ਅਸਾਡੇ ਕੋਲ ਤਾਂ ਸੰਗਰਾਮ ਦਾ ਇਕ ਸ਼ੰਦ ਬਾਕੀ ਹੈ

ਅਜੇ ਦਿਲਦਾਰ ਦੀ ਚਿੰਤਾ, ਅਜੇ ਸੰਸਾਰ ਦੀ ਚਿੰਤਾ
ਇਕੱਲੀ ਜਾਨ ਨੇ ਪਿਟਣਾ ਅਜੇ ਸੌ ਧੰਦ ਬਾਕੀ ਹੈ

ਨਹੀਂ ਕੁੱਲੀ, ਨਹੀਂ ਗੁੱਲੀ, ਨਹੀਂ ਜੁੱਲੀ ਮਿਲੀ ਸਭ ਨੂੰ
ਵਤਨ ਵਿਚ ਅਣਗਿਣਤ ਬੰਦਾ ਜ਼ਰੂਰਤਮੰਦ ਬਾਕੀ ਹੈ

ਹਨੇਰੇ ਦੂਰ ਹੋਵਣਗੇ, ਸਵੇਰੇ ਨੂਰ ਵੰਡਣਗੇ
ਅਜੇ ਚੜ੍ਹਨਾ ਨਵੇਂ ਯੁਗ ਦਾ ਨਵੇਲਾ ਚੰਦ ਬਾਕੀ ਹੈ

ਕਿਸੇ ਦੀ ਸੋਚ ਤੇ ਹੋਵੇ ਨਿਰਾਸ਼ਾਵਾਦ ਨਾ ਭਾਰੂ
ਹਯਾਤੀ ਦਾ ਅਜੇ 'ਦਰਦੀ' ਜਿਹਾ ਦਰਦਮੰਦ ਬਾਕੀ ਹੈ



4.

ਜੇ ਬੰਦਾ ਹੀ ਵਿਕਾਊ ਹੈ ਤਾਂ ਫਿਰ ਈਮਾਨ ਕਿੱਥੇ ਹੈ ?
ਜਦੋਂ ਕਿਰਦਾਰ ਹੈ ਸ਼ੈਤਾਨ ਦਾ ਇਨਸਾਨ ਕਿੱਥੇ ਹੈ ?

ਉਹ ਆਦਰ ਮਾਣ ਕਿੱਥੇ ਹੈ, ਪੁਰਾਣੀ ਸ਼ਾਨ ਕਿੱਥੇ ਹੈ ?
ਇਜ਼ਤ ਤੇ ਆਨ ਕਿੱਥੇ ਹੈ, ਉਹ ਹਿੰਦੁਸਤਾਨ ਕਿੱਥੇ ਹੈ ?

ਸਿਆਸਤ ਦਾ ਅਖਾੜਾ ਹੈ, ਧਰਮ-ਅਸਥਾਨ ਕਿੱਥੇ ਹੈ ?
ਅਜੇ ਤਕ ਦੇਸ਼ ਅੰਦਰ ਬੰਦੇ ਦਾ ਸਨਮਾਨ ਕਿੱਥੇ ਹੈ ?

ਕਲਾ ਦਾ ਨੂਰ ਹੈ ਬੁਝਿਆ, ਦਿਲਾਂ ਦੀ ਸਾਂਝ ਹੈ ਮੁੱਕੀ ?
ਪਛਾਣੇ ਜੋ ਕਦੀਮੀ ਰੋਗ ਨੂੰ ਲੁਕਮਾਨ ਕਿੱਥੇ ਹੈ ?

ਅਜੋਕੇ ਦੌਰ ਅੰਦਰ ਆਦਮੀ ਦਾ ਮੁੱਲ ਨਹੀਂ ਕੋਈ ?
ਅਜੋਕਾ ਆਦਮੀ ਕਦਰਾਂ ਦਾ ਨਿਸਚੇਵਾਨ ਕਿੱਥੇ ਹੈ ?

ਕਰੁੱਪਟ ਨੇਤਾ ਦੇ ਵਿਖਿਆਨ ਨੇ ਈਮਾਨਦਾਰੀ ਦੇ ?
ਬਣੇ ਜੋ ਦੇਸ਼ ਦਾ ਸੇਵਕ ਸਿਆਸਤਦਾਨ ਕਿੱਥੇ ਹੈ ?

ਬੜਾ ਹੈ ਤੇਜ਼ ਪੂੰਜੀਵਾਦ ਦਾ ਵਿਸ਼ਵੀਕਰਨ ਏਥੇ ?
ਬਚਾਵਾਂਗੇ ਸੁਦੇਸ਼ੀ ਨੇਤਾ ਦਾ ਐਲਾਨ ਕਿੱਥੇ ਹੈ ?

ਘਰੀ ਆਏ ਅਦੀਬਾਂ ਨੂੰ ਗਰੀਬੀ ਵਿਚ ਅਸਾਂ 'ਦਰਦੀ' ?
ਨਵੇਂ ਸ਼ੇਅਰ ਪਰੋਸੇ ਰੋਜ਼, ਦਸਤਰਖਾਨ ਕਿੱਥੇ ਹੈ ?

*(V.P.O. ਟਿੱਬਾ ਕਪੂਰਥਲਾ)*

## ਸੁਰਜੀਤ ਸਾਜਨ

5.

ਸਿਤਾਰਾ ਟਿਮ-ਟਿਮਾਉਂਦਾ ਹਾਂ ਤੁਸੀ ਇਤਰਾਜ਼ ਕਰਦੇ ਹੋ।
ਕਿ ਨ੍ਹੇਰੇ ਨੂੰ ਸਤਾਉਂਦਾ ਹਾਂ ਤੁਸੀਂ ਇਤਰਾਜ਼ ਕਰਦੇ ਹੋ।

ਮੈਂ ਆਪਣੀ ਬਾਤ ਪਾਉਂਦਾ ਹਾਂ ਤੁਸੀਂ ਇਤਰਾਜ ਕਰਦੇ ਹੋ।
ਜ਼ਰਾ ਇਨਸਾਫ਼ ਚਾਹੁੰਦਾ ਹਾਂ ਤੁਸੀਂ ਇਤਰਾਜ਼ ਕਰਦੇ ਹੋ।

ਤੁਸੀ ਚਾਹੋ ਤਾਂ ਮਨ ਭਾਉਂਦੇ ਤਰਾਨੇ ਗਾਉਣ ਦੀ ਖੁਲ੍ਹ ਹੈ,
ਸੁਭਾਵਕ ਗੁਣ ਗੁਣਾਉਂਦਾ ਹਾਂ ਤੁਸੀਂ ਇਤਰਾਜ਼ ਕਰਦੇ ਹੋ।

ਮੁਸ਼ੱਕਤ ਕਰਦਿਆਂ ਨੂੰ ਹੀ ਸਤਾਉਂਦਾ ਫਿਕਰ ਰੋਟੀ ਦਾ ?
ਸਵਾਲੀ ਚਿੰਨ ਲਾਉਂਦਾ ਹਾਂ ਤੁਸੀਂ ਇਤਰਾਜ਼ ਕਰਦੇ ਹੋ।

ਮਾਸੂਮਾਂ ਤੇ ਹੀ ਸਾਜ਼ਸ਼ੀ ਤੇ ਆ ਰਹਿ ਰਿਹਾ ਅਕਸਰ,
ਇਹੋ ਜਿਹੀ ਗੱਲ ਚਲਾਉਂਦਾ ਹਾਂ ਤੁਸੀਂ ਇਤਰਾਜ਼ ਕਰਦੇ ਹੋ।

ਆਜ਼ਾਦੀ ਹੈ ਤੇ ਸਾਂਝੇ ਰੱਬ ਦੀ ਭਗਤੀ ਇਬਾਦਤ ਵਿਚ
ਜੇ ਆਪਣਾ ਢੰਗ ਚਾਹੁੰਦਾ ਹਾਂ ਤੁਸੀਂ ਇਤਰਾਜ਼ ਕਰਦੇ ਹੋ।

ਹਵਾ ਵਿਚ ਲਟਕਦੇ ਬੋਲਾਂ ਨੂੰ ਹੁੰਗਾਰਾ ਨਹੀਂ ਮਿਲਦਾ

ਹੁਗਾਰੰ ਨੂੰ ਬੁਲਾਉਂਦਾ ਹਾਂ ਤੁਸੀ ਇਤਰਾਜ਼ ਕਰਦੇ ਹੋ।

ਨਿਵਾਣਾਂ ਵਲ ਨੂੰ ਪਾਣੀ ਦਾ ਵਹਾ ਹੁੰਦਾ ਹਮੇਸ਼ਾ ਹੀ
ਜ਼ਰਾ ਜੇ ਰੋਕ ਪਾਉਂਦਾ ਹਾਂ ਤੁਸੀ ਇਤਰਾਜ਼ ਕਰਦੇ ਹੋ।

ਜਦੋਂ ਸਰਮਦ ਨੂੰ ਆਂਦਾ ਕਤਲਗਾਹ ਹਸ ਕੇ ਕਿਹਾ ਉਸਨੇ
ਖਿਮਾ ਨਾ ਤਰਸ ਚਾਹੁੰਦਾ ਹਾਂ ਤੁਸੀਂ ਇਤਰਾਜ਼ ਕਰਦੇ ਹੋ।

ਬਹਾਨੇ ਬੇ ਤੁਕੇ ਘੜ ਘੜ ਕੇ ਖਿਝਦੇ ਹੋ ਖਿਝਾਉਂਦੇ ਹੋ
ਜਦੋਂ ਮੈਂ ਲੋਟ ਆਉਂਦਾ ਹਾਂ ਤੁਸੀਂ ਇਤਰਾਜ਼ ਕਰਦੇ ਹੋ।

ਮੈਂ ਏਥੋਂ ਦਾ ਬਸ਼ਿੰਦਾ ਹਾਂ ਹਰ ਇਕ ਏਥੋਂ ਦੀ ਵਸਤੂ ਤੇ
ਨਿਗਾ ਸਹਿਵਨ ਈ ਪਾਉਂਦਾ ਹਾਂ ਤੁਸੀਂ ਇਤਰਾਜ਼ ਕਰਦੇ ਹੋ।

ਮੇਰਾ ਤਾਂ ਫੁਲ ਬਣਕੇ ਖਿੜਨ ਦਾ ਮਕਸਦ ਮਹਿਕ ਵੰਡਣਾਂ
ਕਿਸੇ ਵੀ ਮਨ ਨੂੰ ਭਾਉਂਦਾ ਹਾਂ ਤੁਸੀਂ ਇਤਰਾਜ਼ ਕਰਦੇ ਹੋ।

ਕਟਹਿਰੇ ਵਿਚ ਖੜੇ ਸੱਚ ਦੀ ਨਾ ਕੋਈ ਗੌਰ ਸੁਣਵਾਈ
ਜਦੋਂ ਇਤਰਾਜ਼ ਲਾਉਂਦਾ ਹਾਂ ਤੁਸੀਂ ਇਤਰਾਜ਼ ਕਰਦੇ ਹੋ।

ਸ਼ੁਰੂ ਹੋਇਆ ਵਢਾਂਗਾ ਪੱਜ ਪਾ ਕੇ ਰੁੱਖ ਛਾਂਗਣ ਦਾ
ਇਦ੍ਹੀ ਚਰਚਾ ਚਲਾਉਂਦਾ ਹਾਂ ਤੁਸੀਂ ਇਤਰਾਜ਼ ਕਰਦੇ ਹੋ।

ਕਦੇ ਉੱਚੇ ਤੋਂ ਉੱਚਾ ਬੋਲ ਕੇ ਕੀ ਸਿੱਧ ਕਰਦੇ ਹੋ
ਜੇ ਇਹ ਜਾਨਣ ਤੇ ਆਉਂਦਾ ਹਾਂ ਤੁਸੀਂ ਇਤਰਾਜ਼ ਕਰਦੇ ਹੋ।

ਤੁਸੀਂ ਵੰਗਾਰ ਕਹਿੰਦੇ ਹੋ, ਹੈ ਮੇਰਾ ਰੋਸ ਗ਼ਜ਼ਲਾਂ ਵਿਚ
ਇਹ ਮਹਿਫਿਲ ਵਿਚ ਸੁਣਾਉਂਦਾ ਹਾਂ ਤੁਸੀਂ ਇਤਰਾਜ਼ ਕਰਦੇ ਹੋ।

ਮੈਂ ਸਾਜਨ ਹਾਂ ਤੇ ਸੱਜਣਾਂ ਦੀ ਰਜ਼ਾ ਅੰਦਰ ਮੁਹੱਬਤ ਵਿਚ
ਵਫ਼ਾ ਆਪਣੀ ਜਿਤਾਉਂਦਾ ਹਾਂ ਤੁਸੀਂ ਇਤਰਾਜ਼ ਕਰਦੇ ਹੋ।

*(ਪੱਤੜ-ਕਲਾਂ, ਜਲੰਧਰ)*

## ਅਜਮੇਰ ਕੰਧਾਲਾ

6.

ਰਸਤੇ ਦਾ ਪੱਥਰ ਹਾਂ!
ਪੈਰਾਂ ਦੀ ਠੋਕਰ ਹਾਂ!!

ਮੰਜ਼ਿਲ ਦੀ ਸਾਰ ਨਹੀਂ,
ਅਣਜਾਣ ਮੁਸਾਫਿਰ ਹਾਂ!

ਘਰ ਅੰਦਰ ਰਹਿ ਕੇ ਵੀ,
ਲੱਗਦਾ ਹੈ ਬੇਘਰ ਹਾਂ!

ਫੁੱਲਾਂ ਦੀ ਸੇਜ਼ ਨਹੀਂ.
ਕੰਡਿਆਲਾ ਬਿਸਤਰ ਹਾਂ!

ਆ ਕੋਲ ਕਿਨਾਰੇ ਦੇ,



ਡੁੱਬਿਆ ਮੈਂ ਅਕਸਰ ਹਾਂ!

ਬਾਹਰ ਨਾ ਲੱਭ ਮੈਨੂੰ,
ਮੈਂ ਤੇਰੇ ਅੰਦਰ ਹਾਂ!

ਗ਼ਜ਼ਲਾਂ ਦੀ ਬਹਿਰ ਨਹੀਂ,
ਮੈਂ ਕਿਹੜਾ ਸ਼ਾਇਰ ਹਾਂ!

'ਕੰਧਾਲਾ' ਕੌਣ ਪੜ੍ਹੇ,
ਇੱਕ ਰੁਲਦਾ ਅੱਖਰ ਹਾਂ!

## ਪ੍ਰੇਮ ਸਾਹਿਲ

7.

ਜਾਗਦੇ ਹੋਏ ਨੂੰ ਆਇਆ ਇਕ ਸੁਪਨਾ ਇਸ ਤਰ੍ਹਾਂ
ਬੰਦ ਦਰਵਾਜ਼ਾ ਕਿਸੇ ਨੇ ਖਟਖਟਾਇਆ ਜਿਸ ਤਰ੍ਹਾਂ

ਮੇਰੇ ਅੰਦਰ ਇਕ ਪਰਛਾਵਾਂ ਜਿਹਾ ਉਡਦਾ ਫਿਰੇ
ਫੜਫੜਾਹਟ ਉਡ ਰਹੇ ਖੰਭਾਂ ਦੀ ਮੈਂ ਫੜਦਾ ਫਿਰਾਂ

ਤੂੰ ਨਜ਼ਰ ਆਵੇਂ ਨਾ ਆਵੇਂ ਮੇਰੀਆਂ ਅੱਖਾਂ, ਮਗਰ
ਜੁਗਨੂੰਆਂ ਦੇ ਨਾਲ ਉਡੀਆਂ ਫਿਰਦੀਆਂ ਨੇ ਕੀ ਕਰਾਂ

ਸੋਚਦੀ ਤਾਂ ਹੈ ਕਿ ਉਹ ਮੁੜ ਕੇ ਕਦੀ ਆਇਆ ਨਹੀਂ
ਬੋਲਦੀ ਪਰ ਕੁਝ ਨਹੀਂ ਖਾਮੋਸ਼ ਹੈ ਸੁੰਨੀ ਸਰਾਂ

ਜੋ ਨਦੀ ਮੇਰੇ ਲਹੂ ਦੇ ਹਾਣਦੀ ਹੈ ਉਸ ਨੂੰ ਮੈਂ
ਬਾਜ਼ੂਆਂ ਵਿਚਕਾਰ ਲੈ ਕੇ ਪਾਰ ਕਰਨੋਂ ਕਿਉਂ ਡਰਾਂ

ਜ਼ਿੰਦਗੀ ਬਾਹਾਂ 'ਚ ਸੀ ਮੇਰੇ ਜਦੋਂ ਦਿਲ ਨੇ ਕਿਹਾ
ਇਹ ਕੋਈ ਚੁੰਮਣਾ ਦੀ ਸ਼ੈਅ ਹੈ ? ਇਸ ਬਲਾ ਨੂੰ ਸੁੱਟ ਪਰ੍ਹਾਂ।

8.

ਸਾਫ਼ ਪਹਿਲਾਂ ਆਈਨੇ ਦਾ ਫ਼ਰਸ਼ ਕਰ
ਫੇਰ ਚਿਹਰਾ ਆਪਣਾ ਉਸ ਤਰਫ਼ ਕਰ

ਰਹਿਣ ਦੇ ਖਾਮੋਸ਼ ਜੇ ਨਹੀਂ ਬੋਲਦਾ
ਲਫ਼ਜ਼ਾਂ ਤੋਂ ਬਗ਼ੈਰ ਤੂੰ ਵੀ ਅਰਜ਼ ਕਰ

ਕੋਈ ਰੋਸ਼ਨਦਾਨ ਦਰਵਾਜ਼ਾ ਨਹੀਂ
ਬੰਦ ਨੇ ਸਭ ਖਿੜਕੀਆਂ ਵੀ ਫ਼ਰਜ਼ ਕਰ ?

ਗੂੰਜਦੀਆਂ ਜੋ ਤਿਰੇ ਅੰਦਰ ਕਦੀ
ਤੂੰ ਉਨ੍ਹਾਂ ਖਾਮੋਸ਼ੀਆਂ ਨੂੰ ਦਰਜ ਕਰ

ਰਹਿਣ ਦੇ ਭੋਗ ਹਰੇਪਨ ਦਾ ਭਰਮ
ਨਾ ਦਰੋ-ਦੀਵਾਰ ਜ਼ਰਦ ਕਰ

ਰਿਸ਼ਤਿਆਂ ਦਾ ਕਾਰੋਬਾਰ ਬਾਅਦ 'ਚ
ਸਾਫ਼ ਪਹਿਲਾਂ ਰਿਸ਼ਤਿਆਂ ਦੇ ਅਰਥ ਕਰ

ਦਰਦ ਨੇ ਤਾਂ ਬਾਹਰ ਜਾਣਾ ਹੈ ਨਹੀਂ
ਦਰਦ ਨੂੰ ਆਪਣਾ ਹਮਦਰਦ ਕਰ।

**ਅਜੀਤ ਸਿੰਘ ਆਸ**

9.

ਖਿਆਲਾਂ 'ਚ ਮੇਰੇ ਬਿਜਲੀਆਂ, ਤੇ ਖ਼ੂਨ ਵਿਚ ਹਰਕਤ ਸਦਾ।
ਇਸ ਲਈ ਹੈ, ਦਰ ਮੇਰੇ 'ਤੇ, ਨੱਚਦੀ ਬਰਕਤ ਸਦਾ।

ਜੀਵਿਆਂ ਹਾਂ ਅਣਖ ਸੰਗ, ਮੈਂ ਹੌਸਲਾ ਨਹੀਂ ਹਾਰਿਆ,
ਆਈ ਹੈ ਜੋ ਵੀ ਮੁਸੀਬਤ, ਕਰ ਗਈ ਹਿਜਰਤ ਸਦਾ।

ਕਲਮ ਜਦ ਚੁੱਕੀ ਤਾਂ ਜੁੱਕੀ, ਡਿੱਗਿਆਂ ਲੋਕਾਂ ਲਈ,
ਜੂਝਿਆਂ ਹੱਕਾਂ ਦੀ ਖਾਤਰ, ਜਦ ਮਿਲੀ ਫ਼ੁਰਸਤ ਸਦਾ।

ਪਿਆਰ ਜੇ ਕੀਤਾ ਕਦੀ ਤਾਂ, ਕਦਮ ਨਾ ਧਰਿਆ ਪਿਛਾਂਹ,
ਜਰ ਲਈ ਸੀਨੇ 'ਤੇ ਅਪਣੇ, ਜੋ ਮਿਲੀ ਤੁਹਮਤ ਸਦਾ।

ਅੰਦਰੋਂ ਤੇ ਬਾਹਰੋਂ ਇਕ ਜੋ, ਕਹਿਣੀ ਤੇ ਕਰਨੀ ਇਕ ਹੈ,
ਬਸ਼ਰ ਉਹ ਸੰਸਾਰ ਵਿਚ, ਪਾਉਂਦੇ ਰਹੇ ਸ਼ੁਹਰਤ ਸਦਾ।

ਮੰਜ਼ਲਾਂ ਦੀ ਆਸ ਵਿਚ, ਜੋ ਥਿੜਕਦੇ ਨਾ ਡੋਲਦੇ,
ਕੰਮ ਆਉਂਦੀ ਅੰਤ ਨੂੰ, ਉਹਨਾਂ ਦੀ ਹੈ ਜੁੱਰਅਤ ਸਦਾ।

**ਤ੍ਰੈਲੋਚਣ "ਲੋਚੀ"**

10.

ਨਾਲ ਮੱਥੇ ਦੇ ਏਹਨੂੰ ਛੁਹਾਇਆ ਕਰੋ।
ਕਰਜ਼ ਮਿੱਟੀ ਦਾ ਕੁਝ ਤਾਂ ਚੁਕਾਇਆ ਕਰੋ।

ਜਿਹੜਾ ਲੋਕਾਂ ਦੇ ਦੁੱਖਾਂ ਦੀ ਗੱਲ ਨਾ ਕਰੇ,
ਉਹਨੂੰ ਸ਼ਾਇਰ ਨਾ ਕਹਿਕੇ ਬੁਲਾਇਓ ਕਰੋ।

ਤੁਸੀਂ ਲੱਖਾਂ ਸਮੁੰਦਰ ਨੂੰ ਸਜਦੇ ਕਰੋ,
ਪਰ ਥਲਾਂ ਨੂੰ ਵੀ ਹੱਸਕੇ ਬੁਲਾਇਓ ਕਰੋ।

ਤਖ਼ਤਾਂ ਵਾਲੇ ਤਾਂ ਕੁਝ ਚਿਰ ਦੇ ਮਹਿਮਾਨ ਨੇ,
ਅਪਣੇ ਲੋਕਾਂ ਦੇ ਨਗਮੇ ਵੀ ਗਾਇਆ ਕਰੋ।

ਕੀ ਪਤਾ ਚੁੱਪ ਏਦਾਂ ਹੀ ਟੁੱਟ ਜੇ ਉਦ੍ਹੀ ?
ਜਾਕੇ 'ਲੋਚੀ' ਨੂੰ ਗਜ਼ਲਾਂ ਸੁਣਾਇਓ ਕਰੋ।

*—20 ਸੈਕੰਡ ਫਲੋਰ, ਐੱਚ. ਆਈ. ਜੀ. ਫਲੈਟਸ*
*ਰਾਜਗੁਰੂ ਨਗਰ, ਲੁਧਿਆਣਾ।*





# ਗਿਆਰਾਂ ਨਵੰਬਰ / *ਸੂਫੀ ਅਮਰਜੀਤ*

ਵੈਸੇ ਤਾਂ ਅੱਜ ਕਿਸੇ ਵੀ ਮੌਸਮ ਦੇ ਕਿਸੇ ਮਹੀਨੇ ਦੀ, ਕੋਈ ਵੀ ਤਾਰੀਖ ਹੋ ਸਕਦੀ ਸੀ। ਪਰ ਜਦੋਂ ਪਹਾੜ ਵਲੋਂ ਵਗਦੀ ਠੰਡੀ ਹਵਾ ਨਾਲ ਸਰੀਰ ਨੂੰ ਸੁੰਨ ਚੜ੍ਹਦਾ ਹੋਵੇ, ਠੰਡ ਹੱਡਾਂ ਵਿਚ ਧਸਦੀ ਜਾਂਦੀ ਹੋਵੇ, ਦਰਖਤਾਂ ਨੂੰ, ਪੀਲੇ ਪੈ ਕੇ ਡਿੱਗੇ ਪੱਤਿਆਂ ਨੇ ਨਿਰਵਸਤਰ ਕਰ ਦਿੱਤਾ ਹੋਵੇ, ਉਹਨਾਂ ਦੀਆਂ ਟਾਹਣੀਆਂ, ਗਰੀਬ ਬੰਦਿਆਂ ਦੀਆਂ ਨਾੜਾਂ ਵਾਂਗ ਉਭਰ ਆਈਆਂ ਹੋਣ ਅਤੇ ਅਕਾਸ਼ ਵਿਚ ਕੂੰਜਾਂ ਦੀਆਂ ਡਾਰਾਂ ਉਦਾਸ ਸੁਰ ਵਿਚ ਕੁਰਲਾਉਂਦੀਆਂ ਲੰਘ ਰਹੀਆਂ ਹੋਣ ਤਾਂ ਨਿਸਚੇ ਨਾਲ ਕਹਿ ਸਕਦੇ ਹਾਂ ਕਿ ਪੱਤਝੜ ਦੀ ਰੁਤ ਹੈ। ਨਵੰਬਰ ਦਾ ਮਹੀਨਾ ਹੈ।

ਦਲਬੀਰ ਬਾਰੀ ਵਿਚੋਂ ਬਾਹਰ ਪੱਤਝੜ ਦੀਆਂ ਨਿਸ਼ਾਨੀਆਂ ਨੂੰ ਨਜ਼ਰਾਂ ਨਾਲ ਭਾਲਦਾ ਘੋਖਦਾ ਦੂਰ ਦੇਖ ਰਿਹਾ ਸੀ।

"ਉਹ! ਅੱਜ ਤਾਂ ਗਿਆਰਾਂ ਨਵੰਬਰ ਹੈ, 'ਰੀਮੈਂਬਰਸ ਡੇ!!" ਉਸ ਨੂੰ ਅਚਾਨਕ ਯਾਦ ਆਇਆ ਫੈਕਟਰੀ ਬੰਦ ਹੋਣ ਕਾਰਨ ਉਹ ਇਹਨੀਂ ਦਿਨੀਂ ਬੇਰੁਜ਼ਗਾਰ ਸੀ। ਨਹੀਂ ਤਾਂ ਕੰਮ ਸਮੇਂ ਛੁੱਟੀ ਦੀ ਪਹਿਲਾਂ ਹੀ ਉਡੀਕ ਹੁੰਦੀ ਹੈ। ਅੱਜ ਕੌਮੀ ਛੁੱਟੀ ਸੀ।

ਉਸ ਨੇ ਖੱਬੇ ਗੁੱਟ ਤੇ ਲੱਗੀ ਘੜੀ ਦੇਖੀ। ਉਹ ਕਾਹਲੇ ਪੈਰੀਂ ਬੂਹੇ ਵੱਲ ਗਿਆ। ਬਾਹਰ ਅਖਬਾਰ ਵਾਲਾ ਮੁੰਡਾ ਅਖਬਾਰ ਧਰ ਗਿਆ ਸੀ।

ਅਖਬਾਰ ਦੇ ਮੁੱਖ ਪੰਨੇ ਉਪਰ, ਰਾਜਧਾਨੀ ਵਿਚ ਦੂਜੀ ਜੰਗ ਦੇ ਸ਼ਹੀਦਾਂ ਦੀ ਯਾਦ ਵਿਚ ਬਣੇ ਸ਼ਹੀਦੀ ਮੀਨਾਰ ਦੀ ਤਸਵੀਰ ਸੀ। ਦੂਰ, ਬਹੁਤ ਦੂਰ, ਕੈਨੇਡਾ ਦੀ ਧਰਤੀ ਤੋਂ ਹਜ਼ਾਰਾਂ ਮੀਲ ਦੂਰ ਯੂਰਪ ਵਿਚ, ਦੂਜੀ ਸੰਸਾਰ ਜੰਗ ਵਿਚ ਨਾਜ਼ੀਆਂ-ਫਾਸਿਸਟਾਂ ਨਾਲ ਲੜਦੇ, ਕੁਰਬਾਨ ਹੋ ਗਏ ਸ਼ਹੀਦਾਂ ਦੀ ਯਾਦ ਵਿਚ ਕੈਨੇਡੀਅਨ ਝੰਡਾ ਉੱਚਾ ਲਹਿਰਾ ਰਿਹਾ ਸੀ।

ਦਲਬੀਰ ਚਾਲ੍ਹੀਆਂ ਤੋਂ ਉਪਰ ਸੀ। ਕੈਨੇਡਾ ਆਉਣ ਤੋਂ ਪਹਿਲਾਂ ਜਦੋਂ ਉਹ ਸਕੂਲ ਮਾਸਟਰ ਸੀ ਤਾਂ ਦਾਹੜੀ ਕਤਰ ਕੇ ਰੱਖਦਾ ਸੀ। ਏਥੇ ਆ ਕੇ ਉਸ ਨੇ ਸ਼ੇਵ ਕਰ ਲਈ ਸੀ। ਉਸ ਦੇ ਇਕਹਿਰੇ ਸਰੀਰ ਉਪਰ ਹਰ ਕੱਪੜਾ ਸਜ ਜਾਂਦਾ, ਸੂਟ-ਟਾਈ ਹਵ ਜਾਂ ਕਲੀਆਂ ਵਾਲਾ ਕੁਰਤਾ ਪਜਾਮਾ। ਸਾਦਗੀ ਉਸ ਨੂੰ ਵਿਰਸੇ 'ਚੋ ਮਿਲੀ ਹੋਈ ਸੀ। ਦੋਸਤਾਂ ਮਿੱਤਰਾਂ ਵਿਚ ਉਹ ਖੁਸ਼ ਰਹਿੰਦਾ, ਪ੍ਰੰਤੂ ਫਜ਼ੂਲ ਗੱਲਾਂ ਗੱਪਾਂ ਉਸ ਨੂੰ ਚੰਗੀਆਂ ਨਾ ਲੱਗਦੀਆਂ। ਉਹ ਆਪ ਘੱਟ ਬੋਲਦਾ। ਦੂਸਰੇ ਦੀਆਂ ਸੁਣ ਕੇ ਮੁਸਕਰਾਉਂਦਾ ਰਹਿੰਦਾ, ਤੇ ਕਦੀ ਕਦਾਈਂ ਟਿੱਪਣੀ ਵੀ ਕਰ ਦਿੰਦਾ। ਅਸਲ ਵਿਚ ਉਹ ਗੰਭੀਰ ਸੁਭਾ ਦਾ ਬੰਦਾ ਸੀ।

ਕੈਨੇਡਾ ਆ ਕੇ ਉਸ ਨੂੰ ਕਈ ਕੰਮ ਕਰਨੇ ਪਏ। ਦਫਤਰਾਂ ਦੀ ਸਫਾਈ, ਪਹਿਰੇਦਾਰੀ, ਖੇਤ-ਮਜ਼ਦੂਰੀ, ਉਸਾਰੀ ਮਜ਼ਦੂਰ, ਗੱਲ ਕੀ ਹਰ ਇਕ ਕੰਮ, ਜਿਸ ਨੂੰ ਦੇਸ਼ ਕੰਮੀਆਂ ਦਾ ਕੰਮ ਸਮਝਦੇ ਸਨ, ਉਸ ਲਈ ਕਦੀ ਸ਼ਰਮ ਵਾਲਾ ਕੰਮ ਨਹੀਂ ਸੀ। ਸਗੋਂ ਉਸ ਨੇ ਇਹਨਾਂ ਹੇਠਲੇ ਕੰਮਾਂ ਦੀਆਂ ਯੂਨੀਅਨਾਂ ਵਿਚ ਮੂਹਰੇ ਹੋ ਕੇ ਕੰਮ ਕੀਤਾ। ਜਿਸ ਫੈਕਟਰੀ ਵਿਚ ਉਹ ਹੁਣ ਕੰਮ ਕਰਦਾ ਸੀ, ਉਥੇ ਨਵੀਂ ਯੂਨੀਅਨ ਬਣਾਉਣ ਵਿਚ ਮੋਹਰੀ ਸੀ ਤੇ ਕਈ ਬਾਰ ਫੈਕਟਰੀ ਮਾਲਕਾਂ ਨਾਲ ਗੱਲ ਹੱਥੋ ਪਾਈ ਤੇ ਵੀ ਅੱਪੜੀ ਸੀ। ਰਾਜਨੀਤਕ ਜਲਸੇ-ਜਲੂਸ ਉਸ ਦੇ ਤਿਉਹਾਰ ਸਨ।

ਕਿਤਾਬਾਂ ਅਤੇ ਅਖਬਾਰ-ਰਸਾਲੇ। ਉਸ ਲਈ ਕਿਤਾਬ ਦਾ ਸਾਥ ਕਦੀ ਥਕੇਵਾਂ ਨਾ ਹੋਣ ਦਿੰਦਾ।

ਦਲਬੀਰ ਅਖਬਾਰ ਉਪਰ ਨਜ਼ਰ ਟਿਕਾਈ, ਬਾਰੀ ਲਾਗੇ ਪਈ ਕੁਰਸੀ ਉਪਰ ਬੈਠਾ, ਪੜ੍ਹ ਪੜ੍ਹ ਵਰਕੇ ਪਲਟੀ ਜਾ ਰਿਹਾ ਸੀ। ਉਹ ਦੂਜੀ ਸੰਸਾਰ-ਜੰਗ ਬਾਰੇ ਸੋਚ ਰਿਹਾ ਸੀ ਕਿ ਕਿਵੇਂ ਨਾਜ਼ੀਆਂ ਦੇ ਜ਼ੁਲਮਾਂ ਨੂੰ

ਟੈਲੀਵੀਯਨ ਤੇ ਦੇਖਕੇ ਰੂਹ ਨੂੰ ਕਾਂਬਾ ਚੜ੍ਹ ਰਿਹਾ ਸੀ। ਜਦੋਂ ਉਹਨਾਂ ਹਨੇਰੀ ਵਾਂਗ ਸਾਰੇ ਯੂਰਪ ਨੂੰ ਢੱਕ ਲਿਆ ਸੀ ਤਾਂ ਘਰ ਘਰ ਸਹਿਮ ਦੀ ਧੁੰਦ ਪਸਰ ਗਈ ਸੀ ਜਿਵੇਂ ਹੁਣੇ ਹੁਣ ਲੰਘੀ ਸਦੀ ਵਿਚ ਪੰਜਾਬ ਨੂੰ ਆਦਮਖੋਰ ਗਰੋਹਾਂ ਦੇ ਸਹਿਮ ਨੇ ਨਿਗਲ ਲਿਆ ਸੀ।

"ਸਾਡੇ ਪਰਿਵਾਰ ਦਾ ਕਦੀ ਕੋਈ ਬੰਦਾ ਜੰਗ ਵਿਚ ਨਹੀਂ ਲੜਿਆ," ਉਸ ਨੇ ਆਪ ਦੇ ਬਾਰੇ ਸੋਚਿਆ, "ਜਿਨ੍ਹਾਂ ਦੇ ਘਰੀਂ ਜੰਗ ਸੱਥਰ ਵਿਛਾ ਦਿੰਦੀ ਹੈ। ਉਹਨਾਂ ਨੂੰ ਇਸ ਦੇ ਸੇਕ ਦਾ ਅਸਲ ਪਤਾ ਹੁੰਦਾ ਹੈ। ਉਹ ਕਿਵੇਂ ਭੁੱਲ ਸਕਦੇ ਹਨ। ਜੰਗ ਦੇ ਦਿਓ ਨੂੰ।" ਉਸ ਦੇ ਆਪਣੇ ਅਤੇ ਚਾਰੇ ਚਾਚੇ, ਤਾਇਆਂ ਦਾ ਪਰਿਵਾਰ ਵਿਚੋਂ ਕਦੀ ਕੋਈ ਫੌਜ ਵਿਚ ਭਰਤੀ ਨਹੀਂ ਹੋਇਆ ਸੀ। ਉਹਨਾਂ ਨੂੰ ਲੋੜ ਵੀ ਨਹੀਂ ਸੀ। ਚੰਗੀ ਚੋਖੀ ਜ਼ਮੀਨ ਸੀ। ਪਿਉ ਸਰਕਾਰੀ ਮੁਲਾਜ਼ਮ ਸੀ। ਫੌਜ ਤਾਂ ਗਰੀਬਾਂ ਦੇ ਪੁੱਤਾਂ ਲਈ ਰੁਜ਼ਗਾਰ ਦਾ ਸਾਧਨ ਹੀ ਹੁੰਦੀ ਹੈ। ਰੋਜ਼ੀ ਦਾ ਲਾਲਚ ਮੌਤ ਦਾ ਫਰਿਸ਼ਤਾ ਬਣ ਜਾਂਦਾ ਹੈ।

ਉਸ ਨੇ ਜੰਗ ਦੀ ਕਲਪਨਾ ਕਰਦਿਆਂ ਆਪਣੇ ਮਨ ਵਿਚ ਕਿਹਾ, "ਜਿਨ੍ਹਾਂ ਫੌਜੀਆਂ ਦੇ ਨਾਲ ਦੇ ਸਾਥੀ, ਲਾਗੇ ਦੇ ਮੋਰਚੇ ਵਿਚ ਲੋਥ ਬਣ ਗਏ, ਉਹਨਾਂ ਦੇ ਦਿਲਾਂ ਉਪਰ ਗਮ ਦਾ ਭਾਰ ਸਗੋਂ ਹੋਰ ਭਾਰਾ ਹੋ ਜਾਂਦਾ ਹੈ। ਵਿਚਾਰੇ ਚੜ੍ਹਦੀ ਜੁਆਨੀ ਵਿਚ ਕੁਆਰੇ ਗੱਭਰੂ।" ਉਸ ਨੇ ਲੰਮਾ ਹਉਕਾ ਲਿਆ, ਜਿਵੇਂ ਉਸ ਦਾ ਕੋਈ ਮਿੱਤਰ ਸ਼ਹੀਦ ਹੋ ਗਿਆ ਹੋਵੇ।

ਉਸ ਨੇ ਘੜੀ ਤੇ ਨਜ਼ਰ ਮਾਰੀ। ਖਬਰਾਂ ਦਾ ਸਮਾਂ ਹੋ ਗਿਆ ਸੀ। ਹੱਥ ਵਿਚਲਾ ਅਖਬਾਰ ਪਰੇ ਰੱਖ ਕੇ ਉਸ ਨੇ ਟੀ.ਵੀ. ਲਾ ਲਈ। ਵੈਨਕੂਵਰ ਵਿਚ ਅੱਠ ਵੱਜੇ ਸਨ ਪ੍ਰੰਤੂ ਰਾਜਧਾਨੀ ਆਟਵਾ ਵਿਚ ਗਿਆਰਾਂ ਦਾ ਸਮਾਂ ਸੀ। ਟੀ.ਵੀ. ਉਪਰ ਰਾਜਧਾਨੀ ਵਿਚ 'ਰੀਮੈਂਬਰੰਸ ਡੇ' ਦਾ ਪ੍ਰੋਗਰਾਮ ਨਾਲੋਂ ਨਾਲ ਦਿੱਤਾ ਜਾ ਰਿਹਾ ਸੀ। ਪ੍ਰਧਾਨ ਮੰਤਰੀ ਤੇ ਹੋਰ ਕੌਮੀ ਆਗੂ ਸ਼ਹੀਦੀ ਮੀਨਾਰ ਉਤੇ ਫੁੱਲਾਂ ਦੇ ਹਾਰ ਚੜ੍ਹਾ ਕੇ ਸ਼ਰਧਾਂਜਲੀ ਭੇਂਟ ਕਰ ਰਹੇ ਸਨ।

ਟੀ.ਵੀ. ਦੀ ਸਕਰੀਨ ਉੱਪਰ ਦੂਜੀ ਜੰਗ ਦੀਆਂ ਝਲਕੀਆਂ, ਖਾਸ ਕਰਕੇ "ਨੋਰਮੈਂਡੀ" ਵਿਚ ਟਿਕੋ ਸਮੇਂ ਮਾਰੇ ਗਏ ਹਜ਼ਾਰਾਂ ਕੈਨੇਡੀਅਨ ਫੌਜੀਆਂ ਦਾ ਕਬਰਸਤਾਨ ਜਿਸ ਵਿਚ ਸੀਮੈਂਟ ਦੀਆਂ ਸਲੀਬਾਂ ਦੂਰ ਤੱਕ ਇਉਂ ਨਜ਼ਰ ਆ ਰਹੀਆਂ ਸਨ ਜਿਵੇਂ ਫੌਜੀ ਪਲਟਨਾਂ ਕਵੈਦ ਕਰਨ ਲਈ ਤਿਆਰ ਖੜੀਆਂ ਹੋਣ

ਸ਼ਹੀਦੀ ਮੀਨਾਰ ਅੱਗੇ ਫੌਜੀ ਦਸਤਾ ਸ਼ਰਧਾਂਜਲੀ ਭੇਂਟ ਕਰ ਰਿਹਾ ਸੀ ਤੇ ਫੌਜੀ ਬਿਗਲਚੀ ਮਾਤਮੀ ਧੁਨ ਵਜਾ ਰਿਹਾ ਸੀ। ਫੌਜੀ ਵਰਦੀ ਵਿਚ ਇਕ ਬਜ਼ੁਰਗ, ਜੇਬ ਉੱਪਰ ਬਹਾਦਰੀ ਦੇ ਤਗਮਿਆਂ ਨੂੰ ਲਟਕਾਈ ਪੂਰੇ ਗੌਰਵ ਨਾਲ ਖੜਾ ਸੀ। ਉਸ ਦੀਆਂ ਅੱਖਾਂ ਵਿਚੋਂ ਤੱਤੇ ਅੱਥਰੂ ਗੱਲ੍ਹਾਂ ਉੱਪਰੋਂ ਤਿਲਕ ਕੇ ਤ੍ਰਿਪ ਤ੍ਰਿਪ ਕਰਕੇ ਧਰਤੀ ਵਿਚ ਸਮਾ ਰਹੇ ਸਨ। ਉਸ ਦੀਆਂ ਸੋਚਾਂ ਵਿਚ ਜੰਗ ਵਿਚ ਮਾਰੇ ਗਏ ਸਾਥੀਆਂ ਦੀ ਤਸਵੀਰ ਸਾਕਾਰ ਹੋ ਆਈ ਹੋਵੇਗੀ।

"ਉਹ! ਕਿੰਨੀ ਭਿਆਨਕ ਹੁੰਦੀ ਹੈ ਜੰਗ," ਸੋਚ ਕੇ ਦਲਬੀਰ ਨੇ ਫਿਰ ਹਉਕਾ ਲਿਆ। "ਜਰਮਨ ਨਾਜ਼ੀਆਂ ਦੇ ਜ਼ੁਲਮਾਂ ਦੀ ਦਾਸਤਾਨ ਕਿੰਨੀ ਕਹਿਰਾਂ ਭਰੀ ਹੈ।"

'ਨਾਜ਼ੀ' ਸ਼ਬਦ ਇਕ ਅਜਿਹਾ ਸ਼ਬਦ ਹੈ, ਜਿਸ ਦੇ ਅਰਥਾਂ ਵਿਚ ਆਦਮ ਖੋਰ, ਨਫਰਤ ਪਰੁੱਤੀ ਤੇ ਜ਼ਾਲਮਾਨਾ ਦੁਰਗੰਧ ਤੋਂ ਸਿਵਾ ਹੋਰ ਕੁਝ ਨਹੀਂ ਹੈ। ਜਿਨ੍ਹਾਂ ਨੇ ਨਾਜ਼ੀਆਂ ਦੇ ਜ਼ੁਲਮਾ ਨੂੰ ਹੱਡੀਂ ਹੰਢਾਇਆ ਉਹਨਾਂ ਦੀਆਂ ਲਿਖਤਾਂ ਪੜ੍ਹ ਕੇ, ਗੁੱਸੇ ਅਤੇ ਨਫਰਤ ਨਾਲ ਅੱਖਾਂ ਜਲਣ ਲੱਗ ਜਾਂਦੀਆਂ ਹਨ। "ਗੈਸ ਚੈਂਬਰਾਂ ਵਿਚ ਅਨੇਕਾਂ ਯਹੂਦੀ ਪਰਿਵਾਰਾਂ ਨੂੰ ਖਾਦ ਦੀ ਲੱਪ ਬਣਾ ਦੇਣ ਵਾਲੇ ਨਾਜ਼ੀਆਂ ਦੀ ਵਹਿਸ਼ੀ ਮਾਨਸਿਕਤਾ ਕਿਹੋ ਜਿਹੀ ਹੋਵੇਗੀ।" ਦਲਬੀਰ ਦੇ ਅੰਦਰੋਂ ਗੁਬਾਰ ਵਾਂਗ ਇਕ ਸਵਾਲ ਉਠਿਆ। ਉਸ ਨੇ ਕੁਰਸੀ ਤੋਂ ਉਠਕੇ ਬਾਰੀ ਵਿਚੋਂ ਬਾਹਰ ਥੁੱਕ ਦਿੱਤਾ।

ਉਸਨੇ ਮੱਥੇ ਤੇ ਪੋਲਾ ਜਿਹਾ ਹੱਥ ਮਾਰਕੇ ਕਿਹਾ, "ਉਹ! ਗੱਲ ਹੋਰ ਪਾਸੇ ਹੀ ਤੁਰ ਗਈ।" ਉਸ ਦੇ ਮਨ ਵਿਚ ਤਾਂ ਚੈਕੋਸਲਵਾਕੀਆ ਦੇ ਲੇਖਕ ਜੂਲੀਅਸ ਫਿਊਚਕ ਦੀ ਨਾਜ਼ੀ ਕੈਦਖਾਨੇ ਵਿਚ ਲਿਖੀ ਕਹਿਰ



ਦੇ ਕਸ਼ਟਾਂ-ਭਰੀ ਕਥਾ "ਫਾਂਸੀ ਦੇ ਤਖਤੇ ਤੋਂ" ਯਾਦ ਹੋ ਆਈ ਸੀ, ਜੋ ਉਸ ਨੇ ਪਿਛਲੇ ਮਹੀਨੇ ਤੀਹ-ਪੈਂਤੀ ਸਾਲਾਂ ਪਿਛੋਂ ਦੂਜੀ ਬਾਰ ਪੜ੍ਹੀ ਸੀ। 'ਸ਼ਾਂਤ ਸਰਘੀ ਵੇਲਾ' ਦੀਆਂ ਪੰਜ ਰੂਸੀ ਤੋਪਚੀ ਮੁਟਿਆਰਾਂ ਤੇ ਉਹਨਾਂ ਦੇ ਕਮਾਂਡਰ ਦੀਆਂ ਨਾਜ਼ੀਆਂ ਨਾਲ ਲੜਦਿਆਂ ਜਾਨਾਂ ਵਾਰ ਦੇਣ ਦੀ ਕਹਾਣੀ ਵਾਲਾ ਨਾਵਲ ਪੜ੍ਹਨ ਸਮੇਂ ਤਾਂ ਉਹ ਜਿਵੇਂ ਚਕਰਾ ਹੀ ਗਿਆ ਸੀ।

"ਆਹ! ਬਹਾਦਰ ਸੂਰਮਿਆਂ ਦੀ ਕੁਰਬਾਨੀ ਧਨ ਹੈ।" ਉਸ ਨੇ ਅਖਬਾਰ ਦੇ ਪਹਿਲੇ ਸਫੇ ਉਪਰ ਸ਼ਹੀਦੀ ਮੀਨਾਰ ਵੱਲ ਦੇਖਦਿਆਂ ਸੋਚਿਆ, "ਦੁਨੀਆਂ ਭਰ ਦੇ ਲੋਕਾਂ ਨੇ ਨਾਜ਼ੀਆਂ ਦੇ ਸੁਪਨਿਆਂ ਨੂੰ ਚਕਨਾ ਚੂਰ ਕਰ ਦਿੱਤਾ। ਲੋਕਾਂ ਦੀ ਸਮਰੱਥਾ ਹਰ ਸ਼ਕਤੀਸ਼ਾਲੀ ਜੰਗਬਾਜ਼ ਤੋਂ ਵੱਡੀ ਹੁੰਦੀ ਹੈ।"

ਉਹ ਵੀਅਤਨਾਮ ਵਿਚ ਅਮਰੀਕਾ ਦੀ ਹਾਰ ਬਾਰੇ ਸੋਚ ਕੇ ਮੁਸਕਰਾਇਆ। ਉਸ ਦੇ ਚਿਹਰੇ ਉਪਰ ਮੁੜ ਤਾਜ਼ਗੀ ਆ ਗਈ।

ਪਰ ਛੇਤੀ ਮਗਰੋਂ ਉਸ ਦੇ ਮਨ ਵਿਚ ਇਕ ਹੋਰ ਸਵਾਲ ਪੈਦਾ ਹੋ ਆਇਆ। ਨਾਜ਼ੀ ਜਰਮਨ ਤੇ ਉਹਨਾਂ ਦੇ ਸੰਗੀ ਇਟਲੀ ਤੇ ਜਾਪਾਨ ਤਾਂ ਹਰਾ ਦਿੱਤੇ ਗਏ ਸਨ, ਪਰ ਦੁਨੀਆਂ ਵਿਚੋਂ ਨਾਜ਼ੀ-ਮਾਨਸਿਕਤਾ ਕਿਉਂ ਖਤਮ ਨਹੀਂ ਹੋਈ? ਦਲਬੀਰ ਲਈ ਇਹ ਇਕ ਦਾਰਸ਼ਨਿਕ-ਰਾਜਨੀਤਕ ਸਮੱਸਿਆ ਸੀ। ਨਵੇਂ ਨਵੇਂ ਰੂਪਾਂ ਵਿਚ ਸੰਸਾਰ ਭਰ ਦੇ ਪੰਜੇ ਦੀਪਾਂ ਵਿਚ ਪੈਦਾ ਹੋਇਆ ਨਾਜ਼ੀਵਾਦ ਉਸ ਦੀਆਂ ਸੋਚਾਂ ਵਿਚ ਘੁੰਮਦਿਆਂ ਕੰਬਣ ਲੱਗਾ। ਉਸ ਨੂੰ 'ਇਜ਼ਰਾਇਲ' ਮੌਤ ਦਾ ਫਰਿਸ਼ਤਾ ਬਣ ਕੇ ਦਿਸਣ ਲੱਗਾ। ਉਸ ਨੂੰ ਖੁਮੈਨੀ, ਤਾਲਿਬਾਨ, ਭਿੰਡਰਾਂਵਾਲਾ, ਸੁਹਾਰਤੋ, ਪਨੋਚੇ-ਹਿਟਲਰ ਦੇ ਰੂਪ ਵਿਚ ਅੱਖਾਂ ਅੱਗੋਂ ਲੰਘਦੇ ਦਿਸਣ ਲੱਗੇ। ਉਸ ਨੇ ਆਪਣੇ ਸਿਰ ਨੂੰ ਧੁਣਕਿਆ, ਜਿਵੇਂ ਉਸ ਨੇ ਸਾਰਿਆਂ ਨੂੰ ਧੱਕ ਕੇ ਪਰੇ ਸੁੱਟ ਦਿੱਤਾ ਹੋਵੇ। ਪਰ ਝਟ ਹੀ ਅਗਲੇ ਪਲ ਉਸ ਦੀਆਂ ਅੱਖਾਂ ਅੱਗੇ ਸ਼ਿਵ ਸੈਨਿਕ, ਬਜਰੰਗ ਦਲੀਏ, ਆਰ. ਐਸ. ਐਸ. ਦੇ ਜਨੂੰਨੀ ਟੋਲੇ ਖਾਲੀ ਨੀਕਰਾਂ ਪਾਈ ਹੱਥਾਂ ਵਿਚ ਡਾਂਗਾ, ਪੈਟਰੋਲ . ੀਲਾਂ ਦੀਆਂ ਡੱਬੀਆਂ ਚੁੱਕੀ ਜਾਂਦੇ ਨਜ਼ਰ ਆਉਣ ਲੱਗੇ। ਉਸ ਨੂੰ ਪਾਦਰੀ ਤੇ ਉਸ ਦੇ ਬੱਚੇ ਲਾਟਾਂ ਵਿਚ ਜਲਦੇ ਹੋਏ, ਬਾਬਰੀ ਮਸਜਿਦ ਦਾ ਮਲਬਾ ਖਿਲਰਿਆ ਹੋਇਆ ਤੇ ਈਸਾਈਆਂ ਦੇ ਘਰਾਂ ਦੀ, ਸਿੱਖਾਂ ਦੇ ਘਰਾਂ ਦੀ ਮੁਸਲਮਾਨਾਂ ਦੇ ਘਰਾਂ ਦੀ ਨਿਸ਼ਾਨਦਿਹੀ ਕਰਦੇ ਦਿਸਣ ਲੱਗੇ।

ਉਹ ਘਬਰਾ ਕੇ ਖੜ੍ਹਾ ਹੋ ਗਿਆ। ਪਰ ਉਹ ਤਾਂ ਹੱਥਾਂ ਵਿਚ ਤਿਰਸੂਲ, ਛੁਰੇ ਤੇ ਲੋਹੇ ਦੇ ਸਰੀਏ ਚੁੱਕੀ, ਮਾ. ਮਾਰ ਕਰਦੇ ਜਾਂਦੇ ਅੱਖਾਂ ਅੱਗਿਉਂ ਪਰੇ ਹੀ ਨਹੀਂ ਹੋ ਰਹੇ ਸਨ।

ਉਸ ਨੇ ਮੱਥੇ ਤੋਂ ਪਸੀਨਾ ਪੂੰਜਿਆ। ਕਿਚਨ ਵਿਚ ਜਾ ਕੇ ਠੰਡੇ ਪਾਣੀ ਦਾ ਗਿਲਾਸ ਪੀਤਾ। ਤਾਜ਼ਾ ਹਵਾ ਲੈਣ ਲਈ ਬੂਹਾ ਖੋਲ੍ਹ ਦਿੱਤਾ। ਉਸ ਨੂੰ ਜ਼ਰਾ ਤਾਜ਼ਗੀ ਮਹਿਸੂਸ ਹੋਈ। ਪਰ ਠੰਡੀ ਠਾਰ ਹਵਾ ਵੀ ਤਾਂ ਠੰਡੇ ਮੌਸਮ ਵਿਚ ਚੰਗੀ ਨਹੀਂ ਹੁੰਦੀ, ਸੋਚ ਕੇ ਉਸ ਨੇ ਬੂਹਾ ਛੇਤੀ ਹੀ ਬੰਦ ਕਰ ਦਿੱਤਾ।

ਤਾਜ਼ਗੀ ਦੇ ਨਾਲ ਹੀ ਉਸ ਨੂੰ ਕਰੋੜਾਂ ਲੋਕਾਂ ਦੀ ਸ਼ਕਤੀ ਦਾ ਅਹਿਸਾਸ ਹੋ ਆਇਆ. ਜੋ ਇਹਨਾਂ ਭੂਤਨਿਆਂ ਨੂੰ ਘੇਰਨ ਲਈ, ਹਵਾ ਵਿਚ ਮੁੱਕੇ ਲਹਿਰਾਉਂਦੇ ਅੱਗੇ ਵਧ ਰਹੇ ਸਨ।

ਉਸ ਨੂੰ ਗੁਰਬਤ ਲਿਤਾੜੇ ਕਰੋੜਾਂ ਗਰੀਬਾਂ ਦੀ ਕਮਜ਼ੋਰ ਚੇਤਨਾ ਉਤੇ ਅਫਸੋਸ ਹੋ ਰਿਹਾ ਸੀ, ਜੋ ਰੋਟੀ ਨੂੰ ਕਿਰਤ ਦੀ ਥਾਂ, ਕਿਸਮਤ ਵਿਚੋਂ ਪੈਦਾ ਹੁੰਦੀ ਸਮਝੀ ਬੈਠੇ ਸਨ। ਏਸੇ ਲਈ ਨਵੇਂ ਨਾਜ਼ੀਆਂ ਲਈ, ਉਹਨਾਂ ਦੀ ਗੁਰਬਤ ਦੀ ਕਮਜ਼ੋਰੀ ਦਾ ਲਾਭ ਉਠਾ ਕੇ ਧਰਮ ਨੂੰ, ਰਾਜ ਸੱਤਾ ਪ੍ਰਾਪਤੀ ਦੀ ਪੌੜੀ ਵਜੋਂ ਵਰਤਿਆ ਜਾਣਾ ਸੌਖਾ ਹੋ ਗਿਆ ਸੀ। ਓੜਕ ਰੋਟੀ ਦਾ ਟੁਕੜਾ ਭਾਲਦਾ ਬੰਦਾ ਮੌਤ ਨੂੰ ਜੱਫੀ ਪਾ ਬੈਠਦਾ ਹੈ। ਉਸ ਦੀ ਸੰਤਾਨ ਉਸੇ ਵਾਂਗ ਹੀ ਆਪਣੇ ਮਿੱਤਰਾਂ ਦੀ ਕੱਢੀ ਲਕੀਰ ਉਪਰ ਤੁਰਦੀ ਰਹਿੰਦੀ ਹੈ। "ਇਹ ਤਾਂ ਉੱਕਾ ਹੀ ਗਲਤ ਹੈ। ਬੜਾ ਅਫਸੋਸਨਾਕ ਹੈ ਇਹ ਦ੍ਰਿਸ਼" ਕੀ ਹੁਣ ਉਸ ਪੁਰਾਣੀ ਲਕੀਰ ਨੂੰ, ਜੋ ਹੁਣ ਡੰਡੀ ਤੋਂ ਰਸਤਾ ਬਣ ਗਈ ਹੈ, ਮੇਸ ਦੇਣ ਦਾ ਸਮਾਂ ਨਹੀਂ ਆ ਗਿਆ? ਜਿਵੇਂ ਮੁਰੱਬਾਬੰਦੀ ਵੇਲੇ ਸਾਰੇ ਪੁਰਾਣੇ ਰਾਹ ਢਾਹ ਕੇ, ਨਵੇਂ ਸਿੱਧੇ ਸੜਕਾਂ ਵਰਗੇ ਰਾਹ ਬਣਾ ਦਿੱਤੇ ਗਏ ਸਨ।"

ਦਲਬੀਰ ਨੇ ਆਪਣੇ ਆਪ ਨੂੰ ਇਹਨਾਂ ਸੋਚਾਂ ਤੋਂ ਮੁਕਤ ਕਰਨ ਲਈ, ਆਪਣਾ ਧਿਆਨ ਫਿਰ ਗਿਆਰਾ ਨਵੰਬਰ ਦੇ ਕੌਮੀ ਦਿਹਾੜੇ ਵੱਲ ਮੋੜਿਆ। ਉਸ ਨੇ ਅੱਖਾਂ ਮੀਟ ਲਈਆਂ ਅਤੇ ਅਤੇ ਆਪਣੇ ਖਿਆਲਾਂ ਦੀ ਤਾਣੀ ਨੂੰ ਸੁਲਝਾਉਣ ਲੱਗਿਆ। ਪਰ ਉਸ ਦੇ ਦਿਮਾਗ ਵਿਚ ਇਕ ਹੋਰ ਸਵਾਲ ਡਾਂਗ ਵਾਂਗੂ ਆ ਖੜਾ ਹੋਇਆ ਕਿ ਇਹ ਕਿਹੜਾ ਦਸਤੂਰ ਹੈ, ਨਫਰਤ ਤੇ ਬਦਲੇ ਦੀ ਭਾਵਨਾ ਦ ਸਿਧਾਂਤ ਦਾ। ਮਰਦਾ ਕੋਈ ਹੈ ਤੇ ਮਾਰਦਾ ਕਈ ਹੈ ਤੇ ਬਦਲਾ ਕਿਸੇ ਹੋਰ ਤੋਂ ਲਿਆ ਜਾਂਦਾ ਹੈ। ਨਾਜ਼ੀਆਂ ਨੇ ਯਹੂਦੀਆਂ ਦਾ ਕਤਲਾਮ ਕੀਤਾ, ਬਦਲਾ ਲਿਆ ਬੇਘਰ ਕਰਕੇ ਫਿਲਸਤੀਨੀਆਂ ਤੋਂ, ਨੀਲੇ ਤਾਰੇ ਦਾ ਬਦਲਾ ਪੰਜਾਬ ਦੇ ਲੋਕਾਂ ਤੋਂ, ਇੰਦਰਾ ਦੇ ਕਤਲ ਦਾ ਬਦਲਾ ਦਿੱਲੀ, ਕਾਨ੍ਹਪੁਰ, ਇੰਦੌਰ ਦੇ ਸਾਧਾਰਨ ਪੰਜਾਬੀ ਸਿੱਖਾਂ ਤੋਂ, ਤੇ ਇਹਨਾਂ ਕਤਲਾਂ ਦਾ ਬਦਲਾ ਏਅਰ ਇੰਡੀਆ ਦੇ ਮਾਸੂਮ ਮੁਸਾਫਰਾਂ ਤੋਂ, ਜਿਨ੍ਹਾਂ ਦਾ ਇਹਨਾਂ ਘਟਨਾਵਾਂ ਨਾਲ ਦੂਰ ਦਾ ਵੀ ਸਬੰਧ ਨਹੀਂ ਸੀ। ਉਸ ਨੇ ਆਪਣਾ ਸਿਰ ਧੁਣਕਿਆ ਅਤੇ ਲੰਮਾ ਸਾਹ ਖਿਚਦੇ ਹੋਏ ਮੂੰਹ ਵਿਚ ਬੁੜਬੁੜਾਇਆ, "ਇਸ ਵਿਚ ਕਿਹੜੇ 'ਸਰਬਤ ਦੇ ਭਲੇ' ਦੀ ਪਰਾਣੀ ਭਾਰਤੀ ਸੰਸਕ੍ਰਿਤੀ ਅਤੇ 'ਰਾਮ ਰਾਜ' ਦਾ ਮੁਹਾਂਦਰਾ ਦਿਸਦਾ ਹੈ ? ਇਹ ਤਾਂ ਸਿਰਾ ਨਾਜ਼ੀਪੁਣਾ ਨਹੀਂ ਤਾਂ ਹੋਰ ਕੀ ਹੈ ?"

ਟੀ.ਵੀ. ਦੀਆਂ ਖਬਰਾਂ ਕਦੋਂ ਦੀਆਂ ਲੰਘ ਗਈਆਂ ਸਨ। ਉਸ ਨੇ ਕੁਰਸੀ ਤੋਂ ਉਠ ਕੇ ਟੀ.ਵੀ. ਬੰਦ ਕਰ ਦਿੱਤੀ। ਮੇਜ਼ ਤੇ ਪਏ ਅਖਬਾਰ ਨੂੰ ਜਦੋਂ ਸਮੇਟ ਕੇ ਇਕੱਠਾ ਕੀਤਾ ਤਾਂ ਉਸਨੇ ਪਹਿਲੇ ਸਫੇ ਉਪਰ ਸ਼ਹੀਦੀ ਮੀਨਾਰ ਦੀ ਤਸਵੀਰ ਨੂੰ ਵਧੇਰੇ ਗਹੁ ਨਾਲ ਦੇਖਿਆ ਤੇ ਉਹ ਜਿਵੇਂ ਪਹਿਲਾਂ ਨਾਲ ਉਘੜ ਕੇ ਦਿਖਣ ਲੱਗ ਗਈ ਹੋਵੇ। ਉਸ ਦੇ ਚਿਹਰੇ ਦੀ ਗੰਭੀਰਤਾ ਵਿਚੋਂ ਨਿੰਮੀ ਜਿਹੀ ਮੁਸਕਾਨ, ਹਵਾ ਦੇ ਬੁੱਲੇ ਵਾਂਗ ਆ ਕੇ ਅਲੋਪ ਹੋ ਗਈ।

••••

---

## ਅਫਰੀਕਾ ! ਆਪਣੇ ਅੱਥਰੂ ਸੁਕਾ ਲੈ / *ਬਰਨਾਲਡ ਡਾਡਾਈ*

ਅਫਰੀਕਾ ਆਪਣੇ ਅੱਥਰੂ ਸੁਕਾ ਲੈ।
ਤੇਰੇ ਬੱਚੇ, ਨਿਸਫਲ ਯਾਤਰਾਵਾਂ ਦੇ
ਝੱਖੜ ਤੇ ਹਨੇਰੀਆਂ ਵਿਚੋਂ
ਤੇਰੇ ਕੋਲ ਵਾਪਸ ਪਰਤ ਆਏ ਨੇ।

ਲਹਿਰਾਂ ਦੀ ਸਿਖਰ ਚੋਂ
ਤੇ ਹਵਾ ਦੀ ਗੂੰਜ ਵਿਚੋਂ
ਪੂਰਬ ਦੇ ਸੋਨੇ ਚੋਂ
ਤੇ ਡੁੱਬਦੇ ਸੂਰਜ ਦੇ ਵੈਂਗਣੀ ਰੰਗ ਵਿਚੋਂ
ਮਾਣ-ਭਰੇ ਪਹਾੜਾਂ ਦੀਆਂ ਚੋਟੀਆਂ
ਤੇ ਰੌਸ਼ਨੀ ਨਾਲ ਗੜੁੱਚ ਚਰਾਦਾਂ ਵਿਚੋਂ
ਉਹ ਨਿਸਫਲ ਸਫਰਾਂ ਦੀਆਂ ਹਨੇਰ੍ਹੀਆਂ
ਤੇ ਝੱਖੜ ਵਿਚੋਂ
ਤੇਰੇ ਕੋਲ ਵਾਪਸ ਪਰਤ ਆਏ ਨੇ।

ਆਪਣੇ ਅੱਥਰੂ ਸੁਕਾ ਲੈ, ਅਫਰੀਕਾ !
ਅਸੀਂ ਆਪਣੀ ਸ਼ਾਨੋ-ਸ਼ਕਤ
ਤੇ ਬਦਕਿਸਮਤੀ ਦੇ ਚਸ਼ਮਿਆਂ ਦਾ
ਪਾਣੀ ਪੀ ਕੇ ਆਏ ਹਾਂ।

ਤੇਰੀ ਸੁੰਦਰਤਾ ਦੀ ਸ਼ਾਨ ਬਾਰੇ
ਤੇਰੇ ਜੰਗਲਾਂ ਦੀ ਸੁਗੰਧ ਬਾਰੇ
ਤੇਰੇ ਪਾਣੀਆਂ ਦੇ ਆਨੰਦ ਬਾਰੇ
ਤੇਰੇ ਅਸਮਾਨਾਂ ਦੀ ਨਿਰਮਲਤਾ ਬਾਰੇ
ਤੇਰੇ ਸੂਰਜ ਦੇ ਪਿਆਰ ਭਰੇ ਹੱਥ ਫੇਰਨ ਬਾਰੇ
ਅਤੇ ਤੇਰੀ ਬਨਾਸਪਤੀ,
ਤੇ ਪਈ ਤਰੇਲ ਦੇ ਮੋਤੀਆਂ ਬਾਰੇ
ਹੁਣ ਸਾਡੀਆਂ ਗਿਆਨ-ਇੰਦਰੀਆਂ ਖੁੱਲ੍ਹ ਗਈਆਂ
ਹਨ,

ਅਫਰੀਕਾਂ ਆਪਣੇ ਅੱਥਰੂ ਪੂੰਝ ਲੈ !
ਤੇਰੇ ਬੱਚੇ ਤੇਰੇ ਕੋਲ ਵਾਪਸ ਆਏ ਹਨ
ਉਹਨਾਂ ਦੇ ਹੱਥ ਖਡੌਣਿਆਂ ਨਾਲ ਭਰੇ ਨੇ
ਤੇ ਉਹਨਾਂ ਦੇ ਦਿਲ ਮੁਹੱਬਤ ਨਾਲ
ਉਹ ਆਪਣੇ ਸੁਪਨਿਆਂ ਤੇ ਆਪਣੀਆਂ ਉਮੀਦਾਂ ਦਾ
ਲਿਬਾਸ ਤੈਨੂੰ ਪਹਿਨਾਉਣ ਲਈ ਵਾਪਸ ਆਏ ਨੇ।





# ਰੰਗਾਂ ਦਾ ਰਿਸ਼ਤਾ / *ਹਰਭਜਨ ਸਿੰਘ ਹੁੰਦਲ*

ਚਿੱਤਰਕਾਰ ਜਰਨੈਲ ਸਿੰਘ ਨਾਲ ਮੁਲਾਕਾਤ ਕਰਨੀ ਕੋਈ ਔਖੀ ਨਹੀਂ। ਜੇ ਉਹ ਘਰ ਹੋਵੇ, ਤਾਂ ਕਹੇਗਾ, "ਆ ਜਾ ਯਾਰਾ ਮੈਂ ਘਰੇ ਈ ਹਾਂ।" ਜੇ ਤੁਸੀਂ ਕਹੋ ਯਾਰ, ਮੈਂ ਫਲਾਣੇ ਥਾਂ ਬੈਠਾ ਹਾਂ। ਤੇਰਾ ਘਰ ਪੁਛਦੇ ਪਤਾ ਨਹੀਂ ਕਿੰਨੇ ਵੇਲਾ ਅਜਾਈ ਲੰਘ ਜਾਵੇ।" ਤਾਂ ਉਹ ਕਹੇਗਾ, "ਠਹਿਰ ਮੈਂ ਆਇਆ," ਅਗਲੀ ਘੜੀ ਉਹ ਕਾਰ ਜਾਂ ਮੋਟਰ ਸਾਈਕਲ ਲੈ ਤੁਹਾਡੇ ਕੋਲ ਖੜਾ ਹੋਵੇਗਾ। ਤੁਸੀਂ ਹੈਰਾਨ ਹੋਏ ਸੋਚਦੇ ਹੋ, "ਯਾਰ ਏਡਾ ਵੱਡਾ ਕਲਾਕਾਰ ਤੇ ਏਡਾ ਸਾਦਾ, ਨਿਰਛਲ ਤੇ ਪਾਰ-ਦਰਸ਼ੀ ਇਨਸਾਨ।"

ਅੱਜ ਦੇ 'ਖਾਓ-ਪੀਓ ਤੇ ਮੌਜ ਕਰੋ' ਦੇ ਨਵੇਂ ਸੰਸਾਰ ਵਿਚ ਏਨੇ ਭਲੇ ਲੋਕ ਕਿੱਥੇ ਮਿਲਦੇ ਹਨ। ਦਿਨੋਂ ਦਿਨ ਘਟਦੇ ਜਾਂਦੇ ਹਨ। ਪੁਰਾਣੇ ਸਮਿਆਂ ਦੇ ਲੋਕ ਆਖਦੇ ਹੁੰਦੇ ਹਨ, ਨੇਕ ਨਿਰਛਲ ਬੰਦਿਆ ਦੇ ਸਿਰ ਤੇ ਹੀ ਇਹ ਧਰਤੀ ਖਲੋਤੀ ਹੋਈ ਹੈ। ਨਹੀਂ ਤਾਂ ਕਦੋਂ ਦੀ ਟੁੱਟ ਕੇ ਚੀਣਾ ਚੀਣਾ ਹੋ ਗਈ ਹੁੰਦੀ। ਜਰਨੈਲ ਉਹਨਾਂ ਹੀ ਬੰਦਿਆਂ ਵਿਚੋਂ ਹੈ।

ਐਤਕੀਂ ਉਸ ਨਾਲ ਮੇਰੀ ਤੀਸਰੀ ਮੁਲਾਕਾਤ ਸੀ। ਚੰਡੀਗੜ੍ਹ ਦੇ ਆਪਣੇ ਸਾਹਿਤਕ ਰੁਝੇਵਿਆਂ ਤੋਂ ਵਿਹਲਾ ਹੋ ਮੈਂ ਟੈਲੀਫੋਨ ਚੁਕਿਆ, ਤਾਂ ਉੱਤਰ ਵਿਚ ਉਹ ਕਹਿਣ ਲੱਗਾ, 'ਆ ਜਾਓ।'

'ਨਹੀਂ।' ਕੁਝ ਰੁਝੇਵੇਂ ਨੇ। ਉਹ ਮੁਕਾ ਕੇ ਮੈਂ ਸ਼ਾਮ ਨੂੰ ਤੁਹਾਡੇ ਕੋਲ ਪਹੁੰਚ ਜਾਵਾਂਗਾ।

ਠੀਕ ਹੈ, ਉਸ ਕਹਿ ਕੇ ਫੋਨ ਰੱਖ ਦਿੱਤਾ। ਮੁਲਾਕਾਤਾਂ ਮੀਟਿੰਗਾਂ ਤੇ ਵਿਚਾਰਾਂ ਕਰਦੇ ਮੈਨੂੰ ਡੂੰਘੀ ਸ਼ਾਮ ਹੋ ਗਈ ਸੀ। ਅੱਜ ਫੇਰ ਅਚਾਨਕ ਹੀ ਪਹਿਲੀ ਮੁਲਾਕਾਤ ਵਾਂਗ ਡਾ. ਜਸਪਾਲ ਸਿੰਘ ਮੈਨੂੰ ਜਰਨੈਲ ਦੇ ਘਰ ਸਾਹਮਣੇ ਉਤਾਰਦੇ ਹੋਏ, ਆਖਣ ਲੱਗੇ, "ਘਰ ਤਾਂ ਇਹੀ ਜਾਪਦੈ, ਹੋਵੇ ਸਹੀ ਉਹ ਘਰ।"

ਘੰਟੀ ਦਾ ਬਟਣ ਨੱਪਣ ਤੇ ਜਰਨੈਲ ਸਿੰਘ ਬਾਹਰ ਆਇਆ ਤੇ ਮੈਨੂੰ ਆਪਣੇ ਬੈਠਣ-ਕਮਰੇ ਤੀਕ ਲੈ ਗਿਆ। ਸਾਰਾ ਪਰਿਵਾਰ ਘਰੇ ਸੀ, ਮੇਜ਼ ਦੁਆਲੇ ਬੈਠ ਮੁੰਗ-ਫਲੀ ਚੱਬਦਾ। ਜਰਨੈਲ ਦੇ ਦੋ ਬੱਚੇ ਹਨ। ਲੜਕੀ ਵੱਡੀ ਹੈ, ਨੀਤੀ ਸਿੰਘ। ਗਿਆਰਵੀਂ ਵਿਚ ਪੜ੍ਹਦੀ। ਉਸ ਨੇ ਸਾਇੰਸ ਦਾ ਖਹਿੜਾ ਛੱਡ ਆਰਟਸ ਰੱਖੇ ਹਨ ਤੇ ਆਪਣੇ ਬਾਪ ਦੀ ਨਿਗਰਾਨੀ ਹੇਠ ਚਿੱਤਰਕਾਰੀ ਦਾ ਅਭਿਆਸ ਕਰ ਰਹੀ ਹੈ। ਲੜਕਾ ਛੋਟਾ ਹੈ ਤੇ ਨਾਂ ਹੈ ਜੁਝਾਰ ਸਿੰਘ, ਪਿਓ ਤੇ ਦਾਦੇ ਦੀ ਵਿਰਾਸਤ ਦਾ ਪ੍ਰਤੀਕ ਨਾਂ। ਜਰਨੈਲ ਦੀ ਪਤਨੀ ਬਲਜੀਤ ਕੌਰ ਨੂੰ ਮੈਂ ਪਹਿਲੀ ਵਾਰ ਮਿਲ ਰਿਹਾ ਸੀ। ਪਰਿਵਾਰ ਨੂੰ ਮਿਲਕੇ ਖੁਸ਼ੀ ਹੋਈ।

ਜਰਨੈਲ ਸਿੰਘ ਪਤਨੀ ਸਮੇਤ, ਆਪਣੀ ਯੂ.ਕੇ. ਦੀ ਮਹੀਨੇ ਭਰ ਦੀ ਯਾਤਰਾ ਕਰਕੇ, ਵਾਪਸ ਪਰਤਿਆ ਸੀ। ਬੈਠਦਿਆਂ ਹੀ ਮੈਂ ਪੁਛਿਆ, "ਸੁਣਾ ਕੈਸੀ ਰਹੀ ਬਦੇਸ਼ ਯਾਤਰਾ ?"

"ਠੀਕ ਰਹੀ ਹੈ। ਇਹ ਸੈਰ-ਸਪਾਟੇ ਦੇ ਨਾਲ ਨਾਲ ਕੁਝ ਕਲਾ ਪ੍ਰੇਮੀਆਂ ਦੀਆਂ ਮੰਗਾਂ ਪੂਰੀਆਂ ਕਰਨ ਲਈ ਵੀ ਸੀ।"

"ਪੰਜਾਬੀ ਲੇਖਕਾਂ ਨਾਲ ਵੀ ਕੋਈ ਮੁਲਾਕਾਤਾਂ ਹੋਈਆਂ ਕਿ ਨਹੀਂ ?" ਮੈਂ ਆਖਿਆ।

'ਨਹੀਂ, ਐਸਾ ਕੋਈ ਪ੍ਰੋਗਰਾਮ ਵੀ ਨਹੀਂ ਸੀ। ਮੇਰੀ ਪਤਨੀ ਵੀ ਬਾਹਰਲਾ ਸੰਸਾਰ ਵੇਖਣਾ ਚਾਹੁੰਦੀ ਸੀ। ਸੋ ਕੁਝ ਥਾਵਾਂ ਵੇਖੀਆਂ ਨੇ ਤੇ ਕੁਝ ਮਿੱਤਰਾਂ ਨੂੰ ਮਿਲੇ ਹਾਂ।

"ਯਾਰ ਕੋਈ ਐਸੀ ਘਟਨਾ, ਕੋਈ ਗੱਲ, ਕੋਈ ਮੇਲ-ਮੁਲਾਕਾਤ। ਸਫਰ ਵਿਚੋਂ ਤਾਂ ਲੋਕ ਨਵੇਂ ਅਨੁਭਵਾਂ ਦੀਆਂ ਝੋਲੀਆਂ ਭਰ ਭਰ ਕੇ ਲਿਆਉਂਦੇ ਹਨ।" ਮੈਂ ਗੱਲ ਤੋਰਨ ਦੇ ਅੰਦਾਜ਼ ਵਿਚ ਪ੍ਰਸ਼ਨ ਪੁੱਛਿਆ।

ਜਰਨੈਲ ਸਿੰਘ ਸੋਚੀਂ ਪੈ ਗਿਆ। ਫਿਰ ਜਿਵੇਂ ਕਿਸੇ ਨੂੰ ਅਚਾਨਕ ਕੋਈ ਗੱਲ ਯਾਦ ਆ ਜਾਂਦੀ ਹੈ।

ਕਹਿਣ ਲੱਗਾ, "ਮੇਰੀ ਯੂ.ਕੇ. ਦੀ ਯਾਤਰਾ ਉੱਤੇ ਤੁਰਨ ਵਿਚ ਦੋ ਦਿਨ ਰਹਿੰਦੇ ਸਨ ਕਿ, ਪੰਜਾਬ ਦੇ ਮੁੱਖ ਮੰਤਰੀ ਦਾ ਪੀ.ਏ. ਘਰ ਆਇਆ ਅਤੇ ਕਹਿਣ ਲੱਗਾ, "ਜਰਨੈਲ ਸਿੰਘ, ਤੁਹਾਨੂੰ ਬਾਦਲ ਸਾਹਿਬ ਯਾਦ ਕਰਦੇ ਹਨ।"

'ਮੈਂ ਹੈਰਾਨ ਕਿ ਸੁੱਖ ਹੋਵੇ, ਬਾਦਲ ਸਾਹਿਬ ਨੇ ਯਾਦ ਕੀਤਾ ਹੈ। ਪਰਸੋਂ ਦੀ ਉਡਾਣ (ਫਲਾਈਟ) ਹੈ। ਕੋਈ ਹੋਰ ਨਾ ਨਵਾਂ ਹੀ ਪੇਚਾ ਪੈ ਜਾਵੇ। ਡਰਦੇ ਡਰਦੇ ਮੈਂ ਪੀ.ਏ. ਦੇ ਨਾਲ ਹੋ ਤੁਰਿਆ। ਮਿਲਣ ਤੇ ਬਾਦਲ ਸਾਹਿਬ ਕਹਿਣ ਲੱਗੇ, "ਤੁਹਾਡੀ ਬੜੀ ਮਹਿਮਾਂ ਸੁਣੀ ਹੈ। ਅਸੀਂ ਵੀ ਚਾਹੁੰਦੇ ਹਾਂ ਕਿ ਤੁਹਾਡੇ ਕੋਲੋਂ ਕੁਝ ਤਸਵੀਰਾਂ ਬਣਵਾਈਏ।" ਗੱਲ ਸੁਣ ਕੇ ਮੈਂ ਹੈਰਾਨ ਹੋਇਆ। ਸਮਝ ਨਾ ਆਵੇ ਕਿ ਬਾਦਲ ਸਾਹਿਬ ਆਪਣੇ ਘਰ ਲਈ ਤਸਵੀਰਾਂ ਬਣਵਾਉਣੀਆਂ ਚਾਹੁੰਦੇ ਹਨ, ਜਾਂ ਪੰਜਾਬ ਸਰਕਾਰ ਦੇ ਕਿਸੇ ਪਰਾਜੈਕਟ ਲਈ।"

'ਮੈਂ ਪੁੱਛਿਆ, ਦੱਸੋ ਦੋ ਤੁਸੀਂ ਕਿਸ ਤਰ੍ਹਾਂ ਦੀਆਂ ਤਸਵੀਰਾਂ ਬਣਵਾਉਣਾ ਚਾਹੁੰਦੇ ਹਨ।' ਮੇਰੇ ਮਨ ਵਿਚ ਸੀ ਕਿ ਬਾਦਲ ਸਾਹਿਬ ਨੇ ਚੋਣਾਂ ਵਿਚ ਪੰਜਾਬ ਦੇ ਲੋਕਾਂ ਨੂੰ ਮਹਾਰਾਜਾ ਰਣਜੀਤ ਸਿੰਘ ਵਰਗਾ ਰਾਜ ਦੇਣ ਦਾ ਵਾਅਦਾ ਕੀਤਾ ਸੀ। ਕਿੰਨਾ ਚੰਗਾ ਹੁੰਦਾ ਹੈ ਕਿ ਉਹ ਆਖਦੇ, ਸਾਨੂੰ ਪੰਜਾਬ ਅਸੈਂਬਲੀ ਹਾਲ ਲਈ ਜਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ ਰਣਜੀਤ ਸਿੰਘ ਦੇ ਸਿੱਖ-ਰਾਜ ਨਾਲ ਸਬੰਧਤ ਘਟਨਾਵਾਂ ਨੂੰ ਚਿਤਰਾਂ ਰਾਹੀਂ ਤਿਆਰ ਕਰ ਕੇ ਦਿਉ। ਪਰ ਉਹ ਆਖਣ ਲੱਗੇ, 'ਸਾਨੂੰ ਕਿਸ ਤਰ੍ਹਾਂ ਦੇ ਚਿੱਤਰ ਚਾਹੀਦੇ ਹਨ, ਉਹ ਤਾਂ ਕੁਝ ਦੇਰ ਬਾਅਦ ਸੋਚ ਕੇ ਮੇਰੀ ਪਤਨੀ ਹੀ ਤੁਹਾਨੂੰ ਦੱਸਣਗੇ।" ਕਦੋਂ ਦੱਸਣਗੇ ਤੇ ਕੀ ਦੱਸਣਗੇ, "ਗੱਲਾਂ ਸੁਣ ਕੇ ਮੈਨੂੰ ਹੈਰਾਨੀ ਵੀ ਹੋਈ ਤੇ ਦੁੱਖ ਵੀ।"

"ਕੋਈ ਹੋਰ ਗੱਲ ਨਹੀਂ ਹੋਈ, ਕਿਸੇ ਵੱਡੇ ਪਰਾਜੈਕਟਰ ਬਾਰੇ।"

"ਬੱਸ ਜੀ, ਕੋਈ ਗੱਲ ਹੀ ਨਹੀਂ ਤੁਰੀ। ਜਿਵੇਂ ਗਏ ਸੀ ਉਵੇਂ ਹੀ ਪਰਤ ਆਏ।" ਸਾਰੀ ਗੱਲ ਸੁਣ ਕੇ ਮੈਨੂੰ ਫੇਰ ਇਕ ਵਾਰ ਸ੍ਰੀ ਮਹਿੰਦਰ ਸਿੰਘ ਰੰਧਾਵਾ ਦਾ ਚੇਤਾ ਆਇਆ। ਪੰਜਾਬੀ ਵਿਚ ਪਿਛਲੇ ਸਮੇਂ ਵਿਚ ਰਿਸ਼ਵਤ ਦਾ ਛੇਵਾਂ ਦਰਿਆ ਵਗ ਰਿਹਾ ਸੀ। ਜਥੇਦਾਰ, ਵਜ਼ੀਰ ਤੇ ਅਫਸਰਸ਼ਾਹੀ, ਪੰਜਾਬ ਸੰਕਟ ਦੇ ਪੰਦਰਾਂ ਵਰ੍ਹਿਆਂ ਦੀਆਂ ਕਸਰਾਂ ਕੱਢ ਰਹੇ ਸੀ। ਕਿਸ ਕੋਲ ਇਹ ਸੋਚ ਤੇ ਚੇਤਨਾ ਸੀ ਕਿ ਜਰਨੈਲ ਸਿੰਘ ਵਰਗੇ ਕਲਾਕਾਰ ਨੂੰ ਪੰਜਾਬ ਦੇ ਜੀਵਨ ਢੰਗ, ਇਤਿਹਾਸ, ਸਭਿਆਚਾਰ ਤੇ ਪ੍ਰਕਿਰਤੀ ਨਾਲ ਸਬੰਧਤ ਕੋਈ ਵੱਡਾ ਪਰਾਜੈਕਟ ਦੇਵੇ। ਫਿਰ ਖਿਆਲ ਆਇਆ ਕੇ ਮੁੱਖ ਮੰਤਰੀ ਸਾਹਿਬ ਕੋਲ ਪੀ.ਏ., ਰਾਜਸੀ ਸਲਾਹਕਾਰ ਤੇ ਪੜ੍ਹੀ ਲਿਖੀ ਅਫਸਰਸ਼ਾਹੀ ਹੈ, ਉਹਨਾਂ ਵਿਚੋਂ ਹੀ ਕਿਸੇ ਨੂੰ ਪੁੱਛ ਲੈਂਦੇ।

ਜਰਨੈਲ ਸਿੰਘ ਨਿਰਛਲ ਤੇ ਕਪਟ-ਰਹਿਤ ਆਦਮੀ ਹੈ। ਸਾਦਗੀ ਦੀ ਸਾਕਾਰ ਮੂਰਤ ਤੇ ਕਲਾ ਨੂੰ ਅਰਪਿਤ ਇਨਸਾਨ। ਉਹ ਕੁਝ ਵੀ ਲੁਕਾਉਂਦਾ ਨਹੀਂ। ਉਸ ਨਾਲ ਗੱਲ ਕਰਦੇ ਇੰਝ ਪ੍ਰਤੀਤ ਹੁੰਦਾ ਹੈ ਜਿਵੇਂ ਤੁਸੀਂ ਬਚਪਨ ਦੇ ਵਿਛੜੇ ਹੋਏ ਕਿਸੇ ਦੋਸਤ ਨੂੰ ਵਰ੍ਹਿਆਂ ਬਾਅਦ ਮਿਲ ਰਹੇ ਹੋਵੇ।

ਮੈਂ ਆਖਿਆ, "ਜਰਨੈਲ ਸਿਆਂ ਹੁਣ ਤਾਂ ਤੇਰੀ ਰੀਸੇ ਪੰਜਾਬ ਦੇ ਹੋਰ ਕਈ ਚਿੱਤਰਕਾਰ ਵੀ ਤੇਰੇ ਵਾਂਗ ਫੁਲਕਾਰੀਆਂ ਵਾਲੀਆਂ ਮੂਰਤਾਂ ਬਣਾ ਬਣਾ ਕੇ ਵੇਚਣ ਲੱਗ ਪਏ ਹਨ। ਤੇਰੇ ਚਿੱਤਰਾਂ ਤੋਂ ਵਾਕਫ ਸਾਧਾਰਨ ਦਰਸ਼ਕ ਵੀ ਪਛਾਣ ਸਕਦਾ ਹੈ ਕਿ ਤੇਰੇ ਕਲਾ ਪ੍ਰੇਰਕਾਂ Motifs ਦੀ ਨਕਲ ਮਾਰੀ ਗਈ ਹੈ।"

ਗੱਲ ਸੁਣ ਕੇ ਜਰਨੈਲ ਸਿੰਘ ਹੱਸਿਆ, ਕਹਿਣ ਲੱਗਾ, "ਭਾਅ ਜੀ ਜੇ ਕਿਸੇ ਦੀ ਰੋਟੀ ਨਕਲ ਮਾਰਿਆਂ ਤੁਰ ਸਕਦੀ ਹੈ ਤਾਂ ਆਪਾਂ ਕਾਹਨੂੰ ਲੱਤ ਮਾਰਨੀ ਹੈ। ਨਕਲਚੀ ਤਾਂ ਹਰ ਥਾਂ ਤੇ ਹੁੰਦੇ ਹਨ।"

ਮੇਰਾ ਮਨ ਵਿਚ ਬੜੀ ਦੇਰ ਦੀ ਤਾਂਘ ਸੀ ਕਿ ਪੁੱਛਾਂ "ਜਰਨੈਲ ਤੂੰ ਤੇ ਤੇਰੇ ਪਿਤਾ ਸ. ਕਿਰਪਾਲ ਸਿੰਘ ਨੇ ਪੰਜਾਬ ਦੇ ਇਤਿਹਾਸ ਤੇ ਸਭਿਆਚਾਰ ਨੂੰ ਖੂਬ ਚਿਤਰਿਆ ਹੈ। ਪਰ ਯਾਰ, ਪਿਛਲੇ ਡੇਡ਼ ਦਹਾਕੇ ਵਿਚ ਪੰਜਾਬ ਦੇ ਲੋਕਾਂ ਨੇ ਪੁਲਿਸ ਤੇ ਆਪਣੇ ਜੰਮੇ ਜਾਇਆਂ ਅਖੌਤੀ 'ਸੂਰਮਿਆਂ' ਹੱਥੋਂ ਜੋ ਦੁੱਖ-ਦਰਦ ਝੱਲੇ ਹਨ, ਉਹ ਪੰਜਾਬ ਦੀ ਤਕਸੀਮ ਦੇ ਦੁਖਾਂਤ ਵਾਂਗ ਭੁਲਾਏ ਜਾਣੇ ਸੰਭਵ ਨਹੀਂ। ਕੀ ਤੇਰਾ ਜੀ ਨਹੀਂ ਕਰਦਾ ਕਿ ਏਸ ਭਿਆਨਕ ਦੁਖਾਂਤ ਦੇ ਕੁਝ ਪੱਖ ਰੰਗਾਂ ਰਾਹੀਂ ਕੈਨਵਸ ਤੇ ਮੂਰਤੀਮਾਨ ਕੀਤੇ ਜਾਣ ?



ਉਹ ਆਖਣ ਲੱਗਾ, "ਇਤਿਹਾਸ ਦੇ ਅੰਗ ਵਜੋਂ ਇਸ ਕਾਲ-ਖੰਡ ਨੂੰ ਚਿਤਰਨ ਨੂੰ ਜੀ ਤਾਂ ਕਰਦਾ ਹੈ ਪਰ ਅਜੇ ਬਹੁਤ ਕੁਝ ਸਾਫ ਸਪੱਸ਼ਟ ਤੇ ਪ੍ਰਗਟ ਵੀ ਨਹੀਂ ਹੋਇਆ। ਨਾਲ ਹੀ ਜੇ ਇਕ ਪੱਖ ਚਿਤਰੀਏ ਤਾਂ ਦੂਸਰੀ ਧਿਰ ਨੂੰ ਗਿਲਾ ਰਹੇਗਾ। ਜੀ ਕਰਦਾ ਹੈ ਕਿ ਅਕਾਲ ਤਖਤ ਦੀ ਤਬਾਹੀ ਬਾਰੇ ਕੋਈ ਚਿੱਤਰ ਬਣਾਵਾਂ, ਪਰ ਫਿਰ ਮਨ ਵਿਚ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਕਿਤੇ ਮੇਰੇ ਯਤਨ ਨੂੰ ਫਿਰਕੂ ਰੰਗ ਜਾਂ ਅਰਥ ਨਾ ਦੇ ਦਿੱਤੇ ਜਾਣ। ਸੋ ਹਾਲ ਦੀ ਘੜੀ ਮੈਂ ਸਾਰੀ ਹੋਈ ਬੀਤੀ ਨੂੰ ਸਮੇਂ ਦੀ ਕੁਝ ਵਿੱਥ ਪਾਉਣਾ ਚਾਹੁੰਦਾ ਹਾਂ, ਤਾਕਿ ਸਾਰੀ ਸਥਿਤੀ ਹੋਰ ਸਪੱਸ਼ਟ ਹੋ ਜਾਵੇ।" ਉਸ ਦੀ ਆਖੀ ਗੱਲ ਨੂੰ ਵਿਚਾਰਦੇ ਹੋਏ ਮੈਨੂੰ ਸੰਸਾਰ ਦੀ ਚਿੱਤਰ-ਕਲਾ ਦੇ ਇਤਿਹਾਸ ਦੇ ਕਈ ਮੋੜਾਂ, ਇਨਕਲਾਬਾਂ, ਜੰਗਾਂ ਯੁੱਧਾਂ ਤੇ ਘੱਲੂਘਾਰਿਆਂ ਬਾਰੇ ਚਿੱਤਰਕਾਰਾਂ ਦੇ ਇਤਿਹਾਸਕ ਵਿਸ਼ਿਆਂ ਤੇ ਛਿਣਾਂ ਨੂੰ ਚਿਤਰਦੇ ਕਲਾ-ਸ਼ਾਹਕਾਰਾਂ ਦਾ ਚੇਤੇ ਆਇਆ ਤੇ ਮੈਨੂੰ ਮਨ ਵਿਚ ਹੌਲੀ ਹੌਲੀ ਸਪੱਸ਼ਟ ਹੁੰਦਾ ਜਾਪਿਆ ਕਿ ਕਲਾਕਾਰ, ਇਤਿਹਾਸ ਦੇ ਮੋੜ ਤੇ ਆਪੋ ਵਿਚ ਭਿੜਦੀਆਂ ਤੇ ਟਕਰਾਉਂਦੀਆਂ ਦੋਵਾਂ ਧਿਰਾਂ ਨੂੰ ਖੁਸ਼ ਨਹੀਂ ਕਰ ਸਕਦਾ। ਉਸ ਨੂੰ ਪਾਸਾ ਚੁਣਨਾ ਪਵੇਗਾ। ਮਹਾਨ ਕਲਾ ਤੇ ਸਾਹਿਤ ਦੀ ਸਿਰਜਣਾ ਲਈ ਵਿਚ ਵਿਚਾਲੇ ਦਾ ਕੋਈ ਰਸਤਾ ਨਹੀ ਹੁੰਦਾ। ਹਰ ਚੇਤੰਨ ਤੇ ਸਮਰਪਿਤ ਕਲਾਕਾਰ ਪੱਖਪਾਤੀ ਹੁੰਦਾ ਹੈ, ਤੇ ਮੈਨੂੰ ਪਿਕਾਸੋ ਦਾ ਉਹ ਕਥਨ ਯਾਦ ਆਇਆ ਜਿਹੜਾ ਮੈਂ ਆਪਣੇ ਕਾਵਿ-ਸੰਗ੍ਰਹਿ 'ਨਿੱਤਰੇ ਪਾਣੀ' ਦੇ ਪਹਿਲੇ ਸਫਿਆਂ ਵਿਚ ਛਾਪਿਆ ਸੀ।

"ਚਿੱਤਰ ਘਰਾਂ ਦੀ ਸਜਾਵਟ ਲਈ ਨਹੀਂ ਬਣਾਏ ਜਾਂਦੇ। ਇਹ ਦੁਸ਼ਮਣ ਦੇ ਵਿਰੁੱਧ ਬਚਾਅ ਤੇ ਹਮਲੇ ਦੇ ਇੱਕ ਹਥਿਆਰ ਹੁੰਦੇ ਹਨ।"

ਪਰ ਇਕ ਗੱਲ ਹੋਰ ਵੀ ਸੀ। ਜਰਨੈਲ ਸਿੰਘ ਦਾ ਖੇਤਰ ਮੱਖ ਤੌਰ ਤੇ ਸਭਿਆਚਾਰ ਹੈ ਪਰ ਉਸ ਨੇ ਸਿੱਖ-ਗੁਰੂਆਂ ਤੇ ਸਿੱਖ ਰਾਜ ਨਾਲ ਸਬੰਧਤ ਇਤਿਹਾਸਕ ਘਟਨਾਵਾਂ ਨੂੰ ਆਪਣੇ ਪਿਤਾ ਵਾਂਗ ਚਿਤਰਿਆ ਹੈ, ਪਰ ਹਾਲੀ ਉਹ ਸਮਕਾਲੀ ਇਤਿਹਾਸ ਵਿਚਾਲੇ, ਨੇਕੀ ਤੇ ਬਦੀ, ਅਮਨ ਤੇ ਜੰਗ, ਝੂਠ ਤੇ ਸੱਚ ਵਰਗੇ ਗੰਭੀਰ ਪ੍ਰਸ਼ਨਾਂ ਨੂੰ ਸੰਬੋਧਨ ਨਹੀਂ ਹੋਇਆ। ਸ਼ਾਇਦ ਉਹ ਇਸ ਰਾਹ ਦਾ ਪਾਂਧੀ ਵੀ ਨਹੀਂ ਹੈ। ਹਰ ਕਲਾਕਾਰ ਦੇ ਆਪਣਾ ਆਪਣਾ ਖੇਤਰ ਹੁੰਦਾ ਹੈ। ਉਸ ਖੇਤਰ ਨੂੰ ਛੱਡਦਿਆਂ ਤੇ ਨਵੇਂ ਵਿਸ਼ੇ ਅਪਣਾਉਂਦਿਆਂ ਸਫਲਤਾ ਤੇ ਪ੍ਰਵਾਨਗੀ ਦੀ ਕੋਈ ਜ਼ਾਮਨੀ ਨਹੀਂ ਦੇ ਸਕਦਾ।

ਪਰ ਜਰਨੈਲ ਸਿੰਘ ਪਿਛਲੇ ਕੁਝ ਸਮੇਂ ਤੋਂ ਆਪਣੀ ਕਲਾ ਦੇ ਘੇਰੇ ਨੂੰ ਨਵਾਂ ਵਿਸਥਾਰ ਦੇ ਰਿਹਾ ਹੈ। ਸਿੱਖ-ਗੁਰੂ, ਸਿੱਖ ਇਤਿਹਾਸ ਤੇ ਪੰਜਾਬੀ ਸਭਿਆਚਾਰ ਤੇ ਜੀਵਨ-ਸ਼ੈਲੀ ਨੂੰ ਚਿਤਰਨ ਦੇ ਨਾਲ ਨਾਲ ਉਹ ਹੁਣ ਪੰਜਾਬੀ ਪ੍ਰਕਿਰਤੀ ਤੇ ਫਸਲਾਂ ਨੂੰ ਚਿਤਰਨ ਲੱਗ ਪਿਆ ਹੈ। ਪ੍ਰਕਿਰਤੀ ਦੇ ਬਦਲਦੇ ਰੰਗ ਤੇ ਦ੍ਰਿਸ਼ ਨਾਲ ਦੀ ਨਾਲ ਸਾਉਣੀ ਹਾੜੀ ਦੇ ਧਰਤ-ਦ੍ਰਿਸ਼ ਤੇ ਫਸਲਾਂ ਨੂੰ ਚਿਤਰਨਾ ਅੰਸਾ ਕਾਰਜ ਹੈ, ਜਿਹੜਾ ਬੇਅੰਤ ਸੰਭਾਵਨਾਵਾਂ ਲੁਕੋਈ ਬੈਠਾ ਹੈ। ਮੈਨੂੰ ਆਸ ਹੈ ਇਸ ਖੇਤਰ ਵਿਚ ਵੀ ਉਹ ਨਵੇਂ ਰਾਹ ਉਲੀਕੇਗਾ।

ਗੱਲਾਂ ਕਰਦਿਆਂ ਮੈਂ ਸੱਜੇ ਹੱਥ ਵਾਲੀ ਕੰਧ ਤੇ ਨਜ਼ਰ ਮਾਰੀ। ਇਸ ਤੇ ਇਕ ਨਵਾਂ ਚਿੱਤਰ ਲਟਕ ਰਿਹਾ ਸੀ, ਦੋ ਮੁਟਿਆਰਾਂ ਗਿੱਧੇ ਜਾਂ ਕਿਕਲੀ ਦੇ ਇੱਕ ਅੰਦਾਜ਼ ਵਿਚ ਨੱਚ ਰਹੀਆਂ ਸਨ ਤੇ ਲਾਗੇ ਸਰੋਂਹ ਦਾ ਖੇਤ, ਪੀਲੇ ਫੁੱਲਾਂ ਦਾ ਸਮੁੰਦਰ। ਤੋੜ ਉਫਕ ਤੀਕ। ਦੋਵੇਂ ਮੁਟਿਆਰਾਂ, ਪੁਰਾਤਨ ਗਹਿਣੇ ਗੱਟੇ ਨਾਲ ਸ਼ਿੰਗਾਰੀਆਂ ਤੇ ਦਮਕਾਂ ਮਾਰਦੇ ਗੂੜ੍ਹੇ ਰੰਗਾਂ ਵਾਲੇ ਘੱਗਰੇ। ਨਿਸਚੇ ਹੀ ਜਰਨੈਲ ਆਪਣੀ ਕਲਾ ਨੂੰ ਨਵਾਂ ਵਿਸਥਾਰ ਦੇ ਰਿਹਾ ਸੀ। ਇਸੇ ਹੀ ਵਰਗ ਦੇ ਇੱਕ ਹੋਰ ਚਿੱਤਰ ਵਿਚ ਘੜੇ ਚੁੱਕੀ ਦੋ ਮੁਟਿਆਰਾਂ ਸ਼ਾਇਦ ਪਾਣੀ ਭਰਨ ਜਾ ਰਹੀਆਂ ਹਨ। ਉਹਨਾਂ ਦੇ ਪਿਛੇ ਪਿਛੋਕੜ ਵਜੋਂ ਸੂਰਜ-ਮੁਖੀ ਦੇ ਫੁੱਲਾਂ ਦਾ ਖਿੜਿਆ ਭਰਪੂਰ ਖੇਤ ਨਜ਼ਰੀ ਪੈਂਦਾ ਹੈ। ਆਪਣੇ ਇਤਿਹਾਸ, ਆਪਣੇ ਪੰਜਾਬੀ ਸਭਿਆਚਾਰ ਤੇ ਆਪਣੇ ਧਰਤ-ਦ੍ਰਿਸ਼ ਨਾਲ ਪਿਆਰ, ਜਰਨੈਲ ਸਿੰਘ ਦੇ ਆਪਣੀ ਧਰਤੀ ਨਾਲ ਸਦੀਵੀ ਪਿਆਰ ਦੀ ਗਵਾਹੀ ਹੈ। ਉਹ ਹਰ ਗੱਲ ਰੰਗ ਦੀ ਭਾਸ਼ਾ ਵਿਚ ਕਰਦਾ ਹੈ।

ਉਪਰੇਸ਼ਨ ਨੀਲੇ ਤਾਰਾਂ ਦੀ ਗੱਲ ਯਾਦ ਕਰਦੇ ਹੋਏ ਮੈਨੂੰ ਸਿੱਖ ਅਜਾਇਬ-ਘਰ ਵਿਚ ਸੰਭਾਲੇ ਸ.

ਕਿਰਪਾਲ ਸਿੰਘ ਹੋਰਾਂ ਦੇ ਵੱਡਮੁੱਲੇ ਚਿੱਤਰਾਂ ਨੂੰ ਪੁੱਜੇ ਨੁਕਸਾਨ ਦਾ ਚੇਤਾ ਆਇਆ ਤਾਂ ਮੈਂ ਜਾਣਕਾਰੀ ਲੈਣ ਵਜੋਂ ਪੁੱਛਿਆ, "ਜਰਨੈਲ ਸਿੰਘ ਸੁਣਿਆ ਅੰਮ੍ਰਿਤਸਰ ਸਾਹਮਣੀ ਗੋਲਾ-ਬਾਰੀ ਵਿਚ ਵੱਡ-ਆਕਾਰੀ ਚਿੱਤਰਾਂ ਦਾ ਕੁਝ ਨੁਕਸਾਨ ਹੋ ਗਿਆ ਸੀ। ਉਹ ਦਾਗ ਜਾਂ ਨੁਕਸਾਨ ਤੂੰ ਠੀਕ ਕੀਤਾ ਸੀ ਜਾਂ ਆਪਣੇ ਬਜ਼ੁਰਗਾਂ ਨੇ ?"

ਆਖਣ ਲੱਗਾ, "ਭਾਅ ਜੀ ਪਿਤਾ ਜੀ ਉਸ ਵਕਤ ਜ਼ਿੰਦਾ ਸਨ। ਪਰ ਸ਼੍ਰੋਮਣੀ ਕਮੇਟੀ ਨੇ ਦਰੁਸਤੀ ਨਾ ਉਹਨਾਂ ਕੋਲੋਂ ਕਰਾਈ ਤੇ ਨਾ ਹੀ ਮੇਰੇ ਕੋਲੋਂ। ਸ਼ਾਇਦ ਕਿਸੇ ਤੀਸਰੇ ਕਲਾਕਾਰ ਤੋਂ ਕਰਾਇਆ ਹਵੇ।"

ਸਮੇਂ ਦੇ ਬੀਤਣ ਨਾਲ ਖਰਾਬ ਹੋਏ ਚਿੱਤਰਾਂ ਨੂੰ ਠੀਕ ਕਰਨ ਜਾਂ Retouch ਕਰਨ ਦਾ ਯੂਰਪ ਦੀਆਂ ਆਰਟ-ਗੈਲਰੀਆਂ ਵਿਚ ਕੀ ਤਰੀਕਾ ਹੈ, ਮੈਂ ਇਸ ਬਾਰੇ ਜਰਨੈਲ ਸਿੰਘ ਦੀ ਰਾਏ ਲੈਣੀ ਚਾਹੀ ਤਾਂ ਕਹਿਣ ਲੱਗੇ, 'ਯੂਰਪ ਵਿਚ ਮੌਸਮ ਠੰਡਾ ਹੈ, ਘੱਟਾ ਬਿਲਕੁਲ ਨਹੀਂ। ਧੁੱਪ ਵੀ ਰੰਗਾਂ ਦਾ ਨੁਕਸਾਨ ਕਰਦੀ ਹੈ। ਨਾਲ ਹੀ ਉਥੇ ਕਮਰਿਆਂ ਨੂੰ ਵਾਤਾ-ਅਨੁਕੂਲ ਰੱਖਣ ਦਾ ਵੀ ਪ੍ਰਬੰਧ ਹੈ। ਸਾਡੇ ਸਾਂਭ-ਸੰਭਾਲ ਦੀ ਗੱਲ ਤਾਂ ਦੂਰ ਦੀ, ਤੁਸਾਂ ਪਿਛਲੀ ਵਾਰੀ ਮੇਰੇ ਸਟੂਡੀਓ ਵਿਚ ਪਏ ਪਟਿਆਲਾ ਯੂਨੀਵਰਸਿਟੀ ਦੇ ਖਰੀਦੇ ਕੁਝ ਚਿੱਤਰਾਂ ਦੀ ਹਾਲਤ ਤਾਂ ਵੇਖ ਹੀ ਲਈ ਸੀ। ਏਥੇ ਤਾਂ ਅਖੀਰ ਨੂੰ ਹਾਰ ਕੇ ਕਹਿਣਾ ਪੈਂਦਾ ਕਿ ਬੱਸ ਰੱਬ ਹੀ ਰਾਖਾ।"

ਏਸੇ ਪ੍ਰਸੰਗ ਵਿਚ ਹੀ ਉਹ ਸਭਰਾਵਾਂ ਦੀ ਜੰਗ ਬਾਰੇ ਬਣਾਏ ਚਿੱਤਰਾਂ ਦੀ ਹਾਲਤ ਬਾਰੇ ਦੱਸਦੇ ਹੋਏ ਆਖਣ ਲੱਗੇ, "ਕੁਝ ਚਿੱਤਰਾਂ ਨੂੰ ਦਰਸ਼ਕਾਂ ਨੇ ਜਾਂ ਸ਼ਾਇਦ ਬੱਚਿਆਂ ਨੇ ਲੀਕਾਂ ਵਾਹ ਕੇ ਖਰਾਬ ਕਰ ਦਿੱਤਾ ਸੀ। ਮੈਂ ਚਿੱਤਰ ਵੇਖ ਅਜਾਇਬ-ਘਰ ਦੇ ਡਾਇਰੈਕਟਰ ਨੂੰ ਕਿਹਾ ਸੀ ਕਿ ਲਾਗੇ ਕੁਝ ਰੋਕਾਂ ਬਣਵਾ ਦਿਓ ਤਾਂ ਕਿ ਦਰਸ਼ਕ ਤੇ ਵਿਸ਼ੇਸ਼ ਤੇ ਬੱਚੇ ਉੱਤੇ ਲੀਕਾਂ ਨਾ ਮਾਰਨ। ਪਰ ਲੱਗਦਾ ਹੈ ਕਿ ਉਨ੍ਹਾਂ ਨੂੰ ਮੇਰੇ ਸੁਝਾ ਚੰਗੇ ਨਹੀਂ ਲੱਗੇ ਹੋਣੇ।"

ਗੱਲਾਂ ਕਰਦੇ ਰਾਤ ਕਾਫੀ ਡੂੰਘੀ ਹੋ ਗਈ ਸੀ। ਰੋਟੀ-ਟੁੱਕ ਖਾ ਅਸੀਂ ਆਪੋ-ਆਪਣੇ ਬਿਸਤਰੇ ਜਾ ਮੱਲੇ। ਕਾਫੀ ਦੇਰ ਤੀਕ ਨੀਂਦ ਨਾ ਪਈ। ਸੰਭਵ ਹੈ, ਕਮਰੇ ਦੇ ਚਾਰੇ ਪਾਸੇ ਪਏ ਚਿੱਤਰ ਤੇ ਉਹਨਾਂ ਦੇ ਰੰਗ ਆਏ ਪ੍ਰਾਹੁਣੇ ਨਾਲ ਵਾਰਤਾਲਾਪ ਕਰਨਾ ਚਾਹੁੰਦੇ ਹੋਣ।

ਆਦਤ ਅਨੁਸਾਰ ਸਵੇਰੇ ਤੜਕੇ ਫਿਰ ਜਾਗ ਖੁੱਲ ਗਈ। ਦਿਨ ਚੜ੍ਹਦੇ ਤੀਕ ਤਿਆਰ ਹੋ ਮੈਂ ਜਰਨੈਲ ਸਿੰਘ ਦੇ ਪਰਿਵਾਰ ਦੇ ਜਾਗਣ ਨੂੰ ਉਡੀਕਣ ਲੱਗਾ-ਦਿਨ ਚੜ੍ਹਿਆ ਤਾਂ ਬੂਹੇ ਬਾਰੀਆਂ ਰਾਹੀਂ ਅੰਦਰ ਆ ਰਹੀ ਰੌਸ਼ਨੀ ਨਾਲ ਰੰਗ ਵੀ ਗੁਫਤਗੂ ਕਰਨ ਲੱਗੇ। ਛਾਹ-ਵੇਲਾ ਖਾ, ਅਸੀਂ ਦੋਵੇਂ ਜਰਨੈਲ ਸਿੰਘ ਦੇ ਉਪਰਲੀ ਛੱਤ ਤੇ ਬਣੇ ਸਟੂਡੀਓ ਵਿਚ ਚਲੇ ਗਏ। ਹਰ ਕੰਧ ਨਾਲ ਅਧੂਰੇ ਪੂਰੇ ਚਿੱਤਰ ਪਏ ਸਨ। ਪੰਜਾਬ ਦਾ ਇਤਿਹਾਸ, ਸਭਿਆਚਾਰ ਤੇ ਪ੍ਰਕਿਰਤੀ ਰੰਗਾਂ ਰਾਹੀਂ ਰੂਪਮਾਨ ਹੋਏ ਗੱਲਾਂ ਕਰ ਰਹੇ ਸਨ। ਖਿਆਲ ਸੀ ਕਿ ਜਰਨੈਲ ਸਿੰਘ ਦੇ ਸ਼ਾਹਕਾਰ ਪੰਜਾਬਣ ਦੇ ਪੋਰਟਰੇਟ ਬਾਰੇ ਵਿਸਥਾਰ-ਪੂਰਬਕ ਚਰਚਾ ਕਰਦੇ ਪਰ ਮੈਨੂੰ ਉਹ ਚਿੱਤਰ ਕਿਤੇ ਵੀ ਨਜ਼ਰ ਨਾ ਆਇਆ। ਇਸ ਕਾਰਜ ਨੂੰ ਕਿਸੇ ਅਗਲੀ ਮਿਲਣੀ ਤੇ ਛੱਡ ਪਰਿਵਾਰ ਦੀਆਂ ਕੁਝ ਤਸਵੀਰਾਂ ਖਿੱਚ/ਖਿਚਵਾ ਮੈਂ ਉਸ ਕੋਲੋਂ ਜਾਣ ਦੀ ਆਗਿਆ ਮੰਗੀ।

ਕਹਿਣ ਲੱਗਾ, ਨਹੀਂ ਮੈਂ ਅੱਡੇ ਤੇ ਛੱਡ ਕੇ ਆਉਂਦਾ ਹਾਂ, ਉਸ ਸਕੂਟਰ ਕੱਢਿਆਂ ਤੇ ਮੈਨੂੰ ਬੱਸ ਅੱਡੇ ਤੇ ਛੱਡ ਆਇਆ।

ਚੰਡੀਗੜ੍ਹ ਤੋਂ ਫੱਤੂ ਚੱਕ ਦੇ ਚਾਰ ਘੰਟੇ ਤੇ ਥਕਾਊ-ਅਕਾਊ ਸਫ਼ਰ ਦੌਰਾਨ, ਮੈਨੂੰ ਬਾਰ ਬਾਰ ਜਰਨੈਲ ਸਿੰਘ ਦੀ ਸ਼ਖਸੀਅਤ ਵਿਚਲੀ ਸਾਦਗੀ, ਸੁਹਿਰਦਤਾ ਤੇ ਲਗਨ ਚੇਤੇ ਆਉਂਦੀ ਰਹੀ ਤੇ ਮੈਂ ਹਰ ਮਿਲਣੀ ਬਾਅਦ ਉਸ ਦੀ ਚਿਤਰ-ਕਲਾ ਸਬੰਧੀ ਗੂਹੜੀ ਹੋ ਰਹੀ ਸਾਂਝ ਤੇ ਨੇੜਤਾ ਨੂੰ ਚਿਤਵਦਾ ਰੰਗਾਂ ਨਾਲ ਬਣ ਰਹੇ ਇਸ ਨਵੇਂ ਰਿਸ਼ਤੇ ਦੇ ਰਹੱਸਾਂ ਨੂੰ ਸਮਝਣ ਦੀ ਕੋਸ਼ਿਸ਼ ਕਰਦਾ, ਘਰ ਪਹੁੰਚ ਗਿਆ।

••





# ਪੰਜਾਬੀ ਕਹਾਣੀ ਦੀ ਇਤਿਹਾਸਕਾਰੀ-ਕੁਝ ਮਸਲੇ

*—ਡਾ. ਬਲਦੇਵ ਸਿੰਘ ਧਾਲੀਵਾਲ*

ਪੰਜਾਬੀ ਕਹਾਣੀ ਦੇ ਇਤਿਹਾਸਮੁੱਖ ਅਤੇ ਸੰਦਰਭਗਤ ਮੁਲਾਂਕਣ ਸਮੇਂ ਜੋ ਸਭ ਤੋਂ ਵੱਡੀ ਸਮੱਸਿਆ ਪੇਸ਼ ਆਉਂਦੀ ਹੈ ਉਸ ਦਾ ਸਬੰਧ ਇਤਿਹਾਸਕਾਰੀ ਦੇ ਸਿਧਾਂਤਕ ਅਤੇ ਵਿਵਹਾਰਕ ਪਹਿਲੂਆਂ ਨਾਲ ਹੈ। ਸਾਡੇ ਕੋਲ ਅਜੇ ਕਹਾਣੀ-ਵਿਧਾ ਦਾ ਤਾਂ ਕੀ, ਪੰਜਾਬ ਦਾ ਅਤੇ ਪੰਜਾਬੀ ਸਾਹਿਤ ਦਾ ਵੀ ਪ੍ਰਮਾਣਿਕ ਇਤਿਹਾਸ ਪ੍ਰਾਪਤ ਨਹੀਂ ਇਸ ਪਛੜੇਵੇਂ ਦੇ ਕਾਰਨ ਪੰਜਾਬੀਆਂ ਦੀ ਇਤਿਹਾਸਕ ਚੇਤਨਾ 'ਚੋਂ ਲੱਭੇ ਜਾ ਸਕਦੇ ਸਨ। ਅਜਿਹਾ ਤਾਂ ਨਹੀਂ ਕਿ ਪੰਜਾਬੀਆਂ ਵਿਚ ਇਤਿਹਾਸਕ ਚੇਤਨਾ ਦੀ ਘਾਟ ਰਹੀ ਹੈ ਕਿਉਂਕਿ ਇਸ ਗੱਲ ਦਾ ਸਭ ਤੋਂ ਵੱਡਾ ਪ੍ਰਮਾਣ ਮੱਧਕਾਲ ਵਿਚ ਸ੍ਰੀ ਗੁਰੂ ਗਰੰਥ ਸਾਹਿਬ ਦੀ ਬਾਣੀ ਦਾ ਸਕੰਲਨ ਅਤੇ ਸੰਪਾਦਨ ਹੈ ਪਰ ਇਹੀ ਚੇਤਨਾ ਆਪਣੇ ਆਧੁਨਿਕ ਸਰੂਪ ਵਿਚ ਬਹੁਤ ਪਛੜ ਕੇ ਪ੍ਰਗਟ ਹੋ ਸਕੀ ਹੈ।

ਪੰਜਾਬ ਵਿਚ ਇਤਿਹਾਸਕ ਚੇਤਨਾ ਦਾ ਆਧੁਨਿਕ ਸਰੂਪ ਉਸ ਸਮੇਂ ਹੋਂਦ ਗ੍ਰਹਿਣ ਕਰਨ ਲਗਦਾ ਹੈ ਜਦੋਂ ਨਵ-ਜਾਗਰਨ ਦੀ ਲਹਿਰ ਨਾਲ ਪੱਛਮੀ ਅਤੇ ਪੂਰਬੀ ਸੰਸਕ੍ਰਿਤੀਆਂ ਦੇ ਤੁਲਨਾਤਮਕ ਮੰਥਨ ਦਾ ਅਮਲ ਸਾਨੂੰ ਆਪਣੇ ਵਿਰਸੇ ਦੇ ਸਕਾਰਾਤਮਕ ਪੱਖਾਂ ਦੀ ਖੋਜ ਦੇ ਰਾਹ ਪਾਉਂਦਾ ਹੈ। ਇਹੀ ਲੌਕਿਕ, ਤੱਥਗਤ ਅਤੇ ਵਿਸ਼ਲੇਸ਼ਣਕਾਰੀ ਬਿਰਤੀ ਵਿਚ ਗਿਆਨ-ਵਿਗਿਆਨ ਦੇ ਵਿਕਾਸ ਨਾਲ ਇਕ ਸੁਰ ਹੋ ਕੇ ਪ੍ਰਮਾਣਿਕ ਇਤਿਹਾਸ ਚੇਤਨਾ ਵਿਚ ਰੂਪਾਂਤਰਿਤ ਹੁੰਦੀ ਹੈ।

ਪੰਜਾਬੀ ਕਹਾਣੀ ਦੇ ਪ੍ਰਸੰਗ ਵਿਚ ਅੰਗਰੇਜ਼ ਚਿੰਤਕਾਂ ਵੱਲੋਂ ਪੰਜਾਬ ਦੀ ਲੋਕ-ਕਹਾਣੀ ਦੇ ਸੰਕਲਨ ਤਿਆਰ ਕੀਤੇ ਜਾਣੇ ਆਧੁਨਿਕ ਇਤਿਹਾਸਕ ਚੇਤਨਾ ਦੀ ਮੁਢਲੀ ਦੇਣ ਹਨ। ਉਸ ਤੋਂ ਪਿੱਛੋਂ ਹੀ ਆਧੁਨਿਕ ਪੰਜਾਬੀ ਕਹਾਣੀ ਦੇ ਇਤਿਹਾਸ ਲੇਖਣ ਦਾ ਅਮਲ ਸ਼ੁਰੂ ਹੁੰਦਾ ਹੈ। ਇਹ ਕਾਰਜ ਪੰਜਾਬੀ ਸਾਹਿਤ ਦੇ ਇਤਿਹਾਸਕਾਰਾਂ ਵੱਲੋਂ ਕੀਤਾ ਜਾਣਾ ਆਰੰਭ ਹੁੰਦਾ ਹੈ ਅਤੇ ਉਸ ਦੇ ਨਾਲ ਨਾਲ ਬਲਬੀਰ ਸਿੰਘ ਦਿਲ, ਸਵਿੰਦਰ ਸਿੰਘ ਉੱਪਲ, ਗੁਰਚਰਨ ਸਿੰਘ, ਗੁਰਮੁਖ ਸਿੰਘ ਜੀਤ ਅਤੇ ਪਿਆਰਾ ਸਿੰਘ ਭੋਗਲ ਵੱਲੋਂ ਪੰਜਾਬੀ ਕਹਾਣੀ ਦੇ ਵਿਕਾਸ ਦਾ ਵਿਉਰਾ ਤਿਆਰ ਕਰਦਿਆਂ ਪੰਜਾਬੀ ਕਹਾਣੀ ਦਾ ਸੰਖੇਪ ਇਤਿਹਾਸ ਪੇਸ਼ ਕਰਨ ਨਾਲ ਵਿਕਾਸ ਕਰਦਾ ਹੈ। ਪੰਜਾਬੀ ਕਹਾਣੀ ਦੇ ਇਤਿਹਾਸ ਲਈ ਇਹ ਸਾਰੇ ਯਤਨ ਬਹੁਤ ਸਾਰੀ ਸਮੱਗਰੀ ਤਾਂ ਮੁਹੱਈਆ ਕਰਦੇ ਹਨ ਪਰ ਇਹ ਏਨੀ ਬੇਤਰਤੀਬੀ, ਅਧੂਰੀ, ਅਪ੍ਰਮਾਣਿਕ ਅਤੇ ਇਤਿਹਾਸਕ ਦ੍ਰਿਸ਼ਟੀ ਤੋਂ ਵਿਰਵੀ ਹੈ ਕਿ ਇਸ ਨਾਲ ਪ੍ਰਮਾਣਿਕ ਇਤਿਹਾਸ ਦੀ ਰਚਨਾ ਕਰਨ ਸਮੇਂ ਬਹੁਤ ਸਮੱਸਿਆਵਾਂ ਸਾਹਮਣੇ ਆਉਂਦੀਆਂ ਹਨ।

ਪੰਜਾਬੀ ਕਹਾਣੀ ਦੀ ਇਤਿਹਾਸਕਾਰੀ ਦੇ ਸੰਕਲਪ ਦੇ ਉਜਾਗਰ ਹੋਣ ਪਿੱਛੋਂ ਹੀ ਅਜਿਹੇ ਕੁਝ ਮਸਲੇ ਸਾਹਮਣੇ ਆਏ ਹਨ ਜਿਨ੍ਹਾਂ ਸੰਬੰਧੀ ਠੀਕ ਨਿਰਣਾ ਲਏ ਜਾਣ ਤੋਂ ਬਿਨਾਂ ਇਸ ਪਾਸੇ ਸਫਲਤਾ-ਪ੍ਰਾਪਤੀ ਸੰਭਵ ਨਹੀਂ ਜਾਪਦੀ।

ਇਸ ਦਿਸ਼ਾ ਵੱਲ ਸਾਡਾ ਧਿਆਨ ਸਭ ਤੋਂ ਪਹਿਲਾ ਡਾ. ਦਿਲਜੀਤ ਸਿੰਘ ਨੇ ਆਪਣੇ ਪੀ-ਐੱਚ.ਡੀ. ਦੇ ਥੀਸਿਸ ਦੇ ਪਹਿਲੇ ਅਧਿਆਇ "ਪੰਜਾਬੀ ਕਹਾਣੀ ਦਾ ਇਤਿਹਾਸ-ਸ਼ਾਸਤਰ" ਰਾਹੀਂ 1979 ਵਿਚ ਦੁਆਇਆ। ਇਸ ਤੋਂ ਪਿੱਛੋਂ 29-31 ਅਕਤੂਬਰ, 1982 ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵੱਲੋਂ ਕਰਵਾਏ ਗਏ ਸੈਮੀਨਾਰ "ਪੰਜਾਬੀ ਸਾਹਿਤ ਦੀ ਇਤਿਹਾਸਕਾਰੀ : ਵਿਧੀਆਂ ਤੇ ਸਮੱਸਿਆਵਾਂ" ਦੌਰਾਨ ਪੰਜਾਬੀ ਕਹਾਣੀ ਦੀ ਇਤਿਹਾਸਕਾਰੀ ਬਾਰੇ ਪੜ੍ਹੇ ਗਏ ਗੁਰਬਖਸ਼ ਸਿੰਘ ਫਰੈਂਕ, ਟੀ. ਆਰ. ਵਿਨੋਦ, ਦਿਲਜੀਤ ਸਿੰਘ ਅਤੇ ਸਵਿੰਦਰ ਉਪਲ ਦੇ ਪੇਪਰਾਂ ਰਾਹੀਂ ਇਸ ਮਸਲੇ ਦੇ ਵਿਭਿੰਨ ਪਹਿਲੂਆਂ ਨੂੰ ਵਧੇਰੇ ਚੇਤੰਨ ਹੋ ਕੇ ਵਿਚਾਰਿਆ ਗਿਆ। ਇਸ ਸੰਵਾਦ ਵਿਚੋਂ ਉਭਰੇ ਕੁਝ ਨੁਕਤਿਆਂ ਬਾਰੇ ਚਰਚਾ ਕਰਨੀ ਜ਼ਰੂਰੀ ਹੈ।

**ਵਿਧਾ ਦਾ ਨਾਮਕਰਨ** : ਮੱਧਕਾਲ ਵਿਚ ਪੰਜਾਬੀ ਦੇ ਇਸ ਸਾਹਿਤ ਰੂਪ ਲਈ ਸੰਸਕ੍ਰਿਤ ਦੇ ਸਬਦ ਦੀ ਵਰਤੋਂ ਕੀਤੀ ਜਾਂਦੀ ਸੀ। ਵਣਜਾਰਾ ਬੇਦੀ ਅਨੁਸਾਰ, "ਪੰਜਾਬੀ ਵਿਚ ਕਥਾ ਸ਼ਬਦ ਭਾਵੇਂ ਕਹਾਣੀ ਦੇ ਪਰਿਆਇ ਵਜੋਂ ਵੀ ਵਰਤਿਆ ਜਾਂਦਾ ਹੈ, ਪਰ ਸਹਿਜ ਰੂਪ ਵਿਚ ਕਥਾ ਪਦ ਇਕ ਖਾਸ ਪ੍ਰਕਾਰ ਦੇ ਉਪਦੇਸ਼ਾਤਮਕ ਪ੍ਰਸੰਗ ਜਾਂ ਬਿਰਤਾਂਤ ਲਈ ਪ੍ਰਯੋਗ ਹੁੰਦਾ ਹੈ ਜੋ ਧਾਰਮਿਕ ਵਖਿਆਣ ਅਤੇ ਕੀਰਤਨ ਸਮੇਂ, ਕਿਸੇ ਸੰਕਲਪ ਦੀ ਵਿਆਖਿਆ ਜਾਂ ਦ੍ਰਿੜਤਾ ਵਜੋਂ ਜਾਂ ਫਿਰ ਸਰੋਤਿਆਂ ਅੰਦਰ ਅਧਿਆਤਮਕ ਅਤੇ ਨੈਤਿਕ ਕਦਰਾਂ-ਕੀਮਤਾਂ ਨੂੰ ਉਜਾਗਰ ਕਰਨ ਲਈ ਸੁਣਾਏ ਜਾਂਦੇ ਹਨ" (**ਮੱਧਕਾਲੀਨ ਪੰਜਾਬੀ ਕਥਾ-ਰੂਪ ਤੇ ਪਰੰਪਰਾ**, ਪੰਨਾ 75)। ਸੋ ਮੱਧਕਾਲੀ ਅਧਿਆਤਮਕ ਚੇਤਨਾ ਦੀ ਪ੍ਰਧਾਨਤਾ ਵਾਲੇ ਯੁਗ-ਚਿੰਤਨ ਅਨੁਕੂਲ ਇਹ ਸੰਕਲਪ (ਕਥਾ) ਰੂੜ੍ਹ ਹੋ ਚੁੱਕਾ ਹੈ। ਇਸ ਲਈ ਆਧੁਨਿਕ ਚੇਤਨਾ ਕਾਲ ਵਿਚਲੀ ਇਸ ਬਿਰਤਾਂਤਕ ਵਿਧਾ ਲਈ ਪੂਰੀ ਤਰ੍ਹਾਂ ਢੁਕਵਾਂ ਨਹੀਂ ਕਿਹਾ ਜਾ ਸਕਦਾ। ਆਧੁਨਿਕ ਰਚਨਾਕਾਰਾਂ ਅਤੇ ਸਮੀਖਿਅਕਾਂ ਨੇ ਇਸ ਵਿਧਾ ਲਈ 'ਕਹਾਣੀ' ਸ਼ਬਦ ਦੀ ਵਰਤੋਂ ਵਧੇਰੇ ਢੁਕਵੀਂ ਸਮਝੀ। ਅੰਗਰੇਜ਼ੀ ਭਾਸ਼ਾ ਵਿਚ ਇਸ ਵਿਧਾ ਦਾ ਨਾਂ 'ਸ਼ਾਰਟ ਸਟੋਰੀ' ਹੈ। ਇਸ ਲਈ ਪੱਛਮੀ ਕਾਵਿ-ਸ਼ਾਸਤਰ ਤੋਂ ਪ੍ਰਭਾਵਤ ਕੁਝ ਸਮੀਖਿਅਕਾਂ ਜਿਨ੍ਹਾਂ ਵਿਚੋਂ ਗੁਰਬਖਸ਼ ਸਿੰਘ ਫਰੈਂਕ ਦਾ ਨਾਂ ਪ੍ਰਮੁੱਖ ਹੈ, ਨੇ ਰੀਸੋ-ਰੀਸੀ ਇਸ ਬਿਰਤਾਂਤਕ ਵਿਧਾ ਨੂੰ 'ਨਿੱਕੀ ਕਹਾਣੀ' ਦਾ ਨਾਂ ਦੇਣ ਦਾ ਯਤਨ ਕੀਤਾ ਪਰ ਇਹ ਪ੍ਰਚਲਿਤ ਨਾ ਹੋ ਸਕਿਆ। ਹੁਣ 'ਮਿੰਨੀ ਕਹਾਣੀ' ਅਤੇ 'ਲੰਮੀ ਕਹਾਣੀ' ਦੇ ਸੰਕਲਪ ਉਭਰ ਆਉਣ ਨਾਲ ਇਹ ਮਸਲਾ ਹੋਰ ਵੀ ਪੇਚੀਦਾ ਹੋ ਗਿਆ ਹੈ। ਕੀ ਉਹ ਤਿੰਨ ਵੱਖਰੀਆਂ ਵਿਧਾਵਾਂ ਹਨ ਜਾਂ ਇਕੋ ਵਿਧਾ ਦੇ ਤਿੰਨ ਨਾਂ ? ਮਿੰਨੀ ਕਹਾਣੀ ਤਾਂ ਬਿਰਤਾਂਤ ਦੀ ਇਕ ਵੱਖਰੀ ਵਿਧਾ ਵਜੋਂ ਸਥਾਪਤ ਹੋ ਹੀ ਚੁੱਕੀ ਹੈ ਪਰ ਲੰਮੀ ਕਹਾਣੀ ਸਬੰਧੀ ਅਜੇ ਅਜਿਹਾ ਨਹੀਂ ਕਿਹਾ ਜਾ ਸਕਦਾ। "ਲੰਮੀ ਕਹਾਣੀ" ਸਿਰਲੇਖ ਵਾਲੇ ਲੇਖ ਵਿਚ ਦਿੱਤੀ ਪਿਆਰਾ ਸਿੰਘ ਭੋਗਲ ਦੀ ਟਿੱਪਣੀ ਤੋਂ ਲੰਮੀ ਕਹਾਣੀ ਵੀ ਇੱਕ ਵੱਖਰੀ ਵਿਧਾ ਹੀ ਜਾਪਦੀ ਹੈ, "ਪੰਜਾਬੀ ਵਿਚ "ਨਾਵਲ" ਅਤੇ "ਨਿੱਕੀ ਕਹਾਣੀ" ਵੱਡੀ ਗਿਣਤੀ ਵਿਚ ਲਿਖੇ ਗਏ ਹਨ। "ਲੰਮੀ" ਕਹਾਣੀ ਵੱਲ ਪੰਜਾਬੀ ਲੇਖਕਾਂ ਨੇ ਘੱਟ ਧਿਆਨ ਦਿੱਤਾ ਹੈ" (**ਪ੍ਰਸਿੱਧ ਕਹਾਣੀਕਾਰ**, ਪੰਨਾ 285)। 1965 ਵਿਚ ਤ੍ਰੈਮਾਸਿਕ ਪੱਤਰ 'ਸੰਕੇਤ' (ਜਲੰਧਰ) ਵੱਲੋਂ ਕੱਢੇ ਗਏ 'ਲੰਮੀ ਕਹਾਣੀ ਵਿਸ਼ੇਸ਼ ਅੰਕ' ਤੋਂ ਲੈ ਕੇ ਵੀਹਵੀਂ ਸਦੀ ਦੇ ਅੰਤਲੇ ਸਾਲਾਂ ਵਿਚ 'ਕਹਾਣੀ ਪੰਜਾਬ' (ਜਨਵਰੀ-ਮਾਰਚ, 1992) ਅਤੇ 'ਸਮਦਰਸ਼ੀ' (ਜੁਲਾਈ-ਨਵੰਬਰ, 1995) ਜਿਹੇ ਪ੍ਰਸਿੱਧ ਪੰਜਾਬੀ ਰਸਾਲਿਆਂ ਵੱਲੋਂ ਪ੍ਰਕਾਸ਼ਿਤ 'ਲੰਮੀ ਕਹਾਣੀ ਵਿਸ਼ੇਸ਼ ਅੰਕਾਂ' ਨਾਲ ਇਹ ਮਸਲਾ ਹੋਰ ਵੀ ਮਹੱਤਵ ਗ੍ਰਹਿਣ ਕਰ ਗਿਆ ਹੈ। ਪੰਜਾਬੀ ਵਿਚ ਲੰਮੀਆਂ ਕਹਾਣੀਆਂ ਤਾਂ ਸ਼ੁਰੂ ਤੋਂ ਹੀ ਲਿਖੀਆਂ ਜਾਂਦੀਆਂ ਰਹੀਆਂ ਹਨ ਪਰ ਅਠਵੇਂ ਦਹਾਕੇ ਵਿਚ ਵਰਿਆਮ ਸਿੰਘ ਸੰਧੂ ਵੱਲੋਂ ਰਚਿਤ ਲੰਮੀਆਂ ਕਹਾਣੀਆਂ ਨੇ ਇਸ ਰੂਪ ਨੂੰ ਨਵੀਂ ਵਿਧਾਗਤ ਪਛਾਣ ਦਿੱਤੀ ਹੈ। ਗੁਰਲਾਲ ਸਿੰਘ ਅਨੁਸਾਰ "ਲੰਮੀ ਕਹਾਣੀ ਇਕ ਪ੍ਰਵਿਰਤੀ ਵਜੋਂ 1980 ਤੋਂ ਬਾਅਦ ਸਥਾਪਿਤ ਹੋਈ ਹੈ।.......1980 ਤੋਂ ਪਹਿਲਾਂ ਦੀ ਲੰਮੀ ਕਹਾਣੀ ਸੰਰਚਨਾ ਪੱਖੋਂ ਪ੍ਰਮੁੱਖ ਰੂਪ ਵਿਚ ਪਰੰਪਰਾਗਤ ਹੀ ਹੈ।......ਪੰਜਾਬੀ ਵਿਚ ਲੰਮੀ ਕਹਾਣੀ ਦੀ ਰਚਨਾ ਕੋਈ ਨਵੀਂ ਵਿਧਾ ਨਹੀਂ, ਇਹ ਤਾਂ ਇਕ ਪ੍ਰਵਿਰਤੀ ਹੈ।......ਲੰਮੀ ਕਹਾਣੀ ਦੀ ਵਿਸ਼ੇਸ਼ ਪ੍ਰਾਪਤੀ ਉਹ ਕਹਾਣੀਆਂ ਹਨ ਜੋ ਸੰਰਚਨਾ ਤੇ ਯਥਾਰਥਬੋਧ ਪੱਖੋਂ ਜਟਿਲ ਚਰਿਤਰ ਵਾਲੀਆਂ ਹਨ ਅਤੇ ਵਿਸ਼ੇ ਦੀਆਂ ਵਿਭਿੰਨ ਪਰਤਾਂ ਨੂੰ ਵਿਭਿੰਨ ਅਵਾਜ਼ਾਂ ਰਾਹੀਂ ਪੇਸ਼ ਕਰਦੀਆਂ ਹਨ।......ਕਹਾਣੀ ਬੇਸ਼ਕ ਲੰਮੀ ਹੋ ਜਾਏ ਪਰੰਤੂ ਇਹ (ਨਿੱਕੀ) ਕਹਾਣੀ ਦੀ ਨਿੱਕਤਾ ਵਾਲੇ ਲੱਛਣਾਂ ਉਪਰ ਪੂਰੀ ਉਤਰਨੀ ਚਾਹੀਦੀ ਹੈ।" ("ਪੰਜਾਬੀ ਕਹਾਣੀ ਵਿਚ ਲੰਮੀ ਕਹਾਣੀ ਦੀ ਪ੍ਰਵਿਰਤੀ", ਸਿਰਜਣਾ, ਜਨਵਰੀ, ਮਾਰਚ 1998, ਅੰਕ 107, ਪੰਨਾ 52-63)। ਲੰਮੀ ਕਹਾਣੀ ਦੀ ਵਿਧਾਗਤ ਵਿਲੱਖਣਤਾ ਉਤੇ ਤਾਂ ਭਾਵੇ ਅਜੇ ਅਜਿਹੇ ਵਿਕੋਲਿਤਰੇ ਸਮੀਖਿਆ-ਲੇਖ ਹੀ ਪ੍ਰਾਪਤ ਹਨ ਅਤੇ ਇਸ ਨੂੰ ਵੱਖਰੀ ਵਿਧਾ ਮੰਨੇ ਜਾਣ ਦੀ ਜ਼ਿੱਦ ਵੀ ਨਹੀਂ ਕੀਤੀ ਜਾ ਰਹੀ ਪਰ ਮਿੰਨੀ ਕਹਾਣੀ ਸਬੰਧੀ ਤਾਂ ਸੁਤੰਤਰ ਪੁਸਤਕਾਂ ਵੀ ਲਿਖੀਆਂ ਮਿਲਦੀਆਂ ਹਨ। ਮਹਿਤਾਬ-ਉਦ-ਦੀਨ (ਪੰਜਾਬੀ ਮਿੰਨੀ ਕਹਾਣੀ : ਪ੍ਰਾਪਤੀਆਂ ਅਤੇ ਸੰਭਾਵਨਾਵਾਂ-1988),



ਜਗਦੀਸ਼ ਅਰਮਾਨੀ, ਸੰਪਾ., (ਪੰਜਾਬੀ ਮਿੰਨੀ ਕਹਾਣੀ ਇਕ ਅਧਿਐਨ-1993), ਅਮਰ ਕੋਮਲ (ਮਿੰਨੀ ਕਹਾਣੀ ਦਾ ਕਥਾ-ਸ਼ਾਸਤਰ-1995) ਅਤੇ ਡਾ. ਅਨੂਪ ਸਿੰਘ (ਮਿੰਨੀ ਕਹਾਣੀ : ਸੀਮਾ ਤੇ ਸੰਭਾਵਨਾਵਾਂ-1994), ਮਿੰਨੀ ਕਹਾਣੀ ਵਿਕਾਸ ਪੜਾਅ-1996) ਆਦਿ ਦੇ ਨਾਂ ਇਸ ਪ੍ਰਸੰਗ ਵਿਚ ਉਲੇਖਯੋਗ ਹਨ। ਅਨੂਪ ਸਿੰਘ ਇਸ ਵਿਧਾ ਦੀ ਵਿਲੱਖਣ ਹੋਂਦ ਸੰਬਧੀ ਲਿਖਦਾ ਹੈ, 'ਅਜੋਕਾਲੀ ਪੰਜਾਬੀ ਸਾਹਿਤ ਵਿਚ ਮਿੰਨੀ ਕਹਾਣੀ ਸਭ ਤੋਂ ਵੱਧ ਲੋਕ-ਪ੍ਰਿਯ ਰੂਪ ਹੈ। ਪੰਜਾਬੀ ਮਿੰਨੀ ਕਹਾਣੀ ਆਪਣੀ ਵੱਖਰੀ ਪਛਾਣ ਸਥਾਪਿਤ ਕਰਨ ਲਈ ਯਤਨਸ਼ੀਲ ਹੈ ਅਤੇ ਇਕ ਸੁਤੰਤਰ ਸਾਹਿਤਕ ਵਿਧਾ ਵਜੋਂ ਵਿਕਸਤ ਹੋ ਰਹੀ ਹੈ" (**ਮਿੰਨੀ ਕਹਾਣੀ-ਵਿਕਾਸ ਪੜਾਅ**, ਪੰਨਾ 9)। ਹੁਣ ਕਹਾਣੀ-ਵਿਧਾ ਦੇ ਇਤਿਹਾਸਕਾਰਾਂ ਲਈ ਇਹ ਮਸਲਾ ਬਣ ਗਿਆ ਹੈ ਕਿ ਬਿਰਤਾਂਤ ਦੀਆਂ ਇਨ੍ਹਾਂ ਵਿਧਾਵਾਂ ਨੂੰ ਸੁਤੰਤਰ ਮੰਨ ਕੇ ਇਨ੍ਹਾਂ ਦੇ ਵਿਕਾਸ ਦੀ ਦਿਸ਼ਾ ਨੂੰ ਨਿਰਧਾਰਤ ਕੀਤਾ ਜਾਵੇ ਕਿ ਕਹਾਣੀ ਦੇ ਵਿਸਤ੍ਰਿਤ ਸੰਕਲਪ ਅਧੀਨ ਹੀ ਇਨ੍ਹਾਂ ਨੂੰ ਵਿਚਾਰ ਲਿਆ ਜਾਵੇ। ਜਿਸ ਪ੍ਰਕਾਰ ਕਹਾਣੀ ਅਤੇ ਨਾਵਲ ਦੇ ਵਿਚਕਾਰ ਨਾਵਲਿੱਟ ਦੀਆਂ ਸੀਮਾਵਾਂ ਨੂੰ ਨਿਰਧਾਰਤ ਕਰਨਾ ਔਖਾ ਕੰਮ ਹੈ ਉਸੇ ਤਰ੍ਹਾਂ ਇਹ ਨਿਰਣਾ ਕਰਨਾ ਬਹੁਤ ਮੁਸ਼ਕਲ ਹੈ ਕਿ ਕਹਾਣੀ ਕਿੱਥੋਂ ਮਿੰਨੀ ਜਾਂ ਲੰਮੀ ਕਹਾਣੀ ਦੀ ਸੀਮਾਂ-ਰੇਖਾ ਵਿਚ ਦਾਖਲ ਹੋਣ ਲਗਦੀ ਹੈ। ਇਹ ਮਸਲਾ ਸੁਲਝਾ ਕੇ ਹੀ ਕਹਾਣੀ ਵਿਧਾ ਦਾ ਸਹੀ ਨਾਮਕਰਨ ਕੀਤਾ ਜਾ ਸਕਦਾ ਹੈ।

**ਵਿਧਾਗਤ ਹੋਂਦ-ਵਿਧੀ** : ਬਿਰਤਾਂਤ ਦੇ ਸਮੂਹ ਸਾਹਿਤ-ਰੂਪਾਂ ਵਿਚ ਉਨ੍ਹਾਂ ਹੀ ਤੱਤਾਂ ਦੀ ਵਰਤੋਂ ਕੀਤੀ ਜਾਂਦੀ ਹੈ ਜਿਹੜੇ ਕਹਾਣੀ ਵਿਚ ਵਰਤੇ ਜਾਂਦੇ ਹਨ। ਇਸ ਕਰਕੇ ਕਹਾਣੀ-ਵਿਧਾ ਦੇ ਬਹੁਤ ਥਾਵਾਂ ਉਤੇ ਰੇਖਾ-ਚਿਤਰ, ਨਾਲ ਕਈ ਥਾਵਾਂ ਉਤੇ ਕਹਾਣੀ ਦੀ ਯਾਦ, ਗਾਲਪਨਿਕ ਨਿਬੰਧ, ਇਕਾਂਗੀ, ਜੀਵਨੀ-ਭਾਗ ਅਤੇ ਵਿਸ਼ੇਸ਼ ਤੌਰ ਤੇ ਕਾਵਿ-ਕਹਾਣੀ ਨਾਲ ਰਲਗਡ ਹੋ ਜਾਣ ਦਾ ਖਤਰਾ ਬਣਿਆ ਰਹਿੰਦਾ ਹੈ। ਚਰਨ ਸਿੰਘ ਸਹੀਦ ਦੇ ਕਹਾਣੀ-ਸੰਗ੍ਰਹਿ 'ਹਸਦੇ-ਹੰਝੂ' ਵਿਚ ਕੁਝ ਅਜਿਹੀਆਂ ਕਾਵਿ-ਕਹਾਣੀਆਂ ਆਪਣਾ ਤੇ ਓਪਰਾ, ਯਮਰਾਜ ਤੇ ਜਿੱਤ, ਪੜ੍ਹੀ ਤੇ ਅਨਪੜ੍ਹੀ, ਮਰਦ ਤੇ ਔਰਤ ਆਦਿ ਵੀ ਦਰਜ ਹਨ। ਇਸੇ ਤਰ੍ਹਾਂ ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਰਚਨਾ 'ਮੇਰੇ ਦਾਦੀ ਜੀ' ਨੂੰ ਜੇ ਇਕ ਕਲਾਸ ਵਿਚ ਕਹਾਣੀ ਵਜੋਂ ਸਿਲੇਬਸ ਦਾ ਭਾਗ ਬਣਾਇਆ ਮਿਲਦਾ ਹੈ ਤਾਂ ਕਿਸੇ ਹੋਰ ਵਿਚ ਵਾਰਤਕ ਦੀ ਵੰਨਗੀ ਸਾਹਿਤਕ ਲੇਖ ਵਜੋਂ। ਸੁਜਾਨ ਸਿੰਘ ਦੇ ਲੇਖਾਂ 'ਤਵਿਆਂ ਵਾਲਾ ਵਾਜਾਂ', 'ਖੁੰਬਾਂ ਦਾ ਸ਼ਿਕਾਰ' ਅਤੇ ਪ੍ਰੀਤਮ ਸਿੱਧੂ ਦੇ ਕਹਾਣੀ-ਸੰਗ੍ਰਿਹ 'ਗੁਆਚੇ ਕਾਫ਼ਲੇ' ਵਿਚਲੀਆਂ ਕਿਰਤਾਂ ਸਬੰਧੀ ਵੀ ਅਜਿਹਾ ਵਾਪਰ ਚੁੱਕਾ ਹੈ। ਇਸ ਮਸਲੇ ਬਾਰੇ ਸੁਜਾਨ ਸਿੰਘ ਦਾ ਕਥਨ ਹੈ, "ਇਸ ਸਮੇਂ (1936-37) ਮੈਂ ਇਕ ਲੇਖ 'ਤਵਿਆਂ ਵਾਲਾ ਵਾਜਾ' ਲਿਖਿਆ ਜੋ 'ਲਿਖਾਰੀ' ਵਿਚ ਵੀ ਛਪਿਆ ਤੇ ਬੜਾ ਸਲਾਹਿਆ ਗਿਆ। ਪ੍ਰੋ. ਮੋਹਨ ਸਿੰਘ ਨੇ ਵੀ ਉਸ ਨੂੰ 'ਚੰਗੀ ਕਹਾਣੀ' ਆਖ ਕੇ ਪ੍ਰਸੰਸਾ ਕੀਤੀ। ਹੁਣ ਮੈਂ ਸਮਝਦਾ ਹਾਂ ਕਿ ਪ੍ਰੋ. ਮੋਹਨ ਸਿੰਘ ਉਸਨੂੰ ਕਹਾਣੀ ਕਹਿਣ ਵਿਚ ਹੱਕ-ਬ-ਜਾਨਬ ਸਨ। ਉਸ ਲੇਖ ਵਿਚ ਕਹਾਣੀ ਦਾ ਤੱਤ, ਘਟਨਾਵਾਂ ਮੌਜੂਦ ਸਨ।.....ਪਰ ਇਹ ਗੱਲ ਸੱਚ ਹੈ ਕਿ ਮੇਰੇ ਕੁਝ ਲੇਖ ਕਹਾਣੀ ਦੀ ਸਰਹੱਦ ਦੇ ਅੱਧੇ ਇਸ ਪਾਰ, ਅੱਧੇ ਉਸ ਪਾਰ ਹੁੰਦੇ ਹਨ। ਭਾਵੇਂ ਉਨ੍ਹਾਂ ਨੂੰ ਲੇਖ ਸੰਗ੍ਰਿਹ ਵਿਚ ਛਾਪ ਲਓ ਭਾਵੇਂ ਕਹਾਣੀ ਸੰਗ੍ਰਹਿ ਵਿਚ। ਦੋਹੀਂ ਪਾਸੀਂ ਚੱਲ ਜਾਣਗੇ। ਆਪਣੇ ਕੁੱਤੇ ਮੋਤੀ ਤੇ ਲਿਖਿਆਂ 'ਮੋਤੀ' ਨਾਂ ਦਾ ਮੇਰਾ ਲੇਖ ਇਸੇ ਪਰਕਾਰ ਦਾ ਹੈ" ('ਖੁੰਬਾਂ ਦਾ ਸ਼ਿਕਾਰ', ਭੂਮਿਕਾ)। ਸੋ ਕਹਾਣੀ-ਵਿਧਾ ਦੇ ਇਤਿਹਾਸਕਾਰ ਲਈ ਇਹ ਸਮੱਸਿਆ ਪੈਦਾ ਹੋ ਜਾਂਦੀ ਹੈ ਕਿ ਜਿਸ ਬਿਰਤਾਂਤਕ ਰਚਨਾ ਨੂੰ ਉਹ ਇਸ ਵਿਧਾ ਦੇ ਅਧੀਨ ਰੱਖਣ ਦਾ ਫੈਸਲਾ ਲੈ ਰਿਹਾ ਹੈ ਕੀ ਉਸ ਦੇ ਵਿਧਾਗਤ ਸਰੂਪ ਬਾਰੇ ਨਿਰਣਾ ਹੋ ਚੁੱਕਿਆ ਹੈ ? ਅਜਿਹਾ ਨਿਰਣਾ ਕਰਨ ਲਈ ਪਹਿਲਾਂ ਉਸ ਕਥਾ-ਸ਼ਾਸਤਰੀ ਦ੍ਰਿਸ਼ਟੀ ਦੀ ਲੋੜ ਹੁੰਦੀ ਹੈ ਜਿਸ ਅਨੁਸਾਰ ਕਹਾਣੀ ਦੀ ਵਿਧਾਗਤ ਹੋਂਦ-ਵਿਧੀ ਨੂੰ ਪ੍ਰਮਾਣਿਤ ਕੀਤਾ ਜਾ ਸਕੇ। ਅਜਿਹੇ ਨਿਸਚਤ ਮਾਪਦੰਡ ਪੰਜਾਬੀ ਵਿਚ ਤਾਂ ਕੀ ਕਿਸੇ ਵੀ ਭਾਸ਼ਾ ਵਿਚ ਉਪਲਭਦ ਨਹੀਂ। ਦੂਜਾ ਮਸਲਾ ਇਸ ਦੇ ਵਿਧਾਗਤ ਪਰਿਵਰਤਨ ਦਾ ਹੈ। ਪੰਜਾਬੀ ਕਹਾਣੀ ਦੇ ਇਤਿਹਾਸ 'ਚ ਆਧੁਨਿਕ ਕਹਾਣੀ ਦੇ ਮੁਢਲੇ ਦੌਰ ਵਿਚ ਕਹਾਣੀ ਦੀ ਵਿਧਾ ਵਿਚ ਸਦਾਚਾਰਕ ਪ੍ਰਯੋਜਨ ਦੀ

ਮਹੱਤਤਾ ਸਭ ਤੋਂ ਉਚਰੀ ਰਹੀ। ਮੋਹਨ ਸਿੰਘ ਵੈਦ ਦੁਆਰਾ ਦਿੱਤੀ ਕਹਾਣੀ ਦੀ ਵਿਧਾ ਵਿਚ ਸਦਾਚਾਰਕ ਪ੍ਰਯੋਜਨ ਦੀ ਮਹੱਤਤਾ ਸਭ ਤੋਂ ਉਚੇਰੀ ਰਹੀ। ਮੋਹਨ ਸਿੰਘ ਵੈਦ ਦੁਆਰਾ ਦਿੱਤੀ ਕਹਾਣੀ ਦੀ ਪਰਿਭਾਸ਼ਾ ਇਸੇ ਪ੍ਰਕਾਰ ਹੈ, "ਕਥਾ-ਕਹਾਣੀਆਂ ਨਾਲ ਬੱਚਿਆਂ ਨੂੰ ਕਈ ਤਰ੍ਹਾਂ ਦੀ ਚੰਗੀ ਸਿੱਖਿਆ ਦਿੱਤੀ ਜਾ ਸਕਦੀ ਹੈ. . . ਪਰ ......ਇਹ ਕਹਾਣੀਆਂ ਬਿਲਕੁਲ ਮਨਘੜਤ ਅਤੇ ਅਸੰਭਵ ਨਾ ਹੋਣ, ਕਹਾਣੀਆਂ ਦਾ ਮਤਲਬ ਸਾਦਾ ਬੋਲੀ, ਸੌਖੀ, ਵਾਰਤਾ, ਸੰਖੇਪ ਅਤੇ ਸਭ ਤਰ੍ਹਾਂ ਦੇ ਗੰਦੇ ਖਿਆਲਾਂ ਤਥਾ ਦੋਸ਼ ਤੋਂ ਰਹਿਤ ਹੋਵੇ.... ਕਹਾਣੀਆਂ ਉਦਾਰਤਾ ਅਤੇ ਮਹਾਨ ਭਾਵਾਂ ਨਾਲ ਭਰੀਆਂ ਹੋਣ......." (ਬਾਲਕ ਚਰਿਤ੍ਰ, ਪੰਨਾ 87, 88)। ਇਥੇ ਕਹਾਣੀ ਦੇ ਯਥਾਰਥਵਾਦੀ ਸਰੂਪ ਅਤੇ ਸੰਖੇਪ ਬਿਰਤਾਂਤ ਦੀ ਧਾਰਨੀ ਹੋਣ ਦੇ ਨਾਲ ਨਾਲ ਸਿੱਖਿਆਦਾਇਕ ਹੋਣਾ ਵੀ ਲਾਜ਼ਮੀ ਮੰਨਿਆ ਗਿਆ ਹੈ।

ਸੰਤ ਸਿੰਘ ਸੇਖੋਂ ਦੇ ਸਮੇਂ ਦੌਰਾਨ ਪੱਛਮੀ ਕਥਾ-ਸ਼ਾਸਤਰ ਤੋਂ ਪ੍ਰਭਾਵਿਤ ਹੋ ਕੇ ਕਹਾਣੀ ਦੀਆਂ ਜਿਹੜੀਆਂ ਪਰਿਭਾਸ਼ਾਵਾਂ ਦਿੱਤੀਆਂ ਗਈਆਂ ਉਨ੍ਹਾਂ ਵਿਚ ਛੋਟੇ ਆਕਾਰ, ਤੇਜ਼ ਗਤੀ, ਪ੍ਰਭਾਵ ਦੀ ਏਕਤਾ, ਜੀਵਨ ਦੇ ਕਿਸੇ ਇਕ ਪੱਖ ਦੀ ਪੇਸ਼ਕਾਰੀ ਅਤੇ ਨਾਟਕੀ ਅੰਤ ਰਾਹੀਂ ਕਲਾਤਮਕਤਾ ਨੂੰ ਨਿਰਖਣ ਦਾ ਪ੍ਰਤਿਮਾਨ ਪ੍ਰਮੁੱਖ ਰੂਪ 'ਚ ਸਾਹਮਣੇ ਰੱਖਿਆ ਗਿਆ। ਸੇਖੋਂ ਅਨੁਸਾਰ, "ਛੋਟੀ ਕਹਾਣੀ ਕਿਸੇ ਸੰਖੇਪ ਘਟਨਾ ਦਾ ਗਦ ਰੂਪ ਵਿਚ ਨਾਟਕੀ ਭਾਂਤ ਦਾ ਵਰਨਣ ਹੈ ਪਰ ਇਹ ਸਾਖਿਆਤ ਨਾਟਕ ਨਹੀਂ" ('ਕਹਾਣੀ ਸ਼ਾਸਤਰ', ਪੰਨਾ 66)। ਨੌਵੇਂ ਦਹਾਕੇ ਤੱਕ ਕਹਾਣੀ ਨੂੰ "ਸਮਕਾਲੀਨ ਯਥਾਰਥ ਦੀ ਬਹੁ-ਪਾਸਾਰੀ ਕਲਾਤਮਕ ਪੇਸ਼ਕਾਰੀ" ਮੰਨ ਲੈਣ ਕਰਕੇ ਇਸ ਦੇ ਜਟਿਲ ਸੁਭਾਇ ਅਤੇ 'ਦੀਰਘ ਕਹਾਣੀ' ਜਾਂ ਲੰਬੀ ਕਹਾਣੀ ਹੋਣ ਦੀ ਗੱਲ ਨੂੰ ਸਵੀਕਾਰ ਕਰ ਲਿਆ ਗਿਆ (ਪੰਜਾਬੀ ਕਹਾਣੀ ਆਲੋਚਨਾ-ਰੂਪ ਤੇ ਰੁਝਾਨ, ਪੰਨਾ 15 ਅਤੇ 24)।

ਇਉਂ ਅਸੀਂ ਵੇਖਦੇ ਹਾਂ ਕਿ ਕਹਾਣੀ ਦੀ ਪਰਿਭਾਸ਼ਾ ਕੋਈ ਸਥਿਰ () ਚੌਖਟਾ ਨਹੀਂ ਬਲਕਿ ਗਤੀਸ਼ੀਲ ਵਰਤਾਰਾ ਹੈ। ਇਸ ਕਰਕੇ ਕਿਸੇ ਇਕ ਸਮੇਂ ਦੇ ਕਥਾ-ਮਾਡਲ ਨੂੰ ਸਰਵਉੱਚ ਅਤੇ ਅੰਤਿਮ ਮੰਨ ਕੇ ਦੂਸਰੇ ਸਮਿਆਂ ਦੇ ਕਥਾਂ-ਮਾਡਲਾਂ ਨੂੰ ਛਟਿਆਉਣ ਨਾਲ ਬਹੁਤ ਸਾਰੀਆਂ ਸਮੱਸਿਆਵਾਂ ਪੈਦਾ ਹੋ ਜਾਂਦੀਆਂ ਹਨ। ਮਿਸਾਲ ਵਜੋਂ ਸੇਖੋਂ-ਕਾਲ ਦੇ ਕਥਾ-ਮਾਡਲ ਦੇ ਆਧਾਰ ਉਤੇ ਪਹਿਲੇ ਪੜਾਅ ਦੀ ਪੰਜਾਬੀ ਕਹਾਣੀ ਨੂੰ ਛਟਿਆਉਣ ਦੀ ਪ੍ਰਵਿਰਤੀ ਪੰਜਾਬੀ ਕਥਾ-ਸਮੀਖਿਅਕਾਂ ਵਿਚ ਆਮ ਰਹੀ ਹੈ। ਸੋ ਕਹਾਣੀ ਦੀ ਹੋਂਦ-ਵਿਧੀ ਸਬੰਧੀ ਅਜਿਹੇ ਸਰਵਉੱਚਵਾਦ ਦੀਆਂ ਧਾਰਨਾਵਾਂ ਨੂੰ ਤਿਆਗ ਕੇ ਹੀ ਹਰੇਕ ਇਤਿਹਾਸਕ ਪੜਾਅ ਦੀ ਪੰਜਾਬੀ ਕਹਾਣੀ ਦਾ ਸਹੀ ਮੁੱਲ ਪਾਇਆ ਜਾ ਸਕਦਾ ਹੈ। ਇਹੀ ਸਰਵਉੱਚਵਾਦ ਰੂਪਵਾਦੀ ਰੁਝਾਂਨਾ ਅਧੀਨ ਕਹਾਣੀ ਦੇ ਰੂਪ-ਪੱਖ ਬਾਰੇ ਅਤੇ ਪ੍ਰਗਤੀਵਾਦੀ ਲਹਿਰ ਵੇਲੇ ਵਸਤੂ-ਪੱਖ ਸਬੰਧੀ ਵੀ ਉਲਾਰੂ ਰਿਹਾ ਹੈ। ਪਾਠਕ ਸਿਰਫ਼ ਕਹਾਣੀ ਦਾ ਬਾਹਰੀ ਰੂਪ ਹੀ ਨਹੀਂ ਬਲਕਿ ਕਹੀ ਜਾਣ ਵਾਲੀ ਗੱਲ ਦੀ ਨਵੀਨਤਾ, ਇਤਿਹਾਸਕ ਚੁਣੌਤੀ ਸਾਹਵੇਂ ਵਿਖਾਈ ਜੁਅਰਤ ਅਤੇ ਸੋਚ ਦੀ ਮੌਲਿਕ-ਖ਼ਿਆਲੀ ਵੀ ਪ੍ਰਭਾਵਿਤ ਕਰਦੀ ਹੈ। ਕਹਾਣੀ ਦੀ ਵਿਧਾਗਤ ਹੋਂਦ-ਵਿਧੀ ਵਿਚ ਰੂਪ ਜਿੰਨੀ ਮਹੱਤਤਾ ਹੀ ਰਚਨਾ-ਵਸਤੂ ਅਤੇ ਰਚਨਾ-ਦ੍ਰਿਸ਼ਟੀ ਦੀ ਹੁੰਦੀ ਹੈ। ਪੂਰਬੀ ਚੇਤਨਾ ਅਧੀਨ ਤਾਂ ਸਤਿਅਮ, ਸ਼ਿਵਮ ਅਤੇ ਸੁੰਦਰਮ ਆਦਿ ਲੱਛਣਾਂ ਨੂੰ ਸਮੁੱਚ ਵਿਚ ਹੀ ਕਲਾਤਮਕ ਉਚਤਾ ਦਾ ਮਾਪਦੰਡ ਮੰਨਿਆ ਗਿਆ ਮਿਲਦਾ ਹੈ। ਇਸ ਪੱਖ ਵੇਖਿਆਂ ਤਾਂ ਵਿਸ਼ੇਸ਼ ਤੌਰ ਤੇ ਪਹਿਲੇ ਪੜਾਅ ਦੀ ਪੰਜਾਬੀ ਕਹਾਣੀ ਦਾ ਮੁੱਲ ਨਿਰਧਾਰਤ ਕਰਨ ਲਈ ਰੂਪਗਤ ਚੇਤਨਾ ਨਾਲੋਂ ਉਸ ਦੀ ਇਤਿਹਾਸਮੁੱਖ ਚੇਤਨਾ ਉਤੇ ਵਧੇਰੇ ਧਿਆਨ ਕੇਂਦਰਤ ਕਰਨਾ ਪਵੇਗਾ। ਕਹਾਣੀ ਦੀ ਵਿਧਾਗਤ ਹੋਂਦ-ਵਿਧੀ ਦਾ ਇਹ ਸਮੁੱਚ ਵਾਲਾ ਮਾਡਲ ਅਪਣਾ ਕੇ ਹੀ ਇਸ ਕਲਾਤਮਕਤਾ ਨੂੰ ਨਿਰਧਾਰਤ ਕੀਤਾ ਜਾ ਸਕਦਾ ਹੈ।

**ਆਧੁਨਿਕ ਪੰਜਾਬੀ ਕਹਾਣੀ ਦਾ ਨਿਕਾਸ :** ਆਧੁਨਿਕ ਪੰਜਾਬੀ ਕਹਾਣੀ ਦਾ ਆਰੰਭ-ਬਿੰਦੂ ਕਿਸ ਕਹਾਣੀ ਜਾਂ ਕਹਾਣੀਕਾਰ ਜਾਂ ਕਹਾਣੀ ਰਚਨਾ ਦੇ ਕਾਲ-ਖੰਡ ਨੂੰ ਮੰਨਿਆ ਜਾਵੇ ? ਇਹ ਪ੍ਰਸ਼ਨ ਪੰਜਾਬੀ ਦੇ ਸਮੀਖਿਆਕਾਰਾਂ ਅਤੇ ਇਤਿਹਾਸਕਾਰਾਂ ਲਈ ਵਿਵਾਦ-ਗ੍ਰਸਤ ਰਿਹਾ ਹੈ। ਇਕ ਧਿਰ ਪੱਛਮੀ-ਸ਼ਾਸਤਰ



ਦੇ ਮੁਦੱਈਆਂ ਦੀ ਹੈ ਜਿਹੜੀ ਪੰਜਾਬੀ ਕਹਾਣੀ ਦਾ ਆਰੰਭ ਸਹੀ ਮਾਅਨਿਆਂ ਵਿਚ ਸੰਤ ਸਿੰਘ ਸੇਖੋਂ ਦੇ ਸਮੇਂ ਤੋਂ ਹੀ ਮੰਨਦੀ ਹੈ। ਇਸ ਧਿਰ ਦਾ ਅੱਤ-ਰੂਪ ਬਲਬੀਰ ਸਿੰਘ ਦਿਲ ਦੀ ਉਹ ਟਿੱਪਣੀ ਕਹੀ ਜਾ ਸਕਦੀ ਹੈ ਜਿਸ ਅਨੁਸਾਰ "ਜੇ ਇਸ ਕਾਲ (ਪੂਰਵ-ਸੇਖੋਂ) ਦੀਆਂ ਕਹਾਣੀਆਂ ਨੂੰ ਭੁਲਾ ਵੀ ਦਿੱਤਾ ਜਾਵੇ ਤਾਂ ਵੀ ਫਰਕ ਨਹੀਂ ਪੈਂਦਾ" (**ਪੰਜਾਬੀ ਕਹਾਣੀ ਦਾ ਵਿਕਾਸ**, ਪੰਨਾ 90)।

ਸੇਖੋਂ-ਕਾਲ ਦੀ ਸਰਵੋਤਮ ਕਹਾਣੀ-ਰਚਨਾ ਨੂੰ ਮਾਪਦੰਡ ਬਣਾ ਕੇ ਮੁਢਲੀ ਪੰਜਾਬੀ ਕਹਾਣੀ ਨੂੰ ਅਣਗੌਲਿਆਂ ਕਰਨ ਵਾਲੀ ਇਸ ਧਿਰ ਵਿਚ ਖੁਦ ਸੰਤ ਸਿੰਘ ਸੇਖੋਂ, ਸੁਰਿੰਦਰ ਸਿੰਘ ਕੋਹਲੀ, ਕਿਰਪਾਲ ਸਿੰਘ ਕਸੇਲ, ਪਰਮਿੰਦਰ ਸਿੰਘ, ਗੁਰਮੁਖ ਸਿੰਘ ਜੀਤ, ਬਲਬੀਰ ਸਿੰਘ ਦਿਲ ਅਤੇ ਗੁਰਬਖਸ਼ ਸਿੰਘ ਫਰੈਂਕ ਆਦਿ ਦੇ ਨਾਂ ਵਿਸ਼ੇਸ਼ ਹਨ। ਗੁਰਬਖਸ਼ ਸਿੰਘ ਫਰੈਂਕ ਦੇ ਇਸ ਕਥਨ ਨੂੰ ਪ੍ਰਤੀਨਿਧ ਮੰਨਿਆ ਜਾ ਸਕਦਾ ਹੈ, "ਪਰ ਅੱਜ ਜਿਸਨੂੰ ਅਸੀਂ ਨਿੱਕੀ ਕਹਾਣੀ ਵਜੋਂ ਮਹਿਸੂਸ ਕਰਦੇ ਹਾਂ, ਉਸ ਦਾ ਮੁੱਢ ਪੱਛਮ ਵਿਚ ਪਿਛਲੀ ਸਦੀ ਦੇ ਸ਼ੁਰੂ ਵਿਚ ਤੇ ਪੰਜਾਬੀ ਵਿਚ ਇਸ ਸਦੀ (ਵੀਹਵੀਂ) ਵਿਚ ਬੱਝਾ। ਪੰਜਾਬੀ ਵਿਚ ਜੇ ਵਧੇਰੇ ਕਰੜਾਈ ਨਾਲ ਦੇਖੀਏ ਤਾਂ ਇਸਦਾ ਮੁੱਢ ਸੁਜਾਨ ਸਿੰਘ ਤੇ ਸੇਖੋਂ ਨਾਲ ਬੱਝਾ ਜਿਨ੍ਹਾਂ ਨੇ ਇਸਦਾ ਕਾਵਿ-ਸ਼ਾਸਤਰ ਉਲੀਕਿਆ ਅਤੇ ਉਸ ਅਨੁਸਾਰ ਕਹਾਣੀਆਂ ਵੀ ਲਿਖੀਆਂ" ("ਪੰਜਾਬੀ ਨਿੱਕੀ ਕਹਾਣੀ ਦੇ ਇਤਿਹਾਸ ਲੇਖਨ ਦੀਆਂ ਸਮੱਸਿਆਵਾਂ" **ਸਾਹਿਤ ਦੀ ਇਤਿਹਾਸਕਾਰੀ**, ਜਿਲਦ 1, ਪੰਨਾ 179)। ਦੂਜੀ ਧਿਰ ਆਪਣੇ ਪੂਰਬਵਾਦੀ ਸਰੋਕਾਰਾਂ ਅਧੀਨ ਆਧੁਨਿਕ ਪੰਜਾਬੀ ਕਹਾਣੀ ਨੂੰ ਇਸਾਈ ਮਿਸ਼ਨਰੀਆਂ ਦੇ ਚੌਪੱਤਰਿਆਂ ਅਤੇ ਭਾਈ ਵੀਰ ਸਿੰਘ ਦੁਆਰਾ ਲਿਖਤ ਟ੍ਰੈਕਟਾਂ (ਸ੍ਰੀ ਗੁਰੂ ਨਾਨਕ ਚਮਤਕਾਰ, ਆਦਿ) ਵਿਚਲੀਆਂ ਸੰਖੇਪ ਗਲਪੀ ਵਾਰਤਾਵਾਂ ਵਿਚੋਂ ਤਲਾਸ਼ਣ ਦਾ ਯਤਨ ਕਰਦੀ ਹੈ। ਇਸ ਧਿਰ ਦਾ ਅੱਤ ਰੂਪ ਸਵਿੰਦਰ ਸਿੰਘ ਉਪਲ ਦੁਆਰਾ "ਬਾਬਾ ਫਰੀਦ ਪੰਜਾਬੀ ਕਹਾਣੀ ਦਾ ਪਿਤਾਮਾ" ਵਰਗੇ ਲੇਖ ਵਿਚ ਵੇਖਿਆ ਜਾ ਸਕਦਾ ਹੈ (**ਪੰਜਾਬੀ ਕਹਾਣੀ ਪੁਨਰ-ਮੁਲੰਕਣ**, ਪੰਨੇ 23-32)। ਮੋਹਨ ਸਿੰਘ ਵੈਦ ਤੋਂ ਲੈ ਕੇ ਸੰਤ ਸਿੰਘ ਸੇਖੋਂ ਤਕ ਲਿਖੀ ਗਈ ਪਹਿਲੇ ਪੜਾਅ ਦੀ ਪੰਜਾਬੀ ਕਹਾਣੀ ਨੂੰ ਆਧੁਨਿਕ ਹੋਣ ਦਾ ਵਿਸ਼ੇਸ਼ਣ ਤਾਂ ਭਾਵੇਂ ਬਹੁਤ ਦੱਬਵੀਂ ਸੁਰ ਵਿਚ ਹੀ ਦਿੱਤਾ ਜਾਂਦਾ ਰਿਹਾ ਹੈ ਪਰ ਇਸ ਸਮੇਂ ਦੀ ਰਚਨਾ ਨੂੰ ਮਹੱਤਵ ਦੇਣ ਵਾਲੇ ਵਿਦਵਾਨਾਂ ਵਿਚ ਅਤਰ ਸਿੰਘ, ਟੀ. ਆਰ. ਵਿਨੋਦ, ਸਵਿੰਦਰ ਸਿੰਘ ਉੱਪਲ, ਜੋਗਿੰਦਰ ਸਿੰਘ ਰਾਹੀ ਅਤੇ ਦਿਲਜੀਤ ਸਿੰਘ ਪ੍ਰਮੁੱਖ ਹਨ। ਇਸ ਧਾਰਨਾ ਦਾ ਸਭ ਤੋਂ ਜੋਸ਼ੀਲਾ ਪੈਰੋਕਾਰ ਸਵਿੰਦਰ ਸਿੰਘ ਉੱਪਲ ਹੈ। ਉਸ ਦਾ ਕਥਨ ਹੈ, "ਜਿਸ ਹੁਨਰੀ ਕਹਾਣੀ ਨੂੰ ਅਸੀਂ ਅੱਜ ਗਲਪ ਦਾ ਨਵੀਨ ਰੂਪ ਮੰਨਦੇ ਹਾਂ, ਉਸ ਅਸਲੀਅਤ ਵਿਚ ਪੁਰਾਣੀ ਕਹਾਣੀ ਦਾ ਹੀ ਇਕ ਵਿਕਸਤ ਰੂਪ ਹੈ। ਉਹ ਪੁਰਾਣੀ ਕਹਾਣੀ ਤੋਂ ਵੱਖਰੀ ਹੁੰਦੀ ਹੋਈ ਵੀ ਵੱਖਰੀ ਨਹੀਂ" (ਪੰਜਾਬੀ ਕਹਾਣੀਕਾਰ, ਪੰਨਾ 13)। ਇਨ੍ਹਾਂ ਦੋਵਾਂ ਧਿਰਾਂ ਦੀਆਂ ਧਾਰਨਾਵਾਂ ਅਰਧ-ਸੱਚ ਦੀਆਂ ਲਖਾਇਕ ਹਨ। ਇਸ ਗੱਲ ਤੋਂ ਵੀ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਭਾਰਤ/ਪੰਜਾਬ ਦੇ ਮੱਧਕਾਲ ਵਿਚ ਲੋਕ-ਕਥਾ ਦੀ ਇਕ ਲੰਮੀ ਤੇ ਸ਼ਕਤੀਸ਼ਾਲੀ ਪਰੰਪਰਾ ਰਹੀ ਹੈ। ਇਸ ਲਈ ਆਧੁਨਿਕ ਕਾਲ ਦੇ ਆਰੰਭ ਵਿਚ ਕਹਾਣੀ ਲਿਖਣ ਵਾਲੇ ਅੰਗਰੇਜ਼ ਨਹੀਂ ਬਲਕਿ ਅਜਿਹੇ ਪੰਜਾਬੀ ਹੀ ਸਨ ਜਿਨ੍ਹਾਂ ਦੇ ਅਵਚੇਤਨ ਦੀਆਂ ਧੁਰ ਡੂੰਘਾਣਾਂ ਤੱਕ ਆਪਣੇ ਉਸ ਭਾਰਤੀ ਵਿਰਸੇ ਦੀ ਦੇ ਮੋਟਿਫ਼ ਕਾਰਜਸ਼ੀਲ ਸਨ, ਜਿਹੜੇ ਸੁਤੇ-ਸਿੱਧ ਹੀ ਆਧੁਨਿਕ ਪੰਜਾਬੀ ਕਹਾਣੀ ਵਿਚ ਰੂਪਾਂਤਰਿਤ ਹੋ ਗਏ। ਮਨੁੱਖੀ ਅਵਚੇਤਨ ਉਤੇ ਵਿਰਸੇ ਦੀ ਪਕੜ ਦੀ ਬਹੁਤ ਉਘੜਵੀਂ ਮਿਸਾਲ ਵੇਖਣੀ ਹੋਵੇ ਤਾਂ ਇਸ ਗੱਲ ਵਿਚ ਵੇਖੀ ਜਾ ਸਕਦੀ ਹੈ ਕਿ ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਜਿਹੜੇ ਮੁਢਲੇ ਪੰਜਾਬੀ ਲੇਖਕ ਲੋਕਯਾਨ ਨੂੰ ਨਿਮਨ ਸਾਹਿਤ ਮੰਨ ਕੇ ਆਪਣੀ ਰਚਨਾ ਦੇ ਨੇੜੇ ਨਹੀਂ ਢੁੱਕਣ ਦੇਣਾ ਚਾਹੁੰਦੇ ਸਨ, ਉਨ੍ਹਾਂ ਦੀਆਂ ਰਚਨਾਵਾਂ ਅਚੇਤ ਹੀ ਲੋਕਯਾਨ ਦੇ ਮਾਡਲ ਵਾਲੀਆਂ ਹੋ ਨਿਬੜਦੀਆਂ ਹਨ। ਦੂਜੇ ਪਾਸੇ ਇਹ ਵੀ ਤਰਕਯੁਕਤ ਹੈ ਕਿ ਪੱਛਮੀ ਸੰਸਕ੍ਰਿਤੀ ਅਤੇ ਸਾਹਿਤ-ਰੂਪਾਂ ਦੇ ਪ੍ਰਭਾਵ ਨੇ ਜਿਹੜੀ ਕਲਾ-ਚੇਤਨਾ ਪੈਦਾ ਕੀਤੀ ਉਸ ਨੇ ਪੰਜਾਬੀ ਕਹਾਣੀ ਦੀ ਵਸਤੂ-ਚੋਣ, ਰਚਨਾ-ਸੰਗਠਨ ਅਤੇ ਰਚਨਾ-ਦ੍ਰਿਸ਼ਟੀ ਵਿਚ ਗੁਣਾਤਮਕ ਪਰਿਵਰਤਨ ਲਿਆਂਦਾ। ਇਸ ਕਰਕੇ ਲੋਕ-ਕਹਾਣੀ ਅਤੇ ਵਸ਼ਿਸ਼ਟ ਆਧੁਨਿਕ ਕਹਾਣੀ

ਵਿਚਲੇ ਸਬੰਧ ਅਤੇ ਵੱਖਰਤਾ ਦੋਵੇਂ ਹੀ ਸੱਚ ਹਨ। ਇਨ੍ਹਾਂ ਵਿਚੋਂ ਕਿਸੇ ਇਕ ਪੱਖ ਉਤੇ ਵੱਧ-ਘੱਟ ਬਲ ਦੇਣ ਨਾਲ ਹੀ ਆਧੁਨਿਕ ਪੰਜਾਬੀ ਕਹਾਣੀ ਦੇ ਨਿਕਾਸ ਸਬੰਧੀ ਭੁਲੇਖੇ ਪੈਦਾ ਹੁੰਦੇ ਹਨ। ਮੱਧਕਾਲੀ ਬਿਰਤਾਂਤ ਰੂਪਾਂ ਦੇ ਆਧੁਨਿਕ ਰੂਪਾਂਤਰਨ ਨੂੰ ਵਧੇਰੇ ਪ੍ਰੌੜ ਇਤਿਹਾਸਕ ਦ੍ਰਿਸ਼ਟੀ ਰਾਹੀਂ ਨਿਰੰਤਰਤਾ ਦੇ ਸੰਦਰਭ ਵਿਚ ਸਮਝਣ ਦੀ ਲੋੜ ਹੈ।

ਪੰਜਾਬੀ ਕਹਾਣੀ ਦੇ ਨਿਕਾਸ ਵਾਂਗ ਹੀ ਇਹ ਮਸਲਾ ਵੀ ਬਣਿਆ ਹੋਇਆ ਹੈ ਕਿ ਮੁਢਲੇ ਪੜਾਅ ਦੀ ਪੰਜਾਬੀ ਕਹਾਣੀ ਨਾਲ ਆਧੁਨਿਕ ਵਿਸ਼ੇਸ਼ਣ ਲਾਇਆ ਜਾਵੇ ਜਾਂ ਨਹੀਂ। ਆਧੁਨਿਕਤਾ ਉਸ ਵਿਸ਼ਵ-ਦ੍ਰਿਸ਼ਟੀ ਤੋਂ ਪ੍ਰੇਰਿਤ ਭਾਵ-ਬੋਧ (ਤਰਕਮਈ ਅਤੇ ਵਿਸ਼ਲੇਸ਼ਣਕਾਰੀ) ਨੂੰ ਪ੍ਰਗਟਾਉਣ ਵਾਲਾ ਸੰਕਲਪ ਹੈ ਜਿਸ ਦੀ ਮੂਲ ਟੇਕ ਵਿਗਿਆਨਕ ਚੇਤਨਾ ਉਤੇ ਹੋਣ ਕਰਕੇ, ਇਹ ਮੱਧਕਾਲੀ ਅਧਿਆਤਮਕ ਅਤੇ ਪਾਰਲੌਕਿਕ ਚੇਤਨਾ ਦਾ ਵਿਰੋਧੀ ਹੈ। ਸੋ ਲੋਕ-ਕਹਾਣੀ ਜੇ ਮੱਧਕਾਲੀ ਚੇਤਨਾ ਦੀ ਲਖਾਇਕ ਹੈ ਤਾਂ ਮੁਢਲੇ ਪੜਾਅ ਦੀ ਪੰਜਾਬੀ ਕਹਾਣੀ ਆਪਣੀ ਲੌਕਿਕ ਸੁਰ ਅਤੇ ਵਿਸ਼ਲੇਸ਼ਣਕਾਰੀ ਚੇਤਨਾ ਕਰਕੇ ਆਧੁਨਿਕ ਹੈ। ਭਾਵੇਂ ਇਸ ਵਿਚ ਮੱਧਕਾਲੀਨ ਚੇਤਨਾ ਦੇ ਕੁਝ ਅੰਸ਼ ਵੀ ਵੇਖੇ ਜਾ ਸਕਦੇ ਹਨ ਪਰ ਉਹ ਪ੍ਰਧਾਨ ਰੂਪ 'ਚ ਵਿਦਮਾਨ ਨਹੀਂ। ਇਸ ਕਰਕੇ ਆਧੁਨਿਕ ਪੰਜਾਬੀ ਕਹਾਣੀ ਦਾ ਇਤਿਹਾਸ ਸਾਨੂੰ ਸੰਤ ਸਿੰਘ ਸੇਖੋਂ ਤੋਂ ਨਹੀਂ ਬਲਕਿ ਮੋਹਨ ਸਿੰਘ ਵੈਦ ਤੋਂ ਸ਼ੁਰੂ ਕਰਨਾ ਚਾਹੀਦਾ ਹੈ। ਡਾ. ਅਤਰ ਸਿੰਘ ਦੀ ਇਹ ਧਾਰਨਾ ਤਰਕਸੰਗਤ ਹੈ ਕਿ "ਨਿੱਕੀ ਕਹਾਣੀ ਦਾ ਅਸਲ ਮੋਢੀ ਮੋਹਨ ਸਿੰਘ ਵੈਦ ਨੂੰ ਹੀ ਮੰਨਣਾ ਪਵੇਗਾ" ("ਨਿੱਕੀ ਕਹਾਣੀ", ਪੰਜਾਬੀ ਸਾਹਿਤ ਦਾ ਇਤਿਹਾਸ, ਭਾਗ ਦੂਜਾ, (ਸੰਪਾ), ਪੰਨਾ 372)। ਭਾਵੇਂ ਇਸ ਗੱਲ ਦਾ ਗੰਭੀਰ ਅਧਿਐਨ ਹੋਣਾ ਅਜੇ ਬਾਕੀ ਹੈ ਕਿ ਭਾਰਤ ਦੀ ਮੱਧਕਾਲੀ ਬਿਰਤਾਂਤਕ ਪਰੰਪਰਾ ਦਾ ਆਧੁਨਿਕ ਬਿਰਤਾਂਤ ਰੂਪਾਕਾਰਾਂ ਵਿਚ ਸਿਰਜਣਾਤਮਕ ਰੂਪਾਂਤਰਨ ਹੋਣ ਦੀ ਪ੍ਰਕਿਰਿਆ ਕਿਵੇਂ ਵਾਪਰਦੀ ਹੈ ਪਰ ਫੇਰ ਵੀ ਇਹ ਨਿਸਚਤ ਹੈ ਕਿ ਸਭ ਤਰ੍ਹਾਂ ਦੇ ਪੱਛਮੀ ਪ੍ਰਭਾਵਾਂ ਦੇ ਬਾਵਜੂਦ ਸਮੁੱਚੇ ਪੰਜਾਬੀ ਸਾਹਿਤ ਵਾਂਗ ਹੀ ਆਧੁਨਿਕ ਕਹਾਣੀ ਵੀ ਪੂਰਬੀ ਵਿਸ਼ਵ-ਦ੍ਰਿਸ਼ਟੀ ਦੇ ਵਧੇਰੇ ਨੇੜੇ ਵਿਚਰਦੀ ਰਹੀ ਹੈ। ਆਪਣੀ ਮੱਧਕਾਲੀ ਪਰੰਪਰਾ ਦੇ ਨਕਾਰਨ ਅਤੇ ਸਵੀਕਾਰਨ ਦੀ ਚੇਤਨਾ ਇਸ ਵਿਚ ਨਾਲੋ-ਨਾਲ ਵਾਪਰਦੀ ਹੈ।

ਆਧੁਨਿਕ ਪੰਜਾਬੀ ਕਹਾਣੀ ਦਾ ਨਿਕਾਸ ਵੀਹਵੀਂ ਸਦੀ ਦੇ ਦੂਜੇ ਦਹਾਕੇ ਤੋਂ ਮੰਨ ਲੈਣ ਉਪਰੰਤ ਅਗਲਾ ਮਸਲਾ ਇਸ ਦੀ ਉਤਪਤੀ ਦੇ ਮੂਲ ਪ੍ਰੇਰਕਾਂ ਦੀ ਪਛਾਣ ਦਾ ਰਿਹਾ ਹੈ। ਨਵੇਂ ਕਾਹਲੀ ਦੇ ਯੁਗ ਵਿਚ ਵਿਹਲ ਦੀ ਘਾਟ, ਪੱਤਰਕਾਰੀ ਦੀਆਂ ਲੋੜਾਂ ਦੀ ਪੂਰਤੀ, ਪੱਛਮੀ ਕਹਾਣੀਕਾਰਾਂ ਦੇ ਅਨੁਕਰਨ ਦੀ ਚੇਸ਼ਟਾ, ਪੱਛਮੀ ਪੜ੍ਹਾਈ ਦੌਰਾਨ ਸਿਲੇਬਸਾਂ ਵਿਚ ਪੜ੍ਹੀ ਕਹਾਣੀ ਦਾ ਪ੍ਰਭਾਵ, ਲੋਕਰਾਜੀ ਕਦਰਾਂ-ਕੀਮਤਾਂ ਨਾਲ ਸਾਧਾਰਣ ਵਿਅਕਤੀ ਨੂੰ ਮਿਲੀ ਮਾਨਤਾ, ਪੱਛਮੀ ਸਿੱਖਿਆ ਰਾਹੀਂ ਪੈਦਾ ਹੋਈ ਨਵੀਂ ਮੱਧ-ਸ਼੍ਰੇਣੀ ਦੀ ਅਭਿਵਿਅਕਤੀ ਲਈ ਮਾਧਿਅਮ ਬਨਣ ਦੀ ਧਾਰਨਾ, ਨਵ-ਜਾਗਰਨ ਦੀ ਭਾਰਤੀ/ਪੰਜਾਬੀ ਲਹਿਰ ਦੇ ਸਿੱਟੇ ਵਜੋਂ ਇਸਾਈ ਮਿਸ਼ਨਰੀਆਂ ਵੱਲੋਂ ਆਪਣੇ ਪ੍ਰਚਾਰ ਲਈ ਵਰਤੀਆਂ ਜਾਂਦੀਆਂ ਜੁਗਤਾਂ ਦੇ ਪ੍ਰਤੀਕਰਮ ਵਿਚ ਉਸੇ ਪ੍ਰਕਾਰ ਦੀਆਂ ਜੁਗਤਾਂ (ਪੱਤਰਕਾਰੀ, ਸਾਹਿਤ) ਅਪਨਾਉਣ ਦੇ ਪ੍ਰਤੀਫਲ ਵਜੋਂ ਨਵੇਂ ਪਾਠਕ ਦੀਆਂ ਕਲਾਤਮਕ ਅਕਾਂਖਿਆਵਾਂ ਦੀ ਪੂਰਤੀ ਵਜੋਂ ਆਦਿ ਬਹੁਤ ਸਾਰੇ ਪ੍ਰੇਰਕਾਂ ਨੂੰ ਆਧੁਨਿਕ ਪੰਜਾਬੀ ਕਹਾਣੀ ਦੀ ਉਤਪਤੀ ਦੇ ਪਿਛੋਕੜ ਵਿਚ ਰੱਖ ਕੇ ਵੇਖਿਆ ਜਾਂਦਾ ਹੈ। ਇਥੇ ਵੀ ਮਸਲਾ ਸਿਰਫ ਉਸ ਸੂਰਤ ਵਿਚ ਹੀ ਪੈਦਾ ਹੁੰਦਾ ਹੈ ਜਦੋਂ ਇਨ੍ਹਾ ਪ੍ਰੇਰਕਾਂ ਵਿਚ ਕਿਸੇ ਇਕ ਨੂੰ ਬਲਪੂਰਵਕ ਢੰਗ ਨਾਲ ਪੇਸ਼ ਕਰਕੇ ਦੂਜਿਆ ਨੂੰ ਮਨਫੀ ਕਰਨ ਦੀ ਭਾਵਨਾ ਨਾਲ ਵੇਖਿਆ ਜਾਂਦਾ ਹੈ। ਅਸਲ ਵਿਚ ਇਹ ਸਮੂਹ ਪ੍ਰੇਰਕ ਹੀ ਉਸ ਇਤਿਹਾਸਕ ਚੇਤਨਾ ਦੀ ਉਪਜ ਸਨ ਜਿਸ ਨੇ ਅਜਿਹੇ ਯਥਾਰਥ-ਬੋਧ ਨੂੰ ਜਨਮ ਦਿੱਤਾ ਜਿਹੜਾ ਪਰੰਪਰਕ ਬਿਰਤਾਂਤਕ ਰੂਪਕਾਰਾਂ-ਕਿੱਸਾ, ਵਾਰ, ਜੰਗਨਾਮਾ, ਲੋਕ-ਕਥਾ ਆਦਿ ਰਾਹੀਂ ਅਭਿਵਿਅਕਤ ਨਹੀਂ ਸੀ ਕੀਤੀ ਜਾ ਸਕਦੀ। ਇਸ ਲਈ ਨਵੇਂ ਰੂਪਾਕਾਰਾਂ ਦੀ ਲੋੜ ਸੀ ਉਹ ਆਧੁਨਿਕ ਕਹਾਣੀ ਹੀ ਸੀ। ਪਰੰਪਰਕ ਰੂਪਾਕਾਰਾਂ ਦਾ ਪਤਨ ਅਤੇ ਨਵੇਂ ਰੂਪਕਾਰਾਂ ਦਾ ਉਦੈ ਮੁੱਢ ਕਦੀਮ ਤੋਂ ਇਸੇ ਢੰਗ ਨਾਲ ਹੀ ਹੁੰਦਾ ਰਿਹਾ ਹੈ। ਡਾ. ਅਤਰ ਸਿੰਘ ਅਨੁਸਾਰ, "ਨਾਵਲ ਵਿਚ ਸਾਧਾਰਣ ਮਨੁੱਖ ਆਪਣੇ ਵਿਸ਼ੇਸ਼ ਰੂਪ ਵਿਚ



ਪ੍ਰਵੇਸ਼ ਕਰਦਾ ਹੈ। ਪਰ ਹਜ਼ਾਰਾਂ ਘਟਨਾਵਾਂ, ਸੋਚਾਂ, ਚਿੰਤਾਵਾਂ, ਖਿਆਲ, ਉਸ ਦੇ ਜੀਵਨ ਵਿਚ ਅਜਿਹੇ ਵੀ ਆਉਂਦੇ ਹਨ ਜਿਹੜੇ ਇਸ ਵਿਸ਼ੇਸ਼ਤਾ ਨੂੰ ਪ੍ਰਾਪਤ ਨਹੀਂ ਹੋ ਸਕਦੇ। ਸਾਧਾਰਣ ਮਨੁੱਖ ਦੇ ਮਹੱਤਵਪੂਰਨ ਹੋਣ ਨਾਲ ਇਹ ਵੀ ਮਹੱਤਤਾ ਪ੍ਰਾਪਤ ਕਰ ਜਾਂਦੇ ਹਨ। ਇਨ੍ਹਾਂ ਤੋਂ ਉਹ ਮੁਕਤ ਕਿਵੇਂ ਹੋਵੇ ? ਇਹ ਪ੍ਰੇਰਨਾ ਨਿੱਕੀ ਕਹਾਣੀ, ਨਿੱਕੀ ਕਵਿਤਾ, ਇਕਾਂਗੀ, ਨਿਬੰਧ ਆਦਿ ਨੂੰ ਜਨਮ ਦਿੰਦੀ ਹੈ। ਨਿੱਕੀ ਕਹਾਣੀ ਸਾਧਾਰਣ ਮਨੁੱਖ ਨੂੰ ਉਸ ਦੀ ਸਾਧਾਰਣਤਾ ਵਿਚ ਪੇਸ਼ ਕਰਦੀ ਹੈ" ("ਨਿੱਕੀ ਕਹਾਣੀ ਤੇ ਮਨੁੱਖੀ ਅਨੁਭਵ, **ਕਹਾਣੀ ਸਿਧਾਂਤ ਅਤੇ ਆਲੋਚਨਾ**, (ਸੰਪਾ), ਪੰਨਾ 98-99)। ਇਹ ਨਵਾਂ ਮਨੁੱਖ ਅਤੇ ਉਸ ਦੀਆਂ ਅਕਾਂਖਿਆਵਾਂ ਸਮੁੱਚੀ ਆਧੁਨਿਕ ਪੰਜਾਬੀ ਕਹਾਣੀ ਦਾ ਕੇਂਦਰੀ ਧੁਰਾ ਬਣੇ ਰਹਿੰਦੇ ਹਨ। ਪੰਜਾਬੀ ਕਹਾਣੀ ਦੀ ਇਤਿਹਾਸਕਾਰੀ ਲਈ ਇਸ ਨਵੇਂ ਮਨੁੱਖ ਦੇ ਨਿੱਤ ਬਦਲਦੇ ਸਰੋਕਾਰਾਂ, ਵਿਭਿੰਨ ਪਾਸਾਰਾਂ ਅਤੇ ਪ੍ਰਤਿਮਾਨਾਂ ਦੇ ਗਤੀਸ਼ੀਲ ਸਰੂਪ ਨੂੰ ਸਥਿਤੀ-ਸਾਖੇਪ ਰੂਪ 'ਚ ਪਛਾਣ ਸਕਣਾ ਅਤੇ ਆਧੁਨਿਕ ਕਹਾਣੀ ਦੇ ਸੰਦਰਭ ਵਿਚ ਉਸ ਦੀ ਪਛਾਣ ਦਾ ਮੁੱਲ ਨਿਰਧਾਰਤ ਕਰਨਾ ਹੀ ਵੱਡੀ ਚੁਣੌਤੀ ਹੈ।

**ਆਧੁਨਿਕ ਪੰਜਾਬੀ ਕਹਾਣੀ ਦਾ ਵਿਕਾਸ ਬਨਾਮ ਕਾਲ-ਵੰਡ ਦਾ ਮਸਲਾ** : ਆਧੁਨਿਕ ਪੰਜਾਬੀ ਕਹਾਣੀ ਦੀ ਉਮਰ ਜੇ ਇਕ ਸਦੀ ਨਹੀਂ ਤਾਂ ਪੌਣੀ ਸਦੀ ਤੋਂ ਜ਼ਰੂਰ ਵਧੇਰੇ ਹੈ। ਆਧੁਨਿਕ ਯੁਗ ਵਿਚ ਪਰਿਵਰਤਨ ਦੀ ਤੇਜ਼ ਗਤੀ ਨੂੰ ਵੇਖਦਿਆਂ ਇਹ ਨਿਸਚੇ ਨਾਲ ਕਿਹਾ ਜਾ ਸਕਦਾ ਹੈ ਕਿ ਮੱਧਕਾਲ ਦੌਰਾਨ ਜੋ ਪਰਿਵਰਤਨ ਦਹਿਸਦੀ ਵਿਚ ਵੀ ਨਹੀਂ ਵਾਪਰਿਆ ਆਧੁਨਿਕ ਕਾਲ ਵਿਚ ਉਸ ਤੋਂ ਕਿਤੇ ਵੱਧ ਤਬਦੀਲੀਆਂ ਇਕ ਸਦੀ ਵਿਚ ਆ ਗਈਆਂ। ਇਸ ਲਈ ਪੰਜਾਬੀ ਕਹਾਣੀ ਦੇ ਵਿਕਾਸ ਲਈ ਇਹ ਸਮਾਂ ਕੋਈ ਘੱਟ ਨਹੀਂ। ਗਿਣਨਾਤਮਕ ਅਤੇ ਗੁਣਨਾਤਮਕ ਪੱਖੋਂ ਇਸ ਨੇ ਜਿੰਨਾ ਪੈਂਡਾ ਤਹਿ ਕਰ ਲਿਆ ਹੈ ਉਸ ਦੀ ਇਤਿਹਾਸਕ ਪਛਾਣ ਜ਼ਰੂਰੀ ਹੈ। ਗੁਰਬਖਸ਼ ਸਿੰਘ ਫਰੈਂਕ ਇਸ ਸਮੱਸਿਆ ਦਾ ਸਰਲੀਕਰਨ ਇਹ ਕਹਿ ਕੇ ਕਰ ਦਿੰਦਾ ਹੈ, "ਪੰਜਾਬੀ ਨਿੱਕੀ ਕਹਾਣੀ ਦੇ ਇਤਿਹਾਸ ਨੂੰ ਅਸੀਂ ਵੱਧ ਤੋਂ ਵੱਧ ਦੋ ਭਾਗਾਂ ਵਿਚ ਵੰਡ ਸਕਦੇ ਹਾਂ-ਇਕ ਜਿਹੜਾ ਸੁਜਾਨ ਸਿੰਘ, ਸੇਖੋਂ, ਦੁੱਗਲ ਨਾਲ ਸ਼ੁਰੂ ਹੁੰਦਾ ਹੈ। ਦੂਜਾ ਇਸ ਤੋਂ ਪਹਿਲਾਂ ਪਰ ਭਾਈ ਵੀਰ ਸਿੰਘ ਤੋਂ ਪਿੱਛੋਂ ਦਾ" ("ਪੰਜਾਬੀ ਨਿੱਕੀ ਕਹਾਣੀ ਦੇ ਇਤਿਹਾਸ ਲੇਖਣ ਦੀਆਂ ਸਮੱਸਿਆਵਾਂ", **ਪੰਜਾਬੀ ਸਾਹਿਤ ਦੀ ਇਤਿਹਾਸਕਾਰੀ** ਜਿਲਦ 1, ਪੰਨਾ 180)। ਸੰਤ ਸਿੰਘ ਸੇਖੋਂ ਤੋਂ ਪਿੱਛੋਂ ਦੀ ਸਮੁੱਚੀ ਕਹਾਣੀ ਨੂੰ ਇਕੋ ਤਰ੍ਹਾਂ ਦੇ ਯਥਾਰਥ-ਬੋਧ ਨਾਲ ਸਬੰਧਿਤ ਕਰ ਦੇਣ ਨਾਲ ਉਸ ਦੀ ਗਤੀ ਦੌਰਾਨ ਹੋਂਦ 'ਚ ਆਏ ਉਨ੍ਹਾਂ ਪੜਾਵਾਂ ਦੀ ਅਣਦੇਖੀ ਹੋ ਜਾਂਦੀ ਹੈ ਜਿਥੇ ਪੰਜਾਬੀ ਕਹਾਣੀ ਦੀ ਵਿਕਾਸ-ਰੇਖਾ ਵਿਚ ਗੁਣਨਾਤਮਕ ਤਬਦੀਲੀਆਂ ਦਾ ਬੋਧ ਪ੍ਰਤੱਖ ਨਜ਼ਰ ਆਉਂਦਾ ਹੈ। ਇਸ ਸਮੱਸਿਆ ਦੇ ਸਮਾਧਾਨ ਹਿਤ ਜਸਵਿੰਦਰ ਸਿੰਘ ਆਪਣੇ ਲੇਖ "ਪੰਜਾਬੀ ਕਹਾਣੀ ਦੀ ਇਤਿਹਾਸਕਾਰੀ" ਵਿਚ ਆਧੁਨਿਕ ਪੰਜਾਬੀ ਕਹਾਣੀ ਦੇ ਚਾਰ ਪੜਾਅ ਨਿਰਧਾਰਤ ਕਰਦਾ ਹੈ। ਉਸ ਅਨੁਸਾਰ, "ਪੰਜਾਬੀ ਕਹਾਣੀ ਦੇ ਇਤਿਹਾਸ ਵਿਕਾਸ ਨੂੰ ਅਸੀਂ ਚਾਰ ਪੜਾਵਾਂ ਵਿਚ ਨਿਖੇੜ ਕੇ ਇਸਦੇ ਬਦਲਦੇ ਆਂਤਰਿਕ ਸਰੂਪ, ਥੀਮਕ ਬਦਲਾਵ, ਦ੍ਰਿਸ਼ਟੀਮੂਲਕ ਵਖਰੇਵੇਂ, ਬਿਰਤਾਂਤਕੀ ਸੰਗਠਨ ਦੇ ਨੇਮ ਅਤੇ ਕਹਾਣੀ ਦੇ ਮੂਲ ਸਰੋਕਾਰਾਂ ਨੂੰ ਵਧੇਰੇ ਚੰਗੀ ਤਰ੍ਹਾਂ ਸਮਝ ਸਕਦੇ ਹਾਂ" (**ਗਲਪ-ਚਿੰਤਨ**, (ਸੰਪਾ), ਪੰਨਾ 18)।

ਇਸ ਲਈ ਹੁਣ ਅਗਲਾ ਮਸਲਾ ਇਹ ਹੈ ਕਿ ਇਨ੍ਹਾਂ ਚਾਰ ਪੜਾਵਾਂ ਦਾ ਨਾਮਕਰਨ, ਪੰਜਾਬੀ ਸਾਹਿਤ ਇਤਿਹਾਸ ਦੇ ਪ੍ਰਚਲਿਤ ਮਾਪਦੰਡਾਂ ਅਨੁਸਾਰ ਕਿਸੇ ਰਾਜਨੀਤਿਕ ਸੱਤਾਵਾਨ ਸ਼ਕਤੀ, ਵਿਸ਼ੇਸ਼ ਯੁਗ-ਲੇਖਕ ਜਾਂ ਪ੍ਰਤੀਨਿਧ ਸਾਹਿਤ-ਧਾਰਾ ਦੇ ਨਾਂ ਅਨੁਸਾਰ ਕੀਤਾ ਜਾਵੇ ਜਾਂ ਕਿਸੇ ਹੋਰ ਅਧਾਰ ਉਤੇ ? ਧਨਵੰਤ ਕੌਰ ਆਧੁਨਿਕ ਪੰਜਾਬੀ ਕਹਾਣੀ ਦੀ ਕਾਲ-ਵੰਡ ਲਈ "ਬਿਰਤਾਂਤ=ਸ਼ਾਸਤਰੀ ਪ੍ਰਤਿਮਾਨਾਂ" ਨੂੰ ਆਧਾਰ ਬਣਾਉਂਦੀ ਹੈ,".......ਹਰ ਯੁਗ ਦੇ ਬਿਰਤਾਂਤ ਦਾ ਸੁਭਾਅ ਉਸ ਯੁਗ ਦੀਆਂ ਮੂਲ ਦ੍ਰਿਸ਼ਟੀਆਂ ਦੁਆਰਾ ਨਿਰਧਾਰਤ ਹੁੰਦਾ ਹੈ। ਪੰਜਾਬੀ ਕਹਾਣੀ ਦੇ ਬਦਲਦੇ ਬਿਰਤਾਂਤ ਸ਼ਾਸਤਰੀ ਪ੍ਰਤਿਮਾਨਾਂ ਦਾ ਠੋਸ ਵਸਤੂਪਰਕ ਆਧਾਰ ਇਸੇ ਸਪੇਖਤਾ ਵਿਚ ਲਕਸ਼ਿਤ ਕੀਤਾ ਜਾ ਸਕਦਾ ਹੈ। ਬਿਰਤਾਂਤਕ-ਵਖਰਤਾ ਦੀ ਦ੍ਰਿਸ਼ਟੀ ਤੋਂ ਪੰਜਾਬੀ ਕਹਾਣੀ ਦੇ ਇਤਿਹਾਸ ਨੂੰ ਤਿੰਨ ਪੜਾਵਾਂ ਵਿਚ ਵਿਭਾਜਤ ਕੀਤਾ ਜਾ ਸਕਦਾ ਹੈ

ਪ੍ਰਤਿਮਾਨ ਮੂਲਕ ਕਹਾਣੀ, ਹੁਨਰੀ ਕਹਾਣੀ, ਵਿਅਕਤੀਕ੍ਰਿਤ ਸੰਵਾਦਕਤਾ ਦੀ ਕਹਾਣੀ" (**ਆਧੁਨਿਕ ਪੰਜਾਬੀ ਕਹਾਣੀ: ਬਿਰਤਾਂਤ-ਸ਼ਾਸਤਰੀ ਅਧਿਐਨ**, ਪੰਨਾ 45)।

ਇਸ ਕਾਲ-ਖੰਡ ਵਿਚ ਕਿਸੇ ਸਾਂਝੇ ਬਿਰਤਾਂਤ ਸ਼ਾਸਤਰੀ ਸੂਤਰ ਨੂੰ ਅਪਨਾਉਣ ਦੀ ਥਾਂ ਵੱਖ-ਵੱਖ ਪੜਾਵਾਂ ਵਿਚ ਬਦਲਵੇਂ ਪ੍ਰਤਿਮਾਨਾਂ ਨੂੰ ਮਾਪਦੰਡ ਬਣਾ ਲਿਆ ਗਿਆ ਹੈ, ਜਿਵੇਂ ਪਹਿਲੇ 'ਚ ਕਹਾਣੀ-ਪ੍ਰਯੋਜਨ, ਦੂਜੇ 'ਚ ਕਹਾਣੀ-ਰੂਪ ਅਤੇ ਤੀਜੇ 'ਚ ਕਹਾਣੀ ਵਿਚ ਪਾਤਰ-ਪ੍ਰਕਾਰਜ ਨੂੰ। ਜਸਵਿੰਦਰ ਸਿੰਘ ਨੇ ਚਾਰ ਪੜਾਵਾਂ ਵਿਚੋਂ ਪਹਿਲੇ ਦੋਵਾਂ- "ਸੁਧਾਰਵਾਦੀ ਆਦਰਸ਼ਵਾਦੀ ਕਹਾਣੀ", "ਪ੍ਰਗਤੀਵਾਦੀ ਪੰਜਾਬੀ ਕਹਾਣੀ"-ਦਾ ਨਾਮਕਰਨ ਰਚਨਾ ਦ੍ਰਿਸ਼ਟੀ ਦੇ ਆਧਾਰ ਉਤੇ ਕੀਤਾ ਹੈ ਅਤੇ ਬਾਅਦ ਵਾਲੇ ਦੋਵਾਂ-"ਵਿਅਕਤੀਕ੍ਰਿਤ ਸੰਵਾਦਕਤਾ ਦੀ ਕਹਾਣੀ", "ਬਹੁ-ਸੁਰ ਅਤੇ ਮੈਮੂਲਕਤਾ ਦੀ ਸੰਵਾਦੀ ਜਟਿਲ ਕਹਾਣੀ"-ਦਾ ਨਾਮਕਰਨ ਪਾਤਰ-ਪ੍ਰਕਾਰਜ, ਬਿਰਤਾਂਤਕ ਪਾਸਾਰਾਂ ਅਤੇ ਸੰਬੋਧਨੀ ਜੁਗਤ ਦੇ ਅਧਾਰ ਉਤੇ ਕੀਤਾ ਹੈ (**ਗਲਪ-ਚਿੰਤਨ**, ਪੰਨਾ 18-25)। ਇਥੇ ਵੀ ਕਿਸੇ ਸਾਂਝੇ ਸੂਤਰ ਦੀ ਅਣਹੋਂਦ ਰੜਕਦੀ ਹੈ। ਹਾਲਾਂ ਕਿ ਇਨ੍ਹਾਂ ਦੋਵਾਂ ਚਿੰਤਕਾਂ ਨੇ ਕਾਲ-ਵੰਡ ਪਿੱਛੇ ਵਿਸ਼ਵ-ਦ੍ਰਿਸ਼ਟੀ ਦੇ ਪਰਵਿਰਤਨ ਨੂੰ ਮੂਲ ਸੰਚਾਲਕ ਸ਼ਕਤੀ ਮੰਨਿਆ ਹੈ ਪਰ ਵਿਭਿੰਨ ਪੜਾਵਾਂ ਦਾ ਨਾਮਕਰਨ ਇਸ ਨੂੰ ਕੇਂਦਰੀ ਸੂਤਰ ਮੰਨ ਕੇ ਨਹੀਂ ਕੀਤਾ ਗਿਆ। ਸਮੁੱਚੀ ਆਧੁਨਿਕ ਪੰਜਾਬੀ ਕਹਾਣੀ ਮੂਲ ਰੂਪ ਵਿਚ ਯਥਾਰਥਵਾਦੀ ਵਿਸ਼ਵ-ਦ੍ਰਿਸ਼ਟੀ ਤੋਂ ਪ੍ਰੇਰਿਤ ਹੈ। ਇਸ ਲਈ ਵਿਭਿੰਨ ਪੜਾਵਾਂ ਦਾ ਨਾਮਕਰਨ ਇਸ ਕੇਂਦਰੀ ਰਚਨਾ-ਦ੍ਰਿਸ਼ਟੀ (ਯਥਾਰਥਵਾਦ) ਦੇ ਵਿਭਿੰਨ ਪਾਸਾਰਾਂ ਅਨੁਸਾਰ ਹੋ ਸਕਦਾ ਹੈ, ਜਿਵੇਂ ਆਦਰਸ਼ਵਾਦੀ ਯਥਾਰਥਵਾਦ (ਪਹਿਲਾ ਪੜਾਅ 1920-1935), ਪ੍ਰਗਤੀਵਾਦੀ ਯਥਾਰਥਵਾਦ (ਦੂਜਾ ਪੜਾਅ 1936-1965), ਵਸਤੂਮੁਖੀ ਯਥਾਰਥਵਾਦ (ਤੀਜਾ ਪੜਾਅ 1966-1990) ਅਤੇ ਉਤਰ-ਯਥਾਰਥਵਾਦ (ਚੌਥਾ ਪੜਾਅ 1991 ਤੋਂ ਲਗਾਤਾਰ)।

ਭਾਵੇਂ ਸਾਹਿਤ ਦੇ ਇਤਿਹਾਸ ਦੀ ਇਹ ਸਮੱਸਿਆ ਕਹਾਣੀ-ਇਤਿਹਾਸ ਦੇ ਪ੍ਰਸੰਗ ਵਿਚ ਵੀ ਹੈ ਕਿ ਕਿਸੇ ਕਾਲ-ਖੰਡ ਨੂੰ ਕਿਸੇ ਨਿਸਚਤ ਤਰੀਕ ਤੋਂ ਸ਼ੁਰੂ ਜਾਂ ਖਤਮ ਨਹੀਂ ਮੰਨਿਆ ਜਾ ਸਕਦਾ ਫਿਰ ਵੀ ਤਰਕਯੁਕਤ ਢੰਗ ਨਾਲ ਸੱਚ ਦੇ ਕਾਫੀ ਨੇੜੇ ਵਿਚਰਨਾ ਸੰਭਵ ਹੈ। ਕਿਸੇ ਕਾਲ-ਖੰਡ ਦਾ ਨਾਮਕਰਨ ਵਿਸ਼ੇਸ਼ ਪ੍ਰਵਿਰਤੀ ਦੇ ਨਾਂ ਉਤੇ ਕਰ ਦੇਣ ਨਾਲ ਵੀ ਇਹ ਸਮੱਸਿਆ ਪੈਦਾ ਹੋ ਜਾਂਦੀ ਹੈ। ਇਸ ਦਾ ਸਮਾਧਾਨ ਮਹਾਂ ਅਤੇ ਲਘੂ ਧਾਰਾਵਾਂ ਦੇ ਪ੍ਰਸਪਰ ਅੰਤਰ-ਸਬੰਧਾਂ ਨੂੰ ਸਮਝ ਕੇ ਹੋ ਸਕਦਾ ਹੈ ਪਰ ਨਾਮਕਰਨ ਲਈ ਉਸ ਕਾਲ-ਖੰਡ ਦੀ ਪ੍ਰਧਾਨ ਧਾਰਾ ਨੂੰ ਹੀ ਪਹਿਲੀ ਦਿੱਤੀ ਜਾਣੀ ਤਰਕਸੰਗਤ ਹੈ।

**ਆਧੁਨਿਕ ਪੰਜਾਬੀ ਕਹਾਣੀ ਦਾ ਇਤਿਹਾਸ ਲੇਖਣ : ਪ੍ਰਮਾਣਿਕ ਮਾਡਲ ਦੀ ਤਲਾਸ਼ :** ਸਾਹਿਤ ਦੀ ਇਤਿਹਾਸਕਾਰੀ ਦੇ ਸੰਕਲਪ ਦੇ ਹੋਂਦ ਵਿਚ ਆਉਣ ਤੋਂ ਪਿੱਛੋਂ ਬਹੁਤ ਸਾਰੀਆਂ ਸਿਧਾਂਤਕ ਸਮੱਸਿਆਵਾਂ ਨੂੰ ਨਜਿੱਠ ਲੈਣ ਨਾਲ ਵਿਵਹਾਰਕ ਸਮੱਸਿਆਵਾਂ ਦੇ ਸਨਮੁਖ ਹੋਣ ਦਾ ਮਾਰਗ ਵੀ ਪੱਧਰਾ ਹੋ ਗਿਆ ਹੈ। ਆਧੁਨਿਕ ਪੰਜਾਬੀ ਕਹਾਣੀ ਦੇ ਇਤਿਹਾਸ-ਲਿਖਣ ਦਾ ਜਟਿਲ ਕਾਰਜ ਤਿੰਨ ਪੱਧਰਾਂ ਉਤੇ ਕੀਤਾ ਜਾਣਾ ਚਾਹੀਦਾ ਹੈ, ਸਮੱਗਰੀ ਦਾ ਇਕੱਤਰੀਕਰਨ ਅਤੇ ਪਰਮਾਣੀਕਰਨ, ਸਮੱਗਰੀ ਦੀ ਇਤਿਹਾਸਕ-ਕ੍ਰਮ 'ਚ ਤਰਤੀਬ ਅਤੇ ਵਿਕਾਸ-ਰੇਖਾ ਦਾ ਨਿਰਧਾਰਨ।

ਪਹਿਲੇ ਪੱਧਰ ਉਤੇ ਸਮੁੱਚੀ ਆਧੁਨਿਕ ਪੰਜਾਬੀ ਕਹਾਣੀ ਨੂੰ ਇਕੱਤਰ ਕਰਨ ਦਾ ਮਸਲਾ ਦਰਪੇਸ਼ ਹੈ। ਇਸ ਦੇ ਦੋ ਮੂਲ ਸਰੋਤ ਹਨ, ਪੱਤਰਕਾਵਾਂ ਵਿਚ ਪ੍ਰਕਾਸ਼ਿਤ ਕਹਾਣੀਆਂ ਅਤੇ ਸੰਗ੍ਰਹਿ ਰੂਪ 'ਚ ਮਿਲਦੀਆਂ ਕਹਾਣੀ-ਪੁਸਤਕਾਂ। ਪੰਜਾਬੀ ਵਿਚ ਸਾਹਿਤ ਦਾ ਕੋਈ ਪ੍ਰਮਾਣਿਕ ਇਤਿਹਾਸ ਨਾ ਲਿਖੇ ਜਾਣ ਦੀ ਸੂਰਤ ਵਿਚ ਕਹਾਣੀ ਸਬੰਧੀ ਸਮੱਗਰੀ ਵੀ ਬਹੁਤ ਹੀ ਅਧੂਰੀ ਅਤੇ ਅਪ੍ਰਮਾਣਿਕ ਰੂਪ 'ਚ ਮਿਲਦੀ ਹੈ। ਇਤਿਹਾਸਕਾਰ ਤੋਂ ਮੰਗ ਕੀਤੀ ਜਾਂਦੀ ਹੈ ਕਿ ਕਿਸੇ ਕਹਾਣੀਕਾਰ ਦਾ ਇੰਦਰਾਜ ਦਰਜ ਕਰਦਿਆਂ ਉਹ ਉਸ ਦਾ ਪ੍ਰਮਾਣਿਕ ਜੀਵਨ-ਵੇਰਵਾ, ਉਸਦੇ ਕਹਾਣੀ-ਸੰਗ੍ਰਹਿ ਪ੍ਰਕਾਸ਼ਿਤ ਹੋਣ ਦਾ ਇਤਿਹਾਸਕ-ਕ੍ਰਮ, ਸੰਗ੍ਰਹਿ ਬਾਹਰੀਆਂ ਕਹਾਣੀਆਂ ਦਾ ਪ੍ਰਕਾਸ਼ਨ-ਸ੍ਰੋਤ ਦੇਣ ਤੋਂ ਬਾਅਦ ਉਸ ਕਹਾਣੀਕਾਰ ਦੀ ਰਚਨਾ-ਦ੍ਰਿਸ਼ਟੀ ਦੀ ਵਿਕਾਸ-



ਦਿਸ਼ਾ ਸਬੰਧੀ ਵਿਸ਼ੇਸ਼ ਸਥਿਤੀ ਸਾਪੇਖ ਅਤੇ ਇਤਿਹਾਸਕ ਮੁਲੰਕਣ ਵਾਲਾ ਕਥਨ ਦਰਜ ਕਰੇ। ਉਪਰੰਤ ਉਸ ਕਹਾਣੀਕਾਰ ਸਬੰਧੀ ਹੋਏ ਖੋਜ-ਕਾਰਜ ਦਾ ਪ੍ਰਮਾਣਿਕ ਵੇਰਵਾ ਵੀ ਦਿੱਤਾ ਜਾਣਾ ਜ਼ਰੂਰੀ ਹੈ ਤਾਂ ਕਿ ਇਤਿਹਾਸ ਦਾ ਪਾਠਕ ਅਗਲੇਰੇ ਅਧਿਐਨ ਲਈ ਹੋਰ ਖੋਜ-ਸਮੱਗਰੀ ਪ੍ਰਾਪਤ ਕਰ ਸਕੇ।

ਪੰਜਾਬੀ ਕਹਾਣੀ-ਸੰਗ੍ਰਿਹਾਂ ਦਾ ਵੇਰਵਾ ਤਿਆਰ ਕਰਨ ਦਾ ਕੰਮ ਸਭ ਤੋਂ ਪਹਿਲਾਂ ਭਾਸ਼ਾ ਵਿਭਾਗ, ਪੰਜਾਬ ਨੇ ਸ਼ੁਰੂ ਕੀਤਾ। 1953 ਵਿਚ ਉਸਨੇ 'ਪੰਜਾਬੀ ਪ੍ਰਕਾਸ਼ਨਾਂ ਦੀ ਸੂਚੀ' ਨਾਂ ਦੀ ਪੁਸਤਕ ਪ੍ਰਕਾਸ਼ਿਤ ਕੀਤੀ ਜਿਸ ਵਿਚ ਸਮੁੱਚੀਆਂ ਪੰਜਾਬੀ ਦੇ ਨਾਲ ਨਾਲ ਕਹਾਣੀ-ਸੰਗ੍ਰਿਹਾਂ ਦਾ ਵੀ ਵੇਰਵਾ ਮਿਲਦਾ ਹੈ। ਉਸ ਵੇਲੇ ਦੇ ਡਾਇਰੈਕਟਰ, ਭਾਸ਼ਾ ਵਿਭਾਗ, ਸ. ਗੰਡਾ ਸਿੰਘ ਜੋ ਖ਼ੁਦ ਪ੍ਰਸਿੱਧ ਇਤਿਹਾਸਕਾਰ ਸਨ, ਨੇ ਪੂਰੇ ਵਿਗਿਆਨਕ ਢੰਗ ਨਾਲ ਇਹ ਸੂਚੀ ਤਿਆਰ ਕਰਵਾਉਣ ਦੀ ਕੋਸ਼ਿਸ਼ ਕੀਤੀ। ਇਸ ਵਿਚ ਲੇਖਕ, ਪੁਸਤਕ ਦਾ ਨਾਂ, ਪ੍ਰਕਾਸ਼ਨ ਸਥਾਨ ਤੇ ਸਾਲ, ਕੁਲ ਪੰਨੇ, ਕੀਮਤ, ਐਡੀਸ਼ਨ, ਸ਼੍ਰੇਣੀ (ਰੂਪ) ਮੌਲਿਕ ਜਾਂ ਅਨੁਵਾਦ ਹੋਣ ਬਾਰੇ ਨਿਰਨਾ ਅਤੇ ਭਾਸ਼ਾ ਵਿਭਾਗ ਦੀ ਲਾਇਬਰੇਰੀ ਵਿਖੇ ਉਸ ਪੁਸਤਕ ਨੂੰ ਵਰਗੀਕਰਨ ਰਾਹੀਂ ਸਥਿਤ ਕਰਨ ਲਈ ਕੋਡ ਨੰਬਰ ਆਦਿ ਸ਼ਾਮਿਲ ਹਨ। ਇਸ ਸੂਚੀ ਦੇ 1971 ਵਾਲੇ ਦੂਜੇ ਐਡੀਸ਼ਨ ਵਿਚ 1968 ਤੱਕ ਪ੍ਰਕਾਸ਼ਿਤ ਪੁਸਤਕਾਂ ਸ਼ਾਮਿਲ ਕਰ ਲਈਆਂ ਗਈਆਂ। ਲੇਖਕ-ਕ੍ਰਮ ਤਰਤੀਬ ਦੇ ਨਾਲ ਨਾਲ ਵਿਸ਼ਾ-ਕ੍ਰਮ ਅਨੁਸਾਰ ਵਰਗੀਕਰਨ ਅਧੀਨ ਇੱਕ ਵੱਖਰੀ ਅਕਾਰੀ ਪੁਸਤਕ ਵੀ ਤਿਆਰ ਕਰ ਦਿੱਤੀ ਗਈ ਜਿਸ ਵਿਚ ਕਹਾਣੀਕਾਰਾਂ ਅਤੇ ਉਨ੍ਹਾਂ ਦੇ ਕਹਾਣੀ ਸੰਗ੍ਰਿਹਾਂ ਦਾ ਵੇਰਵਾ ਵੱਖਰੇ ਭਾਗ ਵਿਚ ਵੀ ਉਪਲਭਦ ਹੈ। ਇਸ ਅਹਿਮ ਇਤਿਹਾਸਕ ਕਾਰਜ ਦੀ ਮਹੱਤਤਾ ਅਦੁੱਤੀ ਹੈ ਪਰ ਇਤਿਹਾਸਕ ਪੱਖੋਂ ਇਸ ਵਿਚ ਅਨੇਕਾਂ ਤਰ੍ਹਾਂ ਦੀਆਂ ਤਰੁਟੀਆਂ ਰਹਿ ਗਈਆਂ ਜਿਨ੍ਹਾਂ ਦਾ ਅਹਿਸਾਸ ਗਿਆਨੀ ਲਾਲ ਸਿੰਘ ਜਿਹੜੇ ਪੁਸਤਕ-ਸੂਚੀ ਦਾ ਦੂਜਾ ਐਡੀਸ਼ਨ ਛਾਪਣ ਵੇਲੇ ਡਾਇਰੈਕਟਰ ਸਨ, ਨੇ ਇਨ੍ਹਾਂ ਸ਼ਬਦਾਂ ਵਿਚ ਕੀਤਾ ਹੈ, "ਮੈਨੂੰ ਇਸ ਗੱਲ ਦਾ ਅਹਿਸਾਸ ਹੈ ਕਿ ਸਾਰਾ ਕੁਝ ਕਰਨ ਦੇ ਬਾਵਜੂਦ ਇਸ ਸੂਚੀ ਨੂੰ ਮੁਕੰਮਲ ਨਹੀਂ ਕੀਤਾ ਜਾ ਸਕਦਾ" (ਪੰਜਾਬੀ ਪ੍ਰਕਾਸ਼ਨਾਂ ਦੀ ਸੂਚੀ, ਭੂਮਿਕਾ)। ਪਰ ਉਸ ਤੋਂ ਬਾਅਦ ਵੀ ਭਾਸ਼ਾ ਵਿਭਾਗ ਨੇ ਇਹ ਸੂਚੀ ਨਾ ਸੋਧ ਕੇ ਮੁਕੰਮਲ ਕੀਤੀ ਅਤੇ ਨਾ ਹੀ 1968 ਤੋਂ ਅੱਗੇ ਵਧਾਇਆ। ਇਸ ਸੂਚੀ 'ਚੋਂ ਮਿਲਦੀ ਸਮੱਗਰੀ ਨੂੰ ਪੁਨਰ-ਨਿਰੀਖਣ ਉਪਰੰਤ ਹੀ ਪ੍ਰਯੋਗ ਵਿਚ ਲਿਆਂਦਾ ਜਾ ਸਕਦਾ ਹੈ।

ਇਸ ਤੋਂ ਪਿੱਛੋਂ ਗੁਰਮੁਖ ਸਿੰਘ ਜੀਤ ਨੇ ਆਪਣੀ ਸਮੀਖਿਆ ਪੁਸਤਕ 'ਸਮਕਾਲੀ ਪੰਜਾਬੀ ਕਹਾਣੀ-1957' ਦੇ ਅੰਤ ਉਤੇ "ਪੰਜਾਬੀ ਕਹਾਣੀਕਾਰਾਂ ਅਤੇ ਉਹਨਾਂ ਦੇ ਸੰਗ੍ਰਹਿਆਂ" ਦੀ ਸੂਚੀ ਦਿੱਤੀ ਜਿਸਨੂੰ ਸਮੁੱਚੀ ਦੀ ਥਾਂ ਚੋਣਵੀਂ ਕਿਹਾ ਜਾ ਸਕਦਾ ਹੈ। ਇਸ ਵਿਚ ਪੰਜਾਬੀ ਕਹਾਣੀਕਾਰਾਂ ਅਤੇ ਉਨ੍ਹਾਂ ਦੇ ਕਹਾਣੀ-ਸੰਗ੍ਰਿਹਾਂ ਦੇ ਸਿਰਫ ਨਾਂ ਹਨ, ਛਪਣ ਸਾਲ ਅਤੇ ਹੋਰ ਵੇਰਵਾ ਨਹੀਂ ਦਿੱਤਾ ਗਿਆ। ਪੰਜਾਬੀ ਕਹਾਣੀ ਸਬੰਧੀ ਮਹੱਤਵਪੂਰਨ ਇਤਿਹਾਸਕ ਕੰਮ ਸਵਿੰਦਰ ਸਿੰਘ ਉੱਪਲ ਦਾ ਹੈ ਪਰ ਉਨ੍ਹਾਂ ਨੇ ਆਪਣੇ ਪੀ-ਐੱਚ. ਡੀ. ਦੇ ਸ਼ੋਧ ਪ੍ਰਬੰਧ ਵਿਚ ਵੀ ਕੁਝ ਚੋਣਵੇਂ ਕਹਾਣੀਕਾਰਾਂ ਦਾ ਵੇਰਵਾ ਹੀ ਦਰਜ ਕੀਤਾ ਹੈ। ਪੰਜਾਬੀ ਕਹਾਣੀ ਦੇ ਇਤਿਹਾਸ ਸਬੰਧੀ ਪ੍ਰਕਾਸ਼ਿਤ ਪੁਸਤਕਾਂ : ਪੰਜਾਬੀ ਕਹਾਣੀ ਦਾ ਵਿਕਾਸ-1952 (ਬਲਬੀਰ ਸਿੰਘ ਦਿਲ), ਪੰਜਾਬੀ ਕਹਾਣੀਕਾਰ-1954 (ਸਵਿੰਦਰ ਸਿੰਘ ਉਪਲ), ਪੰਜਾਬੀ ਗਲਪਕਾਰ-1954 (ਗੁਰਚਰਨ ਸਿੰਘ), ਸਮਕਾਲੀ ਪੰਜਾਬੀ ਕਹਾਣੀ-1957 (ਗੁਰਮੁਖ ਸਿੰਘ ਜੀਤ), ਪ੍ਰਸਿੱਧ ਕਹਾਣੀਕਾਰ-1971 (ਪਿਆਰਾ ਸਿੰਘ ਭੋਗਲ) ਅਤੇ ਪੰਜਾਬੀ ਕਹਾਣੀ-ਸਰੂਪ, ਸਿਧਾਂਤ ਤੇ ਵਿਕਾਸ-1955 (ਸਵਿੰਦਰ ਸਿੰਘ ਉਪਲ) ਆਦਿ ਪੰਜਾਬੀ ਦੇ ਲਗਭਗ ਸੱਤਰ ਕੁ ਕਹਾਣੀਕਾਰਾਂ ਦਾ ਵੇਰਵਾ ਹੀ ਦਰਜ ਹੈ। ਸਵਿੰਦਰ ਸਿੰਘ ਉਪਲ ਨੇ ਆਪਣੀ ਪੁਸਤਕ 'ਪੰਜਾਬੀ ਕਹਾਣੀਕਾਰ' ਵਿਚ ਬਾਰਾਂ ਕਹਾਣੀਕਾਰ ਦਾ ਵਿਸਤ੍ਰਿਤ ਅਤੇ ਉਨਤਾਲੀ ਕਹਾਣੀਕਾਰਾਂ ਦਾ ਸੰਖਿਪਤ ਵੇਰਵਾ ਦਿੱਤਾ ਹੈ। ਇਸ ਤੋਂ ਸਤਾਰਾਂ ਸਾਲਾਂ ਪਿੱਛੋਂ ਪਿਆਰਾ ਸਿੰਘ ਭੋਗਲ ਨੇ ਛੇ ਕਹਾਣੀਕਾਰਾਂ ਦਾ ਵਿਸਤ੍ਰਿਤ ਅਤੇ ਸੈਂਤੀਆਂ ਦਾ ਸੰਖੇਪ ਵੇਰਵਾ ਦਿੱਤਾ ਹੈ। ਸਵਿੰਦਰ ਸਿੰਘ ਉਪਲ ਦੀ ਸੂਚੀ ਨਾਲੋਂ ਵੀਹ ਕੁ ਕਹਾਣੀਕਾਰਾਂ ਦੇ ਹੋਰ ਨਾਂ ਪਿਆਰਾ ਸਿੰਘ ਭੋਗਲ ਦੀ ਪੁਸਤਕ 1971 ਵਿਚ ਛਪੀ ਹੈ। ਉਸ ਸਮੇਂ ਤੱਕ ਪਾਕਿਸਤਾਨੀ ਪੰਜਾਬੀ ਕਹਾਣੀ ਅਤੇ

ਪਰਵਾਸੀ ਪੰਜਾਬੀ ਕਹਾਣੀ ਨਾਂ ਦੇ ਦੋ ਨਵੇਂ ਪਾਸਾਰ ਹੋਂਦ ਗ੍ਰਹਿਣ ਕਰ ਚੁੱਕੇ ਸਨ। ਸਮੀਖਿਅਕ ਨੇ ਉਨ੍ਹਾਂ ਨੂੰ ਪੰਜਾਬੀ ਕਹਾਣੀ ਦੇ ਵਿਕਾਸ ਵਿਚ ਸ਼ਾਮਿਲ ਕਰਨਾ ਮਹੱਤਵਯੋਗ ਨਹੀਂ ਸਮਝਿਆ। ਇਸ ਨਾਲ ਇਹ ਸਮੱਸਿਆ ਪੈਦਾ ਹੋ ਗਈ ਕਿ ਕੀ ਬਦੇਸ਼ੀ ਪੰਜਾਬੀ ਕਹਾਣੀ ਨੂੰ ਪੰਜਾਬੀ ਕਹਾਣੀ ਦੇ ਇਤਿਹਾਸ ਵਿਚ ਸ਼ਾਮਿਲ ਕਰਨਾ ਚਾਹੀਦਾ ਹੈ ਕਿ ਨਹੀਂ ? ਭਾਵੇਂ ਪਾਕਿਸਤਾਨੀ ਪੰਜਾਬੀ ਕਹਾਣੀ ਦੀ ਲਿੱਪੀ ਫ਼ਾਰਸੀ ਹੈ ਅਤੇ ਉਸ ਦਾ ਝੁਕਾਅ ਵੀ ਉਰਦੂ-ਫ਼ਾਰਸੀ ਪਰੰਪਰਾ ਵੱਲ ਹੀ ਹੈ ਪਰ ਇਸ ਦੇ ਬਾਵਜੂਦ ਦੋਵਾਂ ਪੰਜਾਬਾਂ ਦੀ ਸਭਿਆਚਾਰਕ ਸਾਂਝ ਹੋਣ ਕਰਕੇ ਉਹ ਅਜੇ ਪੂਰਬੀ ਪੰਜਾਬ 'ਚ ਲਿਖੀ ਜਾ ਰਹੀ ਮੁੱਖ ਧਾਰਾ ਦੀ ਪੰਜਾਬੀ ਕਹਾਣੀ ਦੇ ਵਧੇਰੇ ਨੇੜੇ ਵਿਚਰਦੀ ਹੈ। ਪੱਛਮੀ ਵਿਸ਼ਵ-ਦ੍ਰਿਸ਼ਟੀ ਵੱਲ ਰੁਚਿਤ ਹੋ ਰਹੀ ਪਰਵਾਸੀ ਪੰਜਾਬੀ ਕਹਾਣੀ ਦੀ ਸਥਿਤੀ ਵੀ ਕੁਝ ਅਜਿਹੀ ਹੀ ਹੈ। ਪਰ ਪੰਜਾਬੀ ਕਹਾਣੀ ਦੇ ਇਹ ਦੋਵੇਂ ਪਾਸਾਰ ਜਦੋਂ ਤੱਕ ਆਪਣੀ ਸੁਤੰਤਰ ਹੋਂਦ ਸਥਾਪਿਤ ਨਹੀਂ ਕਰ ਲੈਂਦੇ ਉਸ ਸਮੇਂ ਤੱਕ ਮੁੱਖ ਧਾਰਾ ਦਾ ਹੀ ਅੰਗ ਬਣੇ ਰਹਿਣਗੇ। ਇਸ ਲਈ ਪੰਜਾਬੀ ਕਹਾਣੀ ਦੇ ਇਤਿਹਾਸ ਵਿਚ ਇਨ੍ਹਾਂ ਦੀ ਸ਼ਮੂਲੀਅਤ ਜ਼ਰੂਰੀ ਹੈ! ਉਪਰੋਕਤ ਸਮੂਹ ਪੁਸਤਕਾਂ ਵਿਚ ਜੋ ਨੁਕਸਦਾਰ ਵਿਧੀ ਅਪਣਾਈ ਗਈ ਹੈ ਉਸ ਅਨੁਸਾਰ ਕਿਸੇ ਨੇ ਕੁਝ ਨਾਂ ਛੱਡ ਦਿੱਤੇ ਅਤੇ ਕਿਸੇ ਨੇ ਕੁਝ ਨਾਂ ਵੱਖਰੇ ਦਰਜ ਕਰ ਲਏ ਹਨ। ਕਹਾਣੀਕਾਰਾਂ ਦਾ ਜੀਵਨ-ਵੇਰਵਾ, ਕਹਾਣੀ ਸੰਗ੍ਰਿਹਾਂ ਦੀ ਠੀਕ ਗਿਣਤੀ ਅਤੇ ਉਨ੍ਹਾਂ ਦਾ ਛਪਣ ਸਾਲ ਕਿਤੇ ਟਾਵਾਂ ਟਾਵਾਂ ਹੀ ਦਿੱਤਾ ਗਿਆ ਹੈ। ਇਤਿਹਾਸਕ ਦ੍ਰਿਸ਼ਟੀ ਤੋਂ ਇਹ ਸਾਰੀਆਂ ਸਮੀਖਿਆ-ਪੁਸਤਕਾਂ ਹੀ ਵਿਰਵੀਆਂ ਹਨ।

ਜੇ ਇਹ ਪੁਸਤਕਾਂ ਕਹਾਣੀਕਾਰਾਂ ਦੀ ਕਹਾਣੀ-ਕਲਾ ਬਾਰੇ ਕੁਝ ਪ੍ਰਭਾਵਵਾਦੀ ਕਿਸਮ ਦੇ ਵੇਰਵੇ ਪ੍ਰਦਾਨ ਕਰਦੀਆਂ ਹਨ ਤਾਂ ਕੁਝ 'ਸਾਹਿਤ ਕੋਸ਼' ਕਹਾਣੀਕਾਰਾਂ ਦੇ ਜੀਵਨ ਬਾਰੇ ਥੋੜ੍ਹੀ-ਬਹੁਤੀ ਜਾਣਕਾਰੀ ਦਿੰਦੇ ਹਨ। ਇਸ ਖੇਤਰ ਵਿਚ ਸਭ ਤੋਂ ਪਹਿਲਾ ਉਦਮ ਜੋਗਿੰਦਰ ਸਿੰਘ ਰਮਦੇਵ ਨੇ 'ਪੰਜਾਬੀ ਲਿਖਾਰੀ ਕੋਸ਼-1964' ਪ੍ਰਕਾਸ਼ਿਤ ਕਰਕੇ ਕੀਤਾ। ਇਸ ਵਿਚ ਉਸ ਨੇ 964 ਤੋਂ 1964 ਤੱਕ ਦੇ ਸਾਹਿਤਕਾਰਾਂ ਵਿਚੋਂ ਚੋਣਵਿਆਂ ਦਾ ਜੀਵਨ ਤੇ ਰਚਨਾ-ਵੇਰਵਾ ਦਰਜ ਕੀਤਾ। ਇਸ ਵਿਚਲੀ ਸਮੱਗਰੀ ਬਾਰੇ ਵੀ ਸੰਪਾਦਕ ਖੁਦ ਵੀ ਇਹ ਕਮੀ ਸਵੀਕਾਰ ਕਰਦਾ ਹੈ, "ਇਹ ਪੁਸਤਕ ਪੰਜਾਬੀ ਸਾਹਿਤ ਦੇ ਖੇਤਰ ਵਿਚ ਆਪਣੇ ਕਿਸਮ ਦਾ ਪਹਿਲਾ ਯਤਨ ਹੈ, ਇਸੇ ਕਰਕੇ ਇਸਦੀ ਪੂਰਨਤਾ ਬਾਰੇ ਸੋਚਣ ਵੇਲੇ ਅਸ਼ਾਂਤ ਹੋਣਾ ਪੈਂਦਾ ਹੈ" (ਸੰਪਾਦਕੀ ਟਿੱਪਣੀ)। ਸੋ ਇਸ ਵਿਚ ਜਿਨ੍ਹਾਂ ਕੁਝ ਕਹਾਣੀਕਾਰਾਂ ਦਾ ਵੇਰਵਾ ਮਿਲਦਾ ਹੈ ਉਨ੍ਹਾਂ ਵਿਚੋਂ ਕਾਫ਼ੀ ਸਾਰਿਆਂ ਦੇ ਜਨਮ, ਮੌਤ, ਪਿਤਾ ਦਾ ਨਾਂ, ਵਿਦਿਆ ਅਤੇ ਕਿੱਤੇ ਸਬੰਧੀ ਤਾਂ ਸੰਖੇਪ ਵਾਕਫ਼ੀ ਮਿਲਦੀ ਹੈ ਪਰ ਪੁਸਤਕਾਂ ਦੇ ਛਪਣ ਸਾਲ ਦਾ ਵੇਰਵਾ ਕਿਤੇ ਕਿਤੇ ਹੀ ਦਿੱਤਾ ਗਿਆ ਹੈ।

ਬਾਅਦ ਵਿਚ ਪੰਜਾਬੀ ਯੂਨੀਵਰਸਿਟੀ, ਚੰਡੀਗੜ੍ਹ ਵੱਲੋਂ ਵੀ 'ਸਾਹਿਤ ਕੋਸ਼' ਦੇ ਤਿੰਨ ਭਾਗ 1972, 1976 ਅਤੇ 1992 ਵਿਚ ਤਿਆਰ ਕਰਵਾਏ ਗਏ ਪਰ ਉਨ੍ਹਾਂ ਵਿਚ ਕਹਾਣੀਕਾਰਾਂ ਦੀ ਗਿਣਤੀ ਅਤੇ ਉਨ੍ਹਾਂ ਸਬੰਧੀ ਦਿੱਤੀ ਜਾਣਕਾਰੀ ਅੱਧੀ-ਅਧੂਰੀ ਹੀ ਹੈ। ਧਨਵੰਤ ਕੌਰ ਵੱਲੋਂ ਸੰਪਾਦਿਤ ਕੀਤੇ ਗਏ 'ਪੰਜਾਬੀ ਨਾਵਲਕਾਰ ਸੰਦਰਭ ਕੋਸ਼-1999' ਵਿਚ ਨਾਵਲਕਾਰਾਂ ਦੀ ਕਹਾਣੀ-ਰਚਨਾ ਸਬੰਧੀ ਵੀ ਅਲਪ-ਮਾਤਰ ਸੂਚਨਾ ਮਿਲਦੀ ਹੈ।

ਅਪ੍ਰਮਾਣਿਕ ਅਤੇ ਅਧੂਰੀ ਜਾਣਕਾਰੀ ਦੇਣ ਦਾ ਇਹ ਸਿਲਸਿਲਾ ਪੰਜਾਬੀ ਸਾਹਿਤ ਦੇ ਇਤਿਹਾਸ, ਸੰਪਾਦਿਤ ਕਹਾਣੀ-ਸੰਗ੍ਰਿਹਾਂ ਦੇ ਪਿੱਛੇ ਕਹਾਣੀਕਾਰਾਂ ਬਾਰੇ ਦਿੱਤੇ ਵੇਰਵਿਆਂ ਅਤੇ ਸਮੀਖਿਆ-ਪੁਸਤਕਾਂ ਵਿਚ ਵੀ ਜਾਰੀ ਰਹਿੰਦਾ ਹੈ। ਮਿਸਾਲ ਵਜੋਂ ਡਾ. ਮੋਹਨ ਸਿੰਘ ਦੀਵਾਨਾ ਨੇ ਸਭ ਤੋਂ ਪਹਿਲਾਂ 'ਏ ਹਿਸਟਰੀ ਆਫ਼ ਪੰਜਾਬੀ ਲਿਟਰੇਚਰ' (ਡੀ. ਲਿੱਟ. ਦਾ ਥੀਸਿਸ-1933) 'ਚ ਸਿਰਫ਼ ਇਕ ਕਹਾਣੀਕਾਰ ਅਜ਼ਹਰ ਹੈਦਰ ਦਾ ਕੇਵਲ ਨਾਂ ਹੀ ਦਿੱਤਾ ਹੈ। ਹਾਲਾਂ ਕਿ ਉਸ ਸਮੇਂ ਤੱਕ ਮੋਹਨ ਸਿੰਘ ਵੈਦ ਅਤੇ ਕੁਝ ਹੋਰ ਲੋਕਾਂ ਦੀਆਂ ਰਸਾਲਿਆਂ 'ਚ ਪ੍ਰਕਾਸ਼ਿਤ ਕਹਾਣੀਆਂ ਤੋਂ ਇਲਾਵਾ ਚਰਨ ਸਿੰਘ ਸ਼ਹੀਦ ਦਾ ਕਹਾਣੀ-ਸੰਗ੍ਰਿਹ 'ਹੱਸਦੇ ਹੰਝੂ'-1933 ਪ੍ਰਸਿੱਧ ਹੋ ਚੁੱਕਾ ਸੀ। ਇਸ ਇਤਿਹਾਸ-ਪੁਸਤਕ ਦੇ 1956 'ਚ ਸੋਧ ਕੇ ਛਾਪੇ ("ਵਿਦ ਨਿਊ ਸਪਲੀਮੈਂਟ") ਸੰਸਕਰਨ ਵਿਚ ਵੀ ਲੇਖਕ ਪੰਜਾਬੀ ਕਹਾਣੀਕਾਰਾਂ ਬਾਰੇ ਕੋਈ ਨਵਾਂ ਵੇਰਵਾ ਸ਼ਾਮਿਲ



ਨਹੀਂ ਕਰਦਾ। ਇਸ ਤੋਂ ਬਾਅਦ ਵੀ ਪੰਜਾਬੀ ਸਾਹਿਤ ਦਾ ਇਤਿਹਾਸ ਲਿਖਣ ਵਾਲਿਆਂ ਦਾ ਰੁਝਾਣ ਅਜਿਹਾ ਹੀ ਰਿਹਾ। ਡਾ. ਗੋਪਾਲ ਸਿੰਘ ਨੇ ਲਗਭਗ ਚਾਰ ਸੌ ਸਫ਼ਿਆਂ ਦੇ ਇਤਿਹਾਸ ਵਿਚ ਪੰਜਾਬੀ ਕਹਾਣੀ ਨੂੰ ਚਾਰ ਕੁ ਪੰਨੇ ਦਿੱਤੇ ਅਤੇ ਸੁਰਿੰਦਰ ਸਿੰਘ ਕੋਹਲੀ ਨੇ ਛੇ ਸੌ ਛਪੰਜਾ ਸਫ਼ਿਆਂ ਦੇ ਇਤਿਹਾਸ ਵਿਚ ਛੇ ਪੰਨੇ ਪੰਜਾਬੀ ਕਹਾਣੀ ਨੂੰ ਦਿੱਤੇ (**ਪੰਜਾਬੀ ਸਾਹਿਤ ਦਾ ਇਤਿਹਾਸ**, ਪੰਨੇ 640-646)। ਅੰਗਰੇਜ਼ੀ ਸਾਹਿਤ ਦੇ ਇਤਿਹਾਸ ਦੇ ਲੇਖਕਾਂ ਵਾਂਗ ਹੀ ਪੰਜਾਬੀ ਵਿਚ ਵੀ ਗਲਪ ਵਾਲੇ ਭਾਗ ਵਿਚ ਨਾਵਲ ਨੂੰ ਹੀ ਮਹੱਤਤਾ ਮਿਲੀ ਅਤੇ ਕਹਾਣੀ ਨੂੰ ਉਸ ਦੀ ਪੂਛ ਵਾਂਗ ਹੀ ਨਾਲ ਸ਼ਾਮਿਲ ਕਰ ਲਿਆ ਗਿਆ। ਉਨ੍ਹਾਂ ਸ਼ੋਧ-ਪ੍ਰਬੰਧਾਂ, ਖੋਜ-ਨਿਬੰਧਾਂ ਅਤੇ ਵਿਕੋਲਿੱਤਰੀਆਂ ਸੁਤੰਤਰ ਪੁਸਤਕਾਂ ਵਿਚ ਕਹਾਣੀਕਾਰ ਦੇ ਜੀਵਨ ਅਤੇ ਰਚਨਾ ਬਾਰੇ ਠੀਕ ਇਤਿਹਾਸਕ ਜਾਣਕਾਰੀ ਮਿਲਦੀ ਹੈ ਜਿਹੜੇ ਇਕੱਲੇ ਇਕੱਲੇ ਕਹਾਣੀਕਾਰ ਬਾਰੇ ਲਿਖੇ ਗਏ ਹਨ, ਪਰ ਇਨ੍ਹਾਂ ਦੀ ਗਿਣਤੀ ਬਹੁਤ ਥੋੜ੍ਹੀ ਹੈ। ਇਤਿਹਾਸਕ ਚੇਤਨਾ ਦੇ ਪੱਖੋਂ ਜਸਬੀਰ ਭੁੱਲਰ ਵੱਲੋਂ ਸੰਪਾਦਤ ਪੁਸਤਕ 'ਲਿਖਣ-ਵੇਲਾ-1994' ਬੜੇ ਮਹੱਤਵ ਵਾਲੀ ਹੈ। ਇਸ ਵਿਚ ਭਾਵੇਂ ਸਿਰਫ ਦਸ ਪੰਜਾਬੀ ਕਹਾਣੀਕਾਰਾਂ ਦੀਆਂ ਵਿਸਤ੍ਰਿਤ ਮੁਲਾਕਾਤਾਂ ਦਿੱਤੀਆਂ ਗਈਆਂ ਹਨ ਪਰ ਹਰੇਕ ਕਹਾਣੀਕਾਰ ਦੀ ਜੀਵਨ ਅਤੇ ਰਚਨਾ ਬਾਰੇ ਪਹਿਲਾਂ ਮੁਕੰਮਲ ਤੇ ਪ੍ਰਮਾਣਿਕ ਵੇਰਵਾ ਦਰਜ ਕਰਕੇ ਸੰਪਾਦਕ ਨੇ ਆਪਣੀ ਇਤਿਹਾਸਕ ਜ਼ਿੰਮੇਵਾਰੀ ਅਤੇ ਸੂਝ ਦਾ ਬਹੁਤ ਵਧੀਆਂ ਪ੍ਰਮਾਣ ਪੇਸ਼ ਕੀਤਾ ਹੈ।

ਚੋਣਵੇਂ ਕਹਾਣੀਕਾਰਾਂ ਦੇ ਜੀਵਨ ਅਤੇ ਉਨ੍ਹਾਂ ਦੇ ਕਹਾਣੀ-ਸੰਗ੍ਰਿਹਾਂ ਸਬੰਧੀ ਜੋ ਉਪਰੋਕਤ ਭਾਂਤ ਦਾ ਵੇਰਵਾ ਮਿਲਦਾ ਹੈ ਉਹ ਭਾਵੇਂ ਨਾਕਾਫੀ ਹੈ ਪਰ ਫੇਰ ਵੀ ਮੌਜੂਦਾ ਨਿਰਾਸ਼ਾਜ਼ਨਕ ਸਥਿਤੀ ਵਿਚ ਮਹੱਤਵਪੂਰਨ ਹੈ। ਪੰਜਾਬੀ ਦੀਆਂ ਸੰਗ੍ਰਹਿ ਬਾਹਰੀਆਂ ਕਹਾਣੀਆਂ ਜਿਹੜੀਆਂ ਰਸਾਲਿਆਂ ਵਿਚ ਪ੍ਰਕਾਸ਼ਤ ਹੁੰਦੀਆਂ ਰਹੀਆਂ ਹਨ, ਸੰਬਧੀ ਵੇਰਵੇ ਇਕੱਤਰ ਕਰਨ ਦੇ ਪੱਖੋਂ ਸਥਿਤੀ ਵਧੇਰੇ ਚਿੰਤਾਜਨਕ ਹੈ। ਮੁਢਲੀ ਪੰਜਾਬੀ ਕਹਾਣੀ ਬਾਰੇ ਤਾਂ ਇਹ ਪ੍ਰਮੁੱਖ ਮਸਲਾ ਬਣਿਆ ਹੋਇਆ ਹੈ ਕਿਉਂਕਿ ਉਸ ਸਮੇਂ ਛਪਦੇ ਰਹੇ ਰਿਸਾਲੇ ਵੀ ਜਾਂ ਤਾਂ ਪ੍ਰਾਪਤ ਨਹੀਂ ਅਤੇ ਜਿੰਨੇ ਕੁ ਮਿਲਦੇ ਹਨ ਉਨ੍ਹਾ ਦੀ ਠੀਕ ਢੰਗ ਨਾਲ 'ਕੈਟਾਲਾਗਿੰਗ' ਨਹੀਂ ਹੋਈ। ਇਸ ਲਈ ਸੈਂਕੜੇ ਪੰਜਾਬੀ ਕਹਾਣੀਆਂ ਇਉਂ ਹੀ ਰੁਲੀਆਂ ਪਈਆਂ ਹਨ ਅਤੇ ਸਮੀਖਿਅਕਾਂ ਦੀ ਨਜ਼ਰ ਤੋਂ ਉਹਲੇ ਰਹੀਆਂ ਹਨ।

ਪੰਜਾਬੀ ਕਹਾਣੀਆਂ ਦੇ ਇਕੱਤਰੀਕਰਨ ਦੇ ਮਸਲੇ ਦੇ ਨਾਲ ਇਕ ਹੋਰ ਸਮੱਸਿਆ ਉਨ੍ਹਾਂ ਦੀ ਟੈਕਸਟ ਦੇ ਪਰਮਾਣੀਕਰਨ ਦੀ ਹੈ : 1940 ਤੱਕ ਦੀ ਬਹੁਤ ਸਾਰੀ ਪੰਜਾਬੀ ਕਹਾਣੀ ਦੇ ਮੌਲਿਕ ਜਾਂ ਅਨੁਵਾਦ ਜਾਂ ਅਧਾਰਿਤ ਹੋਣ ਦਾ ਮਸਲਾ ਹੱਲ ਕਰਨਾ ਬਹੁਤ ਗੁੰਝਲਦਾਰ ਕੰਮ ਹੈ। ਕਹਾਣੀਕਾਰ ਇਸ ਪੱਖੋਂ ਏਨੇ ਅਵੇਸਲੇ ਸਨ ਕਿ ਉਹ ਅਜਿਹਾ ਸਪੱਸ਼ਟ ਕਰਨਾਂ ਗੈਰ-ਜ਼ਰਰੀ ਹੀ ਸਮਝਦੇ ਸਨ। ਆਪਣੇ ਸਮਕਾਲੀਆਂ ਦੀ ਅਜਿਹੀ ਬਿਰਤੀ ਬਾਰੇ ਹੀਰਾ ਸਿੰਘ ਦਰਦ 'ਪੰਜਾਬੀ ਸਧਰਾਂ-1940' ਦੀ ਭੂਮਿਕਾ ਵਿਚ ਲਿਖਦਾ ਹੈ, "ਪੰਜਾਬੀ ਵਿਚ ਇਸ ਸਮੇਂ ਕੋਈ ਹੋਣਹਾਰ ਨੌਜਵਾਨ ਮੌਲਿਕ ਤੇ ਉਲਧਕ ਕਹਾਣੀ ਲਿਖ ਰਹੇ ਹਨ ਪਰ ਇਸ ਗੱਲ ਦਾ ਖਾਸ ਧਿਆਨ ਰੱਖਣਾ ਚਾਹੀਦਾ ਹੈ ਕਿ ਜੇ ਕਿਸੇ ਹੋਰ ਬੋਲੀ ਤੋਂ ਅਨੁਵਾਦ ਜਾਂ ਅਡਾਪਟੇਸ਼ਨ (ਆਧਾਰ ਤੇ ਕਹਾਣੀ) ਹੋਵੇ ਤਾਂ ਖੁਲ੍ਹੇ ਸ਼ਬਦਾਂ ਵਿਚ ਪ੍ਰਵਾਨ ਕਰਨਾ ਚਾਹੀਦਾ ਹੈ। ਇਸ ਵਿਚ ਕੋਈ ਲੱਜਾ ਨਹੀਂ ਹੈ।" ਪੰਜਾਬੀ ਦੀਆਂ ਸੈਂਕੜੇ ਮੌਲਿਕ ਕਹਾਣੀਆਂ ਦੇ ਰੂਪਾਕਾਰ ਬਾਰੇ ਵੀ ਇਹ ਨਿਰਨਾ ਕਰਨਾ ਅਜੇ ਬਾਕੀ ਹੈ। ਵਿਸ਼ੇਸ਼ ਤੌਰ ਤੇ ਲੇਖ ਅਤੇ ਕਹਾਣੀ ਦੀਆਂ ਵਿਧਾਵਾਂ ਦੇ ਵਿਚਕਾਰ ਵਿਚਰਦੀਆਂ ਅਜਿਹੀਆਂ ਬਹੁਤ ਸਾਰੀਆਂ ਕਹਾਣੀਆਂ ਹਨ। ਮੋਹਨ ਸਿੰਘ ਵੈਦ ਤੋਂ ਲੈ ਕੇ ਪ੍ਰੀਤਮ ਸਿੱਧੂ ਦੀ ਪੁਸਤਕ 'ਗੁਆਚੇ ਕਾਫ਼ਲੇ' ਤੱਕ ਦੀਆਂ ਰਚਨਾਵਾਂ ਦਾ ਵਿਧਾਗਤ ਪਰਿਪੇਖ 'ਚ ਪਰਮਾਣੀਕਰਨ ਕੀਤੇ ਬਿਨਾ ਹੀ ਉਨ੍ਹਾਂ ਨੂੰ ਕਹਾਣੀ ਦੇ ਇਤਿਹਾਸ ਵਿਚ ਸ਼ਾਮਿਲ ਕਰਨ ਨਾਲ ਅਨੇਕਾਂ ਮੁਸ਼ਕਲਾਂ ਸਾਹਮਣੇ ਆਉਣਗੀਆਂ।

**ਸਮੱਗਰੀ ਦੀ ਇਤਿਹਾਸਕ-ਕ੍ਰਮ ਤਰਤੀਬ :** ਕਹਾਣੀਕਾਰਾਂ ਅਤੇ ਉਨ੍ਹਾਂ ਦੀਆਂ ਕਹਾਣੀਆਂ ਸਬੰਧੀ ਸਮੁੱਚੀ ਸਮੱਗਰੀ ਜੇ ਇਕੱਤਰ ਹੋ ਜਾਵੇ ਤਾਂ ਅਗਲਾ ਵਿਵਹਾਰਕ ਮਸਲਾ ਉਸ ਨੂੰ ਇਤਿਹਾਸਕ-ਕ੍ਰਮ ਦੇਣ ਦਾ ਹੈ। ਕਈ ਵਾਰੀ ਕੋਈ ਕਹਾਣੀ ਪ੍ਰਕਾਸ਼ਿਤ ਬਹੁਤ ਪਹਿਲਾਂ ਹੀ ਚੁੱਕੀ ਹੁੰਦੀ ਹੈ ਪਰ ਸੰਗ੍ਰਹਿ-ਰੂਪ 'ਚ

ਚਿਰਾਂ ਪਿੱਛੋਂ ਛਪਦੀ ਹੈ। ਮਿਸਾਲ ਵਜੋਂ ਹਿੰਮਤ ਸਿੰਘ ਸੋਢੀ ਦੀ ਪੁਸਤਕ 'ਤੋਤੇ' 1992 ਵਿਚ ਪ੍ਰਕਾਸ਼ਿਤ ਹੋਈ ਜਦ ਕਿ ਉਸ 'ਚ ਸ਼ਾਮਿਲ ਕਈ ਕਹਾਣੀਆਂ ਪੰਜਵੇਂ ਦਹਾਕੇ ਵਿਚ ਛਪ ਚੁੱਕੀਆਂ ਸਨ। ਇਸ ਕਰਕੇ ਜੇ ਪੁਸਤਕ ਪ੍ਰਕਾਸ਼ਨ ਦੇ ਸਾਲ ਅਨੁਸਾਰ ਉਸ ਕਹਾਣੀ-ਸੰਗ੍ਰਹਿ ਨੂੰ ਨੌਵੇਂ ਦਹਾਕੇ ਦੇ ਇਤਿਹਾਸਕ ਸੰਦਰਭ ਵਿਚ ਸਥਿਤ ਕਰ ਲਵਾਂਗੇ ਤਾਂ, ਨਿਰਸੰਦੇਹ, ਸਿੱਟੇ ਗੈਰ-ਇਤਿਹਾਸਕ ਹੀ ਨਿਕਲਣਗੇ। ਸੋ ਇਤਿਹਾਸਕ ਪੱਖੋਂ ਕਹਾਣੀ ਦਾ ਲਿਖਣ/ਛਪਣ ਕਾਲ ਹੀ ਮਹੱਤਵਪੂਰਨ ਮੰਨਿਆ ਜਾਣਾ ਚਾਹੀਦਾ ਹੈ। ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਕਹਾਣੀ 'ਪ੍ਰਤਿਮਾ' ਭਾਵੇਂ 1933 ਵਿਚ ਪ੍ਰਕਾਸ਼ਿਤ ਹੋਈ ਪਰ ਇਸ ਦਾ ਲਿਖਣ-ਸਮਾਂ 1913 ਦਾ ਹੈ। ਉਸ ਅਨੁਸਾਰ, "ਪ੍ਰਤਿਮਾ ਮੇਰੀ ਸਭ ਤੋਂ ਪਹਿਲੀ ਕਹਾਣੀ ਸਿਰਫ ਇਕ ਇਸਤਰੀ ਨੂੰ ਪੜ੍ਹ ਕੇ ਸੁਨਾਣ ਲਈ 1913 ਵਿਚ ਲਿਖੀ ਗਈ ਸੀ। ਉਸ ਨੂੰ ਸੁਣਾ ਕੇ ਮੈਂ ਉਸੇ ਨੂੰ ਦੇ ਦਿੱਤੀ, 1933 ਵਿਚ ਉਹਦੇ ਕੋਲੋਂ ਪ੍ਰੀਤਲੜੀ ਲਈ ਮੰਗ ਕੇ ਛੋਟੀ ਕਰਕੇ ਛਾਪੀ ਸੀ। (**ਪ੍ਰੀਤ ਕਹਾਣੀਆਂ**, ਭੂਮਿਕਾ)।" ਹੁਣ ਜੇ ਇਸ ਕਹਾਣੀ ਨੂੰ ਠੀਕ ਇਤਿਹਾਸਕ ਪਰਿਪੇਖ ਵਿਚ ਸਥਿਤ ਕਰ ਲਈਏ ਤਾਂ ਆਧੁਨਿਕ ਪੰਜਾਬੀ ਕਹਾਣੀ ਦੇ ਇਤਿਹਾਸ ਦਾ ਨਕਸ਼ਾ ਹੀ ਬਦਲ ਜਾਂਦਾ ਹੈ। ਇਸ ਪ੍ਰਕਾਰ ਪੰਜਾਬੀ ਕਹਾਣੀਆਂ ਨੂੰ ਇਤਿਹਾਸ-ਕ੍ਰਮ ਵਿਚ ਸਥਿਤ ਕਰਨ ਦਾ ਕੰਮ ਭਾਵੇਂ ਘੱਟ ਹੋਇਆ ਹੈ ਪਰ ਇਤਿਹਾਸ ਲਿਖਣ ਲਈ ਇਹ ਜ਼ਰੂਰੀ ਹੈ। ਕਹਾਣੀਆਂ ਨੂੰ ਇਸ ਪ੍ਰਸੰਗ ਵਿਚ ਤਰਤੀਬ ਦੇਣੀ ਇਤਿਹਾਸਕ ਚੇਤਨਾ ਦਾ ਮੁਢਲਾ ਕਦਮ ਹੈ।

**ਵਿਕਾਸ-ਰੇਖਾ ਦਾ ਨਿਰਧਾਰਨ :** ਇਤਿਹਾਸਕਾਰੀ ਸਿਰਫ ਰਚਨਾਵਾਂ ਨੂੰ ਇਤਿਹਾਸਕ-ਕ੍ਰਮ 'ਚ ਰੱਖ ਦੇਣ ਦਾ ਨਾਂ ਨਹੀਂ ਹੈ। ਇਤਿਹਾਸਕਾਰੀ ਦਾ ਅਸਲੀ ਮਕਸਦ ਵਸਤੂ-ਯਥਾਰਥ ਦੀ ਦਸ਼ਾ ਦੇ ਨਾਲ ਨਾਲ ਉਸਦੀ ਦਿਸ਼ਾ ਦੀ ਨਿਸ਼ਾਨ ਦੇਹੀ ਕਰਨਾ ਵੀ ਹੁੰਦਾ ਹੈ। ਹਰੇਕ ਪਰਿਵਰਤਨ ਜ਼ਰੂਰੀ ਨਹੀਂ ਵਿਕਾਸ ਦਾ ਜ਼ਾਮਨ ਹੋਵੇ। ਪੰਜਾਬੀ ਕਹਾਣੀ ਦੇ ਅਧਿਐਨ ਰਾਹੀਂ ਇਹ ਸਮਝਿਆ ਜਾ ਸਕਦਾ ਹੈ ਕਿ ਆਧੁਨਿਕ ਪੰਜਾਬੀ ਮਨੁੱਖ ਦਾ ਝੁਕਾਅ ਕਿਨ੍ਹਾਂ ਕਦਰਾਂ-ਕੀਮਤਾਂ ਪ੍ਰਤੀ ਵਧ ਜਾਂ ਘਟ ਰਿਹਾ ਹੈ। ਕੀ ਉਹ ਕੀਮਤਾਂ ਉਸ ਦੇ ਮਨੁੱਖੀਪਣ ਵਿਚ ਵਾਧਾ ਕਰਨ ਵਾਲੀਆਂ ਹਨ ਜਾਂ ਪਾਸ਼ਵਿਕਤਾ ਵੱਲ ਲੈ ਜਾਣ ਵਾਲੀਆਂ ਹਨ ? ਅਜਿਹੇ ਮਾਪਦੰਡਾਂ ਦੀ ਰੋਸ਼ਨੀ ਵਿਚ ਪੰਜਾਬੀ ਕਹਾਣੀਕਾਰਾਂ ਦੀ ਰਚਨਾ-ਦ੍ਰਿਸ਼ਟੀ ਵਿਚ ਵਧ ਰਹੇ ਵਿਗਿਆਨਕ ਤੱਤਾ ਦੀ ਮਾਤਰਾ ਦੀ ਪਛਾਣ ਕਰਕੇ ਪੰਜਾਬੀ ਕਹਾਣੀ ਦੀ ਵਿਕਾਸ-ਰੇਖਾ ਦਾ ਨਿਰਧਾਰਨ ਕੀਤਾ ਜਾਣਾ ਚਾਹੀਦਾ ਹੈ। ਕਲਾਤਮਕਤਾ ਦੇ ਪੱਖੋਂ ਵੀ ਇਹ ਲਾਜ਼ਮੀ ਨਹੀਂ ਹੁੰਦਾ ਕਿ ਹਰੇਕ ਨਵੀਂ ਰਚਨਾ ਆਪਣੇ ਤੋਂ ਪੂਰਬਲੀ ਰਚਨਾ ਤੋਂ ਵਧੇਰੇ ਕਲਾਤਮਕ ਹੋਵੇ। ਜਿਵੇਂ ਵਿਗਿਆਨ ਵਿਚ ਹਰੇਕ ਨਵੀਂ ਇਜ਼ਾਦ ਪੁਰਾਣੀ ਖੋਜ ਤੋਂ ਅਗਲਾ ਕਦਮ ਹੁੰਦੀ ਹੈ ਉਵੇਂ ਸਾਹਿਤ ਵਿਚ ਜਿਨ੍ਹਾਂ ਨਾਲ ਪੁਰਾਣੀਆਂ ਰਚਨਾਵਾਂ ਦੀ ਕਲਾਤਮਕਤਾ ਪੁਨਰ ਰੂਪ 'ਚ ਉਜਾਗਰ ਹੋ ਜਾਂਦੀ ਹੈ। ਇਸ ਲਈ ਬਾਕੀ ਸਾਹਿਤ ਰੂਪਾਂ ਵਾਂਗ ਕਹਾਣੀ-ਵਿਕਾਸ ਦੀ ਰੇਖਾ ਵੀ ਇਤਿਹਾਸਕ-ਕ੍ਰਮ ਵਾਂਗ ਲਕੀਰੀ ਨਹੀਂ ਬਲਕਿ ਮੋੜ-ਘੋੜਾਂ ਵਾਲੀ ਹੈ।

ਕੋਈ ਵੀ ਰਚਨਾ ਨਿਰੋਲ ਸਦੀਵੀ ਅਰਥਾਂ ਦੀ ਧਾਰਨੀ ਨਹੀਂ ਹੋ ਸਕਦੀ, ਇਸ ਲਈ ਪਹਿਲਾਂ ਉਹ ਆਪਣੇ ਸਮਕਾਲੀ ਯਥਾਰਥਾਂ ਦੇ ਪ੍ਰਸੰਗ ਵਿਚ ਅਰਥਵਾਨ ਹੋਵੇਗੀ ਤਾਂ ਹੀ ਅਗਲੇਰੇ ਪੜਾਅ-ਸਰਬਕਾਲੀ ਹੋਣ-ਤੱਕ ਪਹੁੰਚ ਸਕੇਗੀ। ਇਸ ਪੱਖੋਂ ਪੰਜਾਬੀ ਕਹਾਣੀਆਂ ਨੂੰ ਉਨ੍ਹਾਂ ਦੇ ਇਤਿਹਾਸਕ ਪਰਿਪੇਖ ਵਿਚ ਸਥਿਤ ਕਰ ਕੇ ਵਿਚਾਰਨ ਨਾਲ ਹੀ ਪੰਜਾਬੀ ਕਹਾਣੀ ਦੀ ਵਿਕਾਸ-ਰੇਖਾ ਲਈ ਯਤਨ ਆਰੰਭਿਆ ਜਾ ਸਕਦਾ ਹੈ। ਇਸ ਸਬੰਧ ਵਿਚ ਟੀ.ਆਰ. ਵਿਨੋਦ ਦਾ ਕਥਨ ਹੈ, "ਹਰੇਕ ਕਹਾਣੀ ਦਾ ਲਿਖਤੀ ਰੂਪ ਸੁਤੰਤਰ ਅਤੇ ਸਦੀਵੀ ਹੋਂਦ ਦਾ ਧਾਰਨੀ ਹੋਣ ਦੇ ਬਾਵਜੂਦ, ਆਪਣਾ ਇਕ ਇਤਿਹਾਸ ਵੀ ਰਖਦਾ ਹੈ। ਕਹਾਣੀ ਵਿਅਕਤੀਗਤ ਪ੍ਰਤਿਭਾ ਦੀ ਸਿਰਜਣਾ ਹੁੰਦੀ ਹੈ ਪਰ ਪ੍ਰਤਿਭਾ ਦੀਆਂ ਸੰਭਾਵਨਾਵਾਂ ਇਕ ਪਾਸਿਉਂ ਕਹਾਣੀ-ਇਤਿਹਾਸ ਦੇ ਸੰਦਰਭ ਵਿਚ ਉਜਾਗਰ ਹੁੰਦੀਆਂ ਹਨ, ਦੂਸਰੇ ਪਾਸਿਉਂ ਕਹਾਣੀਕਾਰ ਦੇ ਸਮਾਜ-ਸਾਪੇਖ ਅਨੁਭਵ ਅਤੇ ਦ੍ਰਿਸ਼ਟੀਕੋਣ ਦੇ ਅਨੁਰੂਪ ਰੂਪ ਗ੍ਰਹਿਣ ਕਰਦੀਆਂ ਹਨ। ਇਸ ਪ੍ਰਕਾਰ ਹਰੇਕ ਕਹਾਣੀ, ਕਹਾਣੀ-ਇਤਿਹਾਸ ਨਾਲ ਵੀ ਜੁੜੀ ਹੁੰਦੀ ਹੈ ਅਤੇ ਸਮਾਜ-ਇਤਿਹਾਸ ਨਾਲ ਵੀ" (**ਪੰਜਾਬੀ ਕਹਾਣੀ ਅਧਿਅਨ**, ਪੰਨਾ 10)। ਇਉਂ ਕਹਾਣੀ ਦੇ ਇਤਿਹਾਸਕਾਰ ਦਾ ਪਹਿਲਾ ਕੰਮ ਜੇ ਇਕੱਤਰਿਤ



ਸਮੱਗਰੀ ਨੂੰ ਇਤਿਹਾਸਕ-ਕ੍ਰਮ ਅਨੁਸਾਰ ਤਰਤੀਬ ਦੇਣਾ ਹੈ ਤਾਂ ਦੂਜਾ ਕਾਰਜ ਉਸ ਕ੍ਰਮ ਵਿਚਲੀ ਇਤਿਹਾਸਕ ਨਿਰੰਤਰਤਾ ਦੀ ਪਛਾਣ ਕਰਨਾ ਹੈ। "ਇਤਿਹਾਸ ਨਿਰੰਤਰ ਗਤੀ ਦਾ ਨਾਮ ਹੈ। ਇਤਿਹਾਸਕ ਵਸਤੂ ਇਕ ਲੰਮੀ ਪ੍ਰਕਿਰਿਆ ਵਿਚੋਂ ਲੰਘ ਕੇ ਨਵੀਂ ਹੋਂਦ ਗ੍ਰਹਿਣ ਕਰਦੀ ਹੈ। ਇਤਿਹਾਸ ਦਾ ਕੰਮ ਪੁਰਾਣੀਆਂ ਅਤੇ ਨਵੀਆਂ ਵਸਤਾਂ ਦੇ ਵੇਰਵੇ ਦੇਣ ਨਾਲ ਹੀ ਪੂਰਾ ਨਹੀਂ ਹੋ ਜਾਂਦਾ, ਪ੍ਰਕਿਰਿਆ ਦਾ ਇਤਿਹਾਸ ਪੇਸ਼ ਕਰਨਾ ਇਸਦਾ ਮੁਢਲਾ ਕੰਮ ਹੈ" (ਉਹੀ, ਪੰਨਾ 11)! ਅਜਿਹਾ ਨਾ ਕਰਨ ਦੀ ਸੂਰਤ ਵਿਚ ਵਿਭਿੰਨ ਕਹਾਣੀਆਂ, ਕਹਾਣੀਕਾਰ, ਕਹਾਣੀ ਪੜਾਅ ਅਤੇ ਕਹਾਣੀਆਂ ਦਾ ਆਰਥਿਕ, ਸਮਾਜਿਕ, ਰਾਜਨੀਤਿਕ ਪ੍ਰਸੰਗ ਆਦਿ ਸਭ ਵੱਖਰੀਆਂ-ਵੱਖਰੀਆਂ ਸੁਤੰਤਰ ਇਕਾਈਆਂ ਹੀ ਜਾਪਣਗੀਆਂ, ਕਿਸੇ ਸਾਂਝੇ ਇਤਿਹਾਸਕ-ਸਾਂਸਕ੍ਰਿਤਕ ਸੂਤਰ ਵਿਚ ਬੱਝੀਆਂ ਹੋਈਆਂ ਪ੍ਰਤੀਤ ਨਹੀਂ ਹੋਣਗੀਆਂ।

ਇਸ ਪੱਖੋਂ ਵੇਖਿਆਂ ਪੰਜਾਬੀ ਕਹਾਣੀ ਦੇ ਹੁਣ ਤੱਕ ਹੋਏ ਸਾਰੇ ਇਤਿਹਾਸ-ਨੁਮਾ ਕਾਰਜ ਅਧੂਰੇ ਅਤੇ ਇਤਿਹਾਸਕ-ਦ੍ਰਿਸ਼ਟੀ ਤੋਂ ਵਿਹਵੇ ਹਨ। ਮਿਸਾਲ ਵਜੋਂ ਪੰਜਾਬੀ ਕਹਾਣੀ ਦਾ ਪ੍ਰਤੀਨਿਧ ਇਤਿਹਾਸਕਾਰ ਸਵਿੰਦਰ ਸਿੰਘ ਉਪਲ ਆਪਣੀ ਪੁਸਤਕ 'ਪੰਜਾਬੀ ਸ਼ਾਰਟ ਸਟੋਰੀ ਇਟਸ ਓਰਿਜ਼ਨ ਐਂਡ ਡਿਵੈਲਪਮੈਂਟ' ਵਿਚ ਜੋ ਵਿਧੀ-ਵਿਧਾਨ ਵਰਤਦਾ ਹੈ, ਉਹ ਇਸ ਤਰ੍ਹਾਂ ਦਾ ਹੈ ਕਿ ਪਹਿਲਾਂ ਕਹਾਣੀ ਦੇ ਨਿਕਾਸ ਬਾਰੇ ਇਕ ਜਨਰਲ ਅਧਿਆਇ ਦਿੰਦਾ ਹੈ, ਦੂਜੇ ਅਧਿਆਏ ਵਿਚ ਪੰਜਾਬ ਵਿਚ ਲੋਕ ਕਹਾਣੀ ਦੀ ਰਿੱਗਵੇਦ ਤੱਕ ਫੈਲੀ ਪਰੰਪਰਾ ਦੇ ਵੇਰਵੇ ਪ੍ਰਸਤੁਤ ਕਰਦਾ ਹੈ, ਤੀਜੇ ਅਧਿਆਇ ਵਿਚ ਮੱਧਕਾਲ ਦੌਰਾਨ ਰਚੇ ਗਏ ਵਿਭਿੰਨ ਕਥਾ-ਰੂਪਾਕਾਰਾਂ ਦੀ ਜਾਣ-ਪਛਾਣ ਕਰਾਉਂਦਾ ਹੈ। ਚੌਥੇ ਅਧਿਆਏ ਵਿਚ ਪੰਜਾਬੀ ਕਹਾਣੀ ਉਤੇ ਇਸਲਾਮ ਦੇ ਪ੍ਰਭਾਵਾਂ ਦਾ ਉਲੇਖ ਕਰਦਾ ਹੈ। ਪੰਜਵੇਂ ਅਧਿਆਇ ਵਿਚ ਮੱਧਕਾਲੀ ਪੰਜਾਬੀ ਬਿਰਤਾਂਤ ਰੂਪਾਕਾਰਾਂ-ਵਾਰ, ਜਨਮ ਸਾਖੀ ਅਤੇ ਕਿੱਸਾ ਆਦਿ-ਦੇ ਸਰੂਪ ਦਾ ਵਰਨਣ ਕਰਦਾ ਹੈ, ਛਵੇਂ ਅਧਿਆਇ ਵਿਚ ਨਿੱਕੀ ਕਹਾਣੀ ਦੇ ਧਾਰਮਿਕ ਤੇ ਸਮਾਜਿਕ ਪਿਛੋਕੜ ਦਾ ਖੁਲਾਸਾ ਕਰਦਾ ਹੈ, ਸਤਵੇਂ ਅਧਿਆਏ ਵਿਚ ਆਧੁਨਿਕ ਨਿੱਕੀ ਕਹਾਣੀ ਦੇ ਵਿਕਾਸ ਵਿਚ ਕਾਰਜਸ਼ੀਲ ਪ੍ਰੇਰਕਾਂ ਦਾ ਵੇਰਵਾ ਦਿੰਦਾ ਹੈ, ਅੱਠਵੇਂ ਅਧਿਆਏ ਵਿਚ ਸੰਕ੍ਰਾਂਤੀ ਕਾਲ ਦੀ ਪੰਜਾਬੀ ਕਹਾਣੀ ਦੇ ਵੱਖ ਵੱਖ ਝੁਕਾਵਾਂ-ਆਦਰਸ਼ਵਾਦ, ਯਥਾਰਥਵਾਦੀ ਆਦਰਸ਼ਵਾਦ, ਸ਼ੁੱਧ ਯਥਾਰਥਵਾਦ, ਸਮਾਜਵਾਦੀ ਯਥਾਰਥਵਾਦ ਤੇ ਪ੍ਰਾਕਿਰਤਕ ਯਥਾਰਥਵਾਦ ਆਦਿ ਦਾ ਉਲੇਖ ਕੁਝ ਚੋਣਵੇਂ ਕਹਾਣੀਕਾਰਾਂ ਦੇ ਪ੍ਰਸੰਗ 'ਚ ਕਰਦਾ ਹੈ ਅਤੇ ਦਸਵੇਂ ਅਧਿਆਏ ਵਿਚ ਪੰਜਾਬੀ ਕਹਾਣੀ 'ਚ ਹੋਏ ਨਵੇਂ ਪ੍ਰਯੋਗਾਂ ਦੀ ਨਿਸ਼ਾਨਦੇਹੀ ਕਰਦਾ ਹੈ। ਇਉਂ 336 ਪੰਨਿਆਂ 'ਚ ਫੈਲੀ ਇਸ ਵੱਡ ਅਕਾਰੀ ਸਮੀਖਿਆ ਪੁਸਤਕ ਜੋ ਲੇਖਕ ਦੇ ਪੀ-ਐੱਚ ਡੀ. ਦਾ ਸ਼ੋਧ-ਕਾਰਜ ਹੋਣ ਕਰਕੇ ਗੰਭੀਰ ਅਧਿਐਨ ਦੀ ਗਵਾਹੀ ਭਰਦੀ ਹੈ, ਪਹਿਲੀ ਨਜ਼ਰੇ ਪੰਜਾਬੀ ਕਹਾਣੀ ਦੇ ਇਤਿਹਾਸ ਦਾ ਪ੍ਰਮਾਣਿਕ ਨਮੂਨਾ ਜਾਪਦੀ ਹੈ। ਪਰ ਜੇਕਰ ਵਧੇਰੇ ਡੂੰਘਾਈ ਨਾਲ ਅਧਿਐਨ ਕਰੀਏ ਤਾਂ ਇਸ ਵਿਚ ਉਹ ਸਾਰੇ ਨੁਕਸ ਪ੍ਰਤੱਖ ਹੋਣ ਲਗਦੇ ਹਨ ਜਿਹੜੇ ਪੰਜਾਬੀ ਕਹਾਣੀ ਦੇ ਇਤਿਹਾਸਕਾਰਾਂ ਦੇ ਕੰਮ ਵਿਚ ਆਮ ਮਿਲਦੇ ਹਨ। ਇਸ ਪੁਸਤਕ ਵਿਚ ਸਵਿੰਦਰ ਸਿੰਘ ਉੱਪਲ ਨੇ ਕਹਾਣੀ-ਪਰੰਪਰਾ ਦਾ ਆਰੰਭ ਰਿੱਗਵੇਦ ਤੋਂ ਤਾਂ ਮਿਥ ਲਿਆ ਪਰ ਉਹ ਉਸ ਮੁਢਲੀ ਕਹਾਣੀ ਦੀ ਵਿਸ਼ੇਸ਼ ਰੂਪਾਕਾਰਕ ਸੰਰਚਨਾ ਦਾ [illegible] ਦੀ ਇਤਿਹਾਸ-ਸਮਾਜਿਕ ਸਥਿਤੀ ਨਾਲ ਕੋਈ ਤਰਕਪੂਰਨ ਸਬੰਧ ਸਥਾਪਿਤ ਕਰਨ ਸਕਣ ਤੋਂ ਅਸਮਰੱਥ ਰਹਿੰਦਾ ਹੈ। ਏਵੇਂ ਹੀ ਮੱਧਕਾਲ ਦੇ ਵਿਭਿੰਨ ਬਿਰਤਾਂਤ-ਰੂਪਾਂ ਦਾ ਵੇਰਵਾ ਇਕਾਈ ਰੂਪ 'ਚ ਤਾਂ ਦੇ [illegible] ਹੈ ਪਰ ਉਨ੍ਹਾਂ ਵਿਚਲੇ ਅੰਤਰ-ਸਬੰਧਾਂ ਅਤੇ ਵਿਰੋਧਾਂ ਨੂੰ ਨਹੀਂ ਪਛਾਣਦਾ। ਉਹ ਆਧੁਨਿਕ ਪੰਜਾਬੀ ਕਹਾਣੀ ਦੀ ਉਤਪਤੀ ਵਿਚ ਇਨ੍ਹਾਂ ਸਮੂਹ ਮੱਧਕਾਲੀ ਬਿਰਤਾਂਤ-ਰੂਪਾਂ ਨੂੰ ਪ੍ਰੇਰਕ ਤਾਂ ਮੰਨਦਾ ਹੈ ਪਰ ਇਹ ਪਰਿਵਰਤਨ-ਪ੍ਰਕਿਰਿਆ ਕਿਵੇਂ ਵਾਪਰੀ, ਇਸ ਦਾ ਅਧਿਐਨ ਬਹੁਤ ਸਤਹੀ ਕਿਸਮ ਦਾ ਹੈ। ਆਧੁਨਿਕ ਕਹਾਣੀ ਦੇ ਵਿਭਿੰਨ ਝੁਕਾਵਾਂ ਵਿਚ ਵੀ ਉਹ ਕਿਸੇ ਸਾਂਝੀ ਅਤੇ ਨਿਰੰਤਰ ਰਚਨਾ-ਦ੍ਰਿਸ਼ਟੀ ਦੇ ਪ੍ਰਵਾਹਮਾਨ ਹੋਣ ਦਾ ਤਰਕ ਉਸਾਰਨ ਦੀ ਥਾਂ ਉਨ੍ਹਾਂ ਨੂੰ ਸੁਤੰਤਰ ਇਕਾਈਆਂ ਵਿਚ ਹੀ ਵੇਖਦਾ ਹੈ।

ਬਲਬੀਰ ਸਿੰਘ ਦਿਲ, ਸਵਿੰਦਰ ਸਿੰਘ ਉੱਪਲ, ਗੁਰਮੁਖ ਸਿੰਘ ਜੀਤ ਅਤੇ ਪਿਆਰਾ ਸਿੰਘ ਭੋਗਲ

ਦੀਆਂ ਦੂਜੀਆਂ ਸਮੀਖਿਆ ਪੁਸਤਕਾਂ ਵਿਚ ਵੀ ਇਕੱਲੇ ਇਕੱਲੇ ਕਹਾਣੀਕਾਰ ਨੂੰ ਸੁਤੰਤਰ ਇਕਾਈ ਵਜੋਂ ਹੀ ਵਿਚਾਰਿਆ ਗਿਆ ਮਿਲਦਾ ਹੈ, ਅੰਤਰ-ਸਬੰਧਿਤ ਰੂਪ ਵਿਚ ਨਹੀਂ। ਇਸ ਕਰੋ ਇਨ੍ਹਾਂ ਵਿਚ ਪੇਸ਼ ਪੰਜਾਬੀ ਕਹਾਣੀ ਦੇ ਵਿਕਾਸ ਵਿਚ ਨਿਰੰਤਰਤਾ ਦਾ ਅਭਾਵੰ ਨਜ਼ਰ ਆਉਂਦਾ ਹੈ। ਫਿਰ ਵੀ ਆਪਣੇ ਕੁਝ ਨੁਕਸਾਂ ਦੇ ਬਾਵਜੂਦ ਇਹ ਪੁਸਤਕਾਂ ਪੰਜਾਬੀ ਕਹਾਣੀ ਦਾ ਪ੍ਰਮਾਣਿਕ ਇਤਿਹਾਸ ਲਿਖੇ ਜਾਣ ਸਬੰਧੀ ਸਿਰਫ਼ ਬਹੁਤ ਮੁੱਲਵਾਨ ਸਮੱਗਰੀ ਦੀ ਮੁਹੱਈਆ ਨਹੀਂ ਕਰਦੀਆਂ ਸਗੋਂ ਇਕ ਇਤਿਹਾਸ-ਮਾਡਲ ਦਾ ਟੋਹ-ਚਿੰਨ੍ਹ ਵੀ ਪ੍ਰਦਾਨ ਕਰਦੀਆਂ ਹਨ। ਸੋ ਪੰਜਾਬੀ ਕਹਾਣੀ ਦਾ ਪ੍ਰਮਾਣਿਕ ਇਤਿਹਾਸ ਲਿਖਣ ਲਈ ਇਤਿਹਾਸਕ ਸਥਿਤੀ, ਕਹਾਣੀਕਾਰ ਅਤੇ ਉਸਦੇ ਕਥਾ-ਮਾਡਲ ਨੂੰ ਅੰਤਰ-ਸਬੰਧਿਤ ਰੂਪ 'ਚ ਰੱਖ ਕੇ ਵੇਖਣਾ ਪਵੇਗਾ। ਅਜਿਹੇ ਅਧਿਐਨ ਰਾਹੀਂ ਇਹ ਸਥਾਪਿਤ ਕੀਤਾ ਜਾ ਸਕਦਾ ਹੈ ਕਿ ਮੱਧਕਾਲੀ ਇਤਿਹਾਸ ਦੀਆਂ ਉਹ ਕਿਹੜੀਆਂ ਪ੍ਰਸਥਿਤੀਆਂ ਸਨ ਜਿਹੜੀਆਂ ਵਿਭਿੰਨ ਬਿਰਤਾਂਤ-ਰੂਪਾਕਾਰਾਂ ਦੀ ਉਤਪਤੀ ਦਾ ਸਰੋਤ ਬਣਦੀਆਂ ਹਨ। ਮੱਧਕਾਲੀ ਬਿਰਤਾਂਤ-ਰੂਪਾਕਾਰਾਂ ਦੀ ਰੂਪ-ਚੇਤਨਾ ਨੂੰ ਕਿਵੇਂ ਮੱਧਕਾਲੀ ਚਿੰਤਨ ਇਕ ਸਾਂਝੇ ਸੂਤਰ ਦਾ ਧਾਰਨੀ ਬਣਾ ਦਿੰਦਾ ਹੈ ? ਮੱਧਕਾਲ ਤੋਂ ਆਧੁਨਿਕ ਯੁਗ ਦੇ ਰੂਪਾਂਤਰਨ ਨਾਲ ਕਿਵੇਂ ਮੱਧਕਾਲੀ ਬਿਰਤਾਂਤ ਰੂਪਾਂ ਦਾ ਪਤਨ ਹੋ ਜਾਂਦਾ ਹੈ ਅਤੇ ਨਵੇਂ ਉਦੈ ਹੋ ਜਾਂਦੇ ਹਨ। ਆਧੁਨਿਕ ਚਿੰਤਨ ਦੇ ਵਿਭਿੰਨ ਪਾਸਾਰ ਕਿਵੇਂ ਵਿਭਿੰਨ ਤਰ੍ਹਾਂ ਦੇ ਕਹਾਣੀ-ਰੂਪਕਾਰਾਂ ਰਾਹੀਂ ਮੂਰਤੀਮਾਨ ਹੋਣ ਲਗਦੇ ਹਨ ? ਜਿਵੇਂ-ਜਿਵੇਂ ਵਿਸ਼ਵ-ਦ੍ਰਿਸ਼ਟੀ ਵਿਚ ਪਰਿਵਰਤਨ ਹੁੰਦਾ ਜਾਂਦਾ ਹੈ ਉਵੇਂ-ਉਵੇਂ ਕਹਾਣੀ-ਕਲਾ ਦੇ ਮਾਪਦੰਡ ਕਿਵੇਂ ਬਦਲਦੇ ਜਾਂਦੇ ਹਨ ? ਇਨ੍ਹਾਂ ਪ੍ਰਸ਼ਨਾਂ ਦੇ ਉਤਰ ਇਤਿਹਾਸਕ ਪ੍ਰਸੰਗ ਵਿਚ ਹੀ ਮਿਲ ਸਕਦੇ ਹਨ। ਇਸ ਇਤਿਹਾਸ-ਮਾਡਲ ਰਾਹੀਂ ਵੇਖਿਆ ਕੋਈ ਵੀ ਕਹਾਣੀਕਾਰ ਇਕ ਸਥਿਰ ਇਕਾਈ ਨਾ ਰਹਿ ਕੇ ਇਕ ਗਤੀਸ਼ੀਲ ਵਰਤਾਰਾ ਹੋ ਨਿਬੜੇਗਾ। ਇਹੀ ਗੱਲ ਪੰਜਾਬੀ ਕਹਾਣੀ ਦੀ ਪਰਿਭਾਸ਼ਾ, ਨਿਕਾਸ, ਵਿਕਾਸ ਦੇ ਪ੍ਰਸੰਗ ਵਿਚ ਵੀ ਪ੍ਰਤੱਖ ਹੋ ਜਾਵੇਗੀ। ਮਿਸਾਲ ਵਜੋਂ ਲੱਗਭਗ 1940 ਤੋਂ ਲੈ ਕੇ ਇੱਕੀਵੀਂ ਸਦੀ ਦੇ ਆਰੰਭ ਤੱਕ ਰਚਨਾ ਕਰ ਰਿਹਾ ਕਰਤਾਰ ਸਿੰਘ ਦੁੱਗਲ ਕੋਈ ਸਥਿਰ ਇਕਾਈ ਨਹੀਂ, ਇਕ ਪਰਿਵਰਤਨਸ਼ੀਲ ਵਰਤਾਰਾ ਹੈ। ਇਸ ਲਈ ਉਸ ਦੀ ਰਚਨਾਤਮਕ-ਵਿਧੀ ਸਬੰਧੀ ਜਿਹੜੇ ਵਿਸ਼ੇਸ਼ਣ ਪੰਜਵੇਂ ਦਹਾਕੇ ਵਿਚ ਲਾਏ ਜਾਂਦੇ ਸਨ ਉਹ ਹੁਣ ਉਵੇਂ ਜਿਵੇਂ ਹੀ ਨਹੀਂ ਵਰਤੇ ਜਾ ਸਕਦੇ।

ਪੰਜਾਬੀ ਕਹਾਣੀਕਾਰਾਂ, ਕਹਾਣੀ-ਝੁਕਾਵਾਂ ਅਤੇ ਇਤਿਹਾਸਕ ਪ੍ਰਸਥਿਤੀਆਂ ਨਾਲ ਉਨ੍ਹਾਂ ਦੇ ਸਬੰਧਾਂ ਦੀ ਡੂੰਘੀ ਪਛਾਣ ਲਈ ਵਿਸ਼ਵ/ਭਾਰਤ/ਪੰਜਾਬ ਦਾ ਇਤਿਹਾਸ, ਕਹਾਣੀ-ਸਮੀਖਿਆ ਦੇ ਵਿਭਿੰਨ ਸ੍ਰੋਤ, ਕਹਾਣੀਆਂ ਦੀਆਂ ਜੀਵਨੀਆਂ, ਸਵੈਜੀਵਨੀਆਂ ਅਤੇ ਕਹਾਣੀ-ਸ਼ਾਸਤਰ ਦੇ ਆਧੁਨਿਕ ਬਿਰਤਾਂਤ-ਸ਼ਾਸਤਰੀ ਮਾਪਦੰਡ ਅੰਤਰ-ਸਬੰਧਿਤ ਰੂਪ ਵਿਚ ਵਰਤੋਂ ਵਿਚ ਲਿਆਂਦੇ ਜਾ ਸਕਦੇ ਹਨ। ਅੰਤਰਰਾਸ਼ਟਰੀ ਸੰਦਰਭ ਵਿਚ ਕਾਰਜਸ਼ੀਲ ਆਧੁਨਿਕ ਪੰਜਾਬੀ ਕਹਾਣੀ ਦਾ ਪ੍ਰਮਾਣਿਕ ਲਿਖਣਾ ਭਾਵੇਂ ਮੁਸ਼ਕਲ ਹੈ ਕਿਉਂਕਿ ਸ੍ਰੋਤ-ਸਮੱਗਰੀ ਦੀ ਬਹੁਤ ਘਾਟ ਹੈ, ਪਰ ਇਹ ਕਾਰਜ ਅਸੰਭਵ ਨਹੀਂ। ਭਾਵੇਂ ਇਹ ਸੱਪਸ਼ਟ ਹੈ ਕਿ ਇਹ ਕਾਰਜ ਇਕੱਲੇ-ਦੁਕੱਲੇ ਵਿਅਕਤੀ ਦੇ ਵੱਸ ਦਾ ਨਹੀਂ ਬਲਕਿ ਸੰਸਥਾ ਦੇ ਪੱਧਰ ਉਤੇ ਕੀਤਾ ਜਾਣ ਵਾਲਾ ਹੈ।

ਪੰਜਾਬੀ ਵਿਚ ਭਾਸ਼ਾ ਵਿਭਾਗ ਪੰਜਾਬ ਦੇ ਸਾਹਿਤ-ਇਤਿਹਾਸ ਤੋਂ ਬਿਨਾਂ ਆਧੁਨਿਕ ਪੰਜਾਬੀ ਸਾਹਿਤ ਬਾਰੇ ਲਿਖੇ ਗਏ ਸਾਰੇ ਇਤਿਹਾਸ ਵਿਅਕਤੀਗਤ ਯਤਨਾਂ ਦਾ ਪ੍ਰਤੀਫਲ ਹੀ ਹਨ। ਹਜ਼ਾਰਾਂ ਦੀ ਗਿਣਤੀ ਵਿਚ ਕਾਰਜਸ਼ੀਲ ਲੇਖਕਾਂ ਦੀਆਂ ਲੱਖਾਂ ਰਚਨਾਵਾਂ ਨੂੰ ਪੜ੍ਹ ਕੇ ਮੁਲੰਕਣ ਕਰਨਾ ਇਕੱਲੇ ਵਿਅਕਤੀ ਦੀ ਸੀਮਾਂ ਤੋਂ ਬਾਹਰ ਹੁੰਦਾ ਹੈ। ਪੰਜਾਬੀ ਕਹਾਣੀ ਦੇ ਇਤਿਹਾਸ ਨਾਲ ਵੀ ਅਜਿਹਾ ਹੀ ਵਾਪਰਿਆ ਹੈ। ਹੁਣ ਜਦੋਂ ਕਿ ਕੰਪਿਊਟਰ ਯੁਗ ਨੇ ਬਹੁਤ ਸਾਰੇ ਖੇਚਲ ਭਲੇ ਕੰਮਾਂ ਵਿਚ ਸੁਖੈਨਤਾ ਪੈਦਾ ਕਰ ਦਿੱਤੀ ਹੈ ਅਤੇ ਪੰਜਾਬੀ ਸਾਹਿਤ ਦੇ ਵਿਕਾਸ ਨਾਲ ਸਬੰਧਿਤ ਵੱਡੇ ਵਿਤ ਵਾਲੀਆਂ ਸੰਸਥਾਵਾਂ ਹੋਂਦ ਵਿਚ ਆ ਚੁੱਕੀਆਂ ਹਨ ਤਾਂ ਪੰਜਾਬੀ ਕਹਾਣੀ ਦਾ ਪ੍ਰਮਾਣਿਕ ਇਤਿਹਾਸ ਲਿਖੇ ਜਾਣ ਦਾ ਵਡੇਰਾ ਕਾਰਜ ਸਮੂਹਿਕ ਰੂਪ 'ਚ ਵਿੱਢਿਆ ਜਾ ਸਕਦਾ ਹੈ।

✡✡✡





## ਆ, ਵੀਰ ਦੱਸ/*ਜਾਰਜ ਰੇਬੋਲੇ*

1.

ਆ ਵੀਰ, ਆਪਣੇ ਜੀਵਨ ਬਾਰੇ ਦੱਸ।
ਆ ਤੇ ਮੈਨੂੰ ਬਗਾਵਤ ਦੇ ਨਿਸ਼ਾਨ ਵਿਖਾ
ਜਿਹੜੇ ਦੁਸ਼ਮਣ ਨੇ ਤੇਰੇ ਜਿਸਮ ਤੇ ਲਗਾਏ ਨੇ।

ਆ, ਮੈਨੂੰ ਦੱਸ,
'ਆਹ ਮੇਰੇ ਹੱਥ ਨੇ ਜੋ ਫੇਹ ਦਿੱਤੇ ਗਏ ਨੇ
ਕਿਉਂਕਿ ਉਹ ਆਪਣੀ ਧਰਤੀ ਦੀ ਰਾਖੀ ਕਰਦੇ ਸਨ।'

'ਆਹ, ਮੇਰੇ ਜਿਸਮ ਨੂੰ ਤਸੀਹੇ ਦਿੱਤੇ ਨੇ
ਕਿਉਂਕਿ ਇਸਨੇ ਹਮਲਾਵਰਾਂ ਅੱਗੇ
ਝੁਕਣੋ ਨਾਂਹ ਕਰ ਦਿੱਤੀ ਸੀ।'

'ਆਹ, ਮੇਰਾ ਮੂੰਹ ਜ਼ਖ਼ਮੀਂ ਕੀਤਾ ਗਿਆ ਸੀ
ਕਿਉਂਕਿ ਇਸ ਨੇ ਲੋਕਾਂ ਦੀ ਮੁਕਤੀ ਦਾ ਗੀਤ
ਗਾਉਣ ਦੀ ਜੁਰਅਤ ਕੀਤੀ ਸੀ।'

ਆ, ਮੇਰੇ ਭਰਾ ਤੇ ਆਪਣੀ ਜ਼ਿੰਦਗੀ ਦੱਸ
ਆ ਤੇ ਉਹਨਾਂ ਬਾਗ਼ੀ ਸੁਪਨਿਆਂ ਦੀ ਗਾਥਾ ਦੱਸ
ਜਿਹੜੇ ਤੁਹਾਡੇ ਪਿਓਆਂ
ਤੇ ਵੱਡ-ਵਡੇਰਿਆਂ ਨੇ
ਚੁੱਪ-ਚਾਪ
ਪਿਆਰ ਲਈ ਮਿਲੀਆਂ ਚਾਨਣੀਆਂ ਰਾਤਾਂ
ਨੂੰ ਲਏ ਸੀ।

ਆ, ਤੇ ਦੱਸ ਕਿ ਕਿਵੇਂ ਸੁਪਨੇ ਯੁੱਧ ਬਣ ਗਏ
ਕਿਵੇਂ ਯੋਧਿਆਂ ਦਾ ਜਨਮ ਹੋਇਆ।
ਕਿਵੇਂ ਖੁੱਸੀ ਧਰਤੀ ਵਾਪਸ ਲਈ
ਕਿਵੇਂ ਮਾਵਾਂ ਨਿਰਭੈ ਬਣੀਆਂ
ਤੇ ਆਪਣੇ ਪੁੱਤਰਾਂ ਨੂੰ ਲੜਨ ਲਈ ਭੇਜਿਆ

ਆ, ਵੀਰ ਤੇ ਆ ਕੇ ਸਾਰਾ ਕੁਝ ਮੈਨੂੰ ਸੁਣਾ।
ਫਿਰ ਮੈਂ, ਸਾਦਾ ਸ਼ਬਦ ਲੱਭਾਂਗਾ
ਜਿਹੜੇ ਬੱਚੇ ਵੀ ਸਮਝ ਸਕਣ
ਸ਼ਬਦ ਜਿਹੜੇ ਹਰ ਘਰ ਵਿਚ ਜਾ ਸਕਣ

ਹਵਾ ਵਾਂਗ
ਤੇ ਸਾਡੇ ਲੋਕਾਂ ਦੀਆਂ ਆਤਮਾਵਾਂ ਵਿਚ
ਲਾਲ-ਸੂਹੇ ਮਘਦੇ ਕੋਲਿਆਂ ਵਾਂਗ ਡਿੱਗ ਸਕਣ

ਸਾਡੀ ਧਰਤੀ ਤੇ
ਗੋਲੀਆਂ ਨੂੰ ਫੁੱਲ ਲੱਗਣੇ ਸ਼ੁਰੂ ਹੋ ਗਏ ਹਨ।

2.

## ਜੁਝਾਰੂ ਲਈ ਕਵਿਤਾ

ਮਾਂ!
ਮੇਰੇ ਕੋਲ੍ਹ ਲੋਹੇ ਦੀ ਰਫਲ ਹੈ
ਤੇਰਾ ਪੁੱਤਰ
ਜਿਹਨੂੰ ਤੂੰ ਇਕ ਦਿਨ ਕੜੀ ਲੱਗੀ ਵੇਖੀ ਸੀ
ਜਦੋਂ ਤੂੰ ਚੀਕੀ ਸੀ
ਜਿਵੇਂ ਕਿਤੇ ਕੜੀਆਂ ਨੇ
ਤੇਰੇ ਹੱਥਾਂ ਤੇ ਪੈਰਾਂ ਨੂੰ ਜੂੜ ਜਾਂ ਫੇਹ ਸੁੱਟਿਆ ਹੋਵੇ।

ਮਾਂ, ਤੇਰਾ ਪੁਤਰ ਹੁਣ ਆਜ਼ਾਦ ਹੈ
ਤੇਰੇ ਪੁੱਤਰ ਕੋਲ ਹੁਣ ਇਕ ਰਫਲ ਹੈ
ਮੇਰੀ ਰਫਲ
ਕੜੀਆਂ ਤੂੰ ਤੋੜੇਗੀ
ਜ਼ਾਲਮਾਂ ਨੂੰ ਮਾਰੇਗੀ
ਜੇਲ੍ਹਾਂ ਨੂੰ ਖੋਲ੍ਹੇਗੀ
ਤੇ ਆਪਣੀ ਜ਼ਮੀਨ ਵਾਪਸ ਲਵੇਗੀ

ਮਾਂ!
ਸੁੰਦਰਤਾ ਆਜ਼ਾਦੀ ਲਈ ਲੜਨ ਵਿਚ ਹੈ
ਮੇਰੀ ਹਰ ਗੋਲੀ ਵਿਚ ਇਨਸਾਫ ਗੂੰਜਦਾ ਹੈ
ਤੇ ਪੁਰਾਣੇ ਸੁਪਨੇ ਪੰਛੀਆਂ ਵਾਂਗ ਜਾਗਦੇ ਨੇ
ਮੋਰਚੇ ਤੇ ਲੜਦੇ ਹੋਏ
ਤੇਰਾ ਬਿੰਬ ਅੱਖਾਂ 'ਚ ਤਰਦਾ ਹੈ

ਮਾਂ!
ਮੈ ਤੇਰੇ ਲਈ ਲੜਦਾ ਹਾਂ
ਤੇਰੀਆਂ ਪਲਕਾਂ ਵਿਚਲੇ ਅੱਥਰੂਆਂ ਨੂੰ
ਸੁਕਾਉਣ ਲਈ।

*(ਹ.ਸ.ਹ.)*



<u>ਮੁਲਾਂਕਣ</u>

# ਇਕ ਸੰਘਰਸ਼ਸ਼ੀਲ ਵਿਅਕਤਿਤਵ ਦੀ ਗਾਥਾ-ਕਿਵੇਂ ਗੁਜ਼ਾਰੀ ਜ਼ਿੰਦਗੀ

*—ਡਾ. ਸੁਖਵਿੰਦਰ ਸਿੰਘ ਰੰਧਾਵਾ*

ਆਮ ਤੌਰ ਤੇ ਸਵੈ ਜੀਵਨੀ ਨੂੰ ਮਨੁੱਖ ਦੇ ਵਿਅਕਤਿਤਵ ਨਿੱਜੀ ਅਨੁਭਵ ਨਾਲ ਸੰਬੰਧਿਤ ਕੀਤਾ ਜਾਂਦਾ ਹੈ। ਜਿਸ ਰਾਹੀਂ ਉਹ ਆਪਣੇ ਅੱਖੀਂ ਡਿੱਠੇ ਤੇ ਹੱਡੀਂ ਹੰਢਾਏ ਸੱਚ/ਅਨੁਭਵ ਨੂੰ ਪੇਸ਼ ਕਰਦਾ ਹੈ। ਵਿਅਕਤੀਪਰਕ ਨਿੱਜੀ ਅਨੁਭਵ ਨਾਲ ਸੰਬੰਧਿਤ ਹੋਣ ਕਾਰਨ ਉਸ ਦੀ ਵਿਅਕਤੀਗਤ ਸ਼ਖ਼ਸੀਅਤ ਰਚਨਾ ਦੇ ਕੇਂਦਰ ਵਿਚ ਆ ਜਾਂਦੀ ਹੈ, ਜਿਸ ਦੀ ਉਸਾਰੀ ਹਿੱਤ ਉਹ ਬੀਤੇ ਦੀਆਂ ਯਾਦਾ ਘਟਨਾਵਾਂ ਤੇ ਸਥਿਤੀਆਂ ਨੂੰ ਵਰਤਮਾਨ ਪ੍ਰਸੰਗ ਵਿਚ ਨਿਹਾਰਦਾ ਵਿਚਾਰਦਾ ਹੈ। ਇਸ ਦ੍ਰਿਸ਼ਟੀ ਤੋਂ ਸਵੈ ਜੀਵਨੀ-ਰਚਨਾ ਇਕ ਬਹੁਤ ਔਖਾ ਤੇ ਸਹਿਜ ਕਾਰਜ ਪ੍ਰਤੀਤ ਹੁੰਦਾ ਹੈ। ਕਿਉਂਕਿ ਲੇਖਕ ਨੇ ਆਪਣੇ ਨਿੱਜੀ ਅਨੁਭਵਾਂ, ਤਜਰਬਿਆਂ ਤੇ ਭਾਵਾਂ ਨੂੰ ਹੀ ਇਕ ਬਿਰਤਾਂਤਕ ਪ੍ਰਬੰਧ ਵਿਚ ਬੰਨ੍ਹਣਾ ਹੁੰਦਾ ਹੈ। ਪਰ ਵਾਸਤਵ ਵਿਚ ਅਸਲੀਅਤ ਇਸ ਤੋਂ ਉਲਟ ਹੈ। ਇਕ ਸਿਰਜਣਾਤਮਕ ਲੇਖਕ ਲਈ ਸਵੈ ਜੀਵਨੀ ਦੀ ਰਚਨਾ ਹੋਰ ਵੀ ਕਠਿਨ ਕਾਰਜ ਹੈ। ਕਿਉਂਕਿ ਇਕ ਪਾਸੇ ਤਾਂ ਪਾਠਕ ਨੇ ਉਸ ਦੀਆਂ ਕਿਰਤਾਂ ਵਿਚਲੇ ਸੱਚ ਦੀ ਪ੍ਰਤਿਬੱਧਤਾ ਨੂੰ ਉਸ ਦੇ ਨਿਤ ਜੀਵਨ ਦੇ ਕਰਮਾਂ-ਪ੍ਰਤਿਕਰਮਾਂ ਤੇ ਵਿਅਕਤੀਤਵ ਨਾਲ ਨਾਪਣਾ-ਤੋਲਣਾ ਹੁੰਦਾ ਹੈ ਅਤੇ ਦੂਸਰੇ ਪਾਸੇ, ਉਸ ਤੋਂ ਅਜਿਹੇ ਨੰਗੇ ਸੱਚ ਦੀ ਤਵੱਕੋ ਵੀ ਕੀਤੀ ਜਾਂਦੀ ਹੈ ਜੋ ਖੁੱਲ੍ਹੀਆਂ ਕਾਲਪਨਿਕ ਉਡਾਰੀਆਂ ਤੇ ਫੋਕੇ ਆਦਰਸ਼ਵਾਦ ਦੇ ਮੁਲੰਮੇ ਤੋਂ ਪੂਰੀ ਤਰ੍ਹਾਂ ਮੁਕਤ ਹੋਵੇ। ਪਾਠਕ ਦੀ ਦਿਲਚਸਪੀ ਲੇਖਕ ਕੇ ਨਿੱਜੀ ਵਿਅਕਤੀਤਵ ਤੋਂ ਇਲਾਵਾ ਉਸ ਦੀ ਸਿਰਜਣ ਪ੍ਰਕਿਰਿਆ ਦੇ ਚੇਤਨ-ਅਵਚੇਤਨੀ ਧਰਾਤਲਾਂ ਤੇ ਸ੍ਰੋਤਾਂ ਬਾਰੇ ਗਿਆਨ ਪ੍ਰਾਪਤ ਕਰਨ ਦੀ ਵੀ ਹੁੰਦੀ ਹੈ। ਇਸ ਹਿਸਾਬ ਨਾਲ ਸਵੈ ਜੀਵਨੀ ਇਕ ਅਜਿਹਾ ਸ਼ਹਾਦਤੀ ਬਿਆਨ (Testimonial Statement) ਹੈ ਜੋ ਲੇਖਕ ਆਪਣੇ ਵਿਅਕਤਿਤਵ ਤੇ ਰਚਨਾ ਬਾਰੇ ਲੋਕ-ਕਟਿਹਰੇ ਵਿਚ ਦਿੰਦਾ ਹੈ। ਸਾਹਿਤਕ, ਸਮਾਜਿਕ, ਇਤਿਹਾਸਕ ਤੇ ਰਾਜਨੀਤਕ ਦ੍ਰਿਸ਼ਟੀ ਤੋਂ ਇਸ ਬਿਆਨ ਦਾ ਮਹੱਤਵ ਬਹੁਤ ਬਣ ਜਾਂਦਾ ਹੈ, ਕਿਉਂਕਿ ਕਿਸੇ ਵੀ ਲੇਖਕ ਦੀ ਸ਼ਖਸੀਅਤ ਆਪਣੇ ਆਲੇ ਦੁਆਲੇ ਤੇ ਸਮਾਜ ਦੇ ਪ੍ਰਭਾਵ ਥੱਲੇ ਹੀ ਪ੍ਰਵਾਨ ਚੜ੍ਹਦੀ ਹੈ।

ਮਾਰਕਸਵਾਦੀ ਵਿਚਾਰਧਾਰਾ ਨਾਲ ਪ੍ਰਤਿਬੱਧ ਹਰਭਜਨ ਸਿੰਘ ਹੁੰਦਲ ਇਕ ਅਜਿਹਾ ਕਵੀ ਹੈ। ਜਿਸਨੇ ਕਵਿਤਾ ਤੇ ਜ਼ਿੰਦਗੀ ਦਾ ਇਕਮਿਕਤਾ ਵਾਲਾ ਸੰਬੰਧ ਸਥਾਪਿਤ ਕਰਦਿਆਂ ਹੋਇਆਂ ਨਿਰੰਤਰ ਸਮਾਜਿਕ ਪਰਿਵਰਤਨ ਤੇ ਲੋਕ ਹਿਤਾਂ ਲਈ ਸੰਘਰਸ਼ ਕੀਤਾ ਹੈ। **ਕਿਵੇਂ ਜ਼ਿੰਦਗੀ ਗੁਜ਼ਾਰੀ** (2000) ਉਸ ਦੀ ਇਸੇ ਵਰ੍ਹੇ ਛਪੀ ਸਵੈ ਜੀਵਨੀ ਹੈ, ਜਿਸ ਵਿਚ 1947 ਤੋਂ ਬਾਅਦ ਦੇ ਜੀਵਨ-ਵੇਰਵਿਆਂ ਨੂੰ ਬਿਰਤਾਂਤ ਬੱਧ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਉਸ ਦੀਆਂ ਛਪੀਆਂ ਤਿੰਨ ਪੁਸਤਕਾਂ ਘਸਮੈਲੇ ਚਿਹਰੇ (1992), **ਯਾਤਰੀ ਦੀ ਅੱਖ** (1996), ਅਤੇ **ਪਿਛਲਾ ਪਿੰਡ** (1997) ਵਿਚੋਂ ਵੀ ਉਸ ਦੇ ਜੀਵਨ ਦੇ ਮਹੱਤਵਪੂਰਨ ਵੇਰਵੇ ਪ੍ਰਾਪਤ ਹੁੰਦੇ ਹਨ। 'ਪਿਛਲਾ ਪਿੰਡ' ਨੂੰ ਤਾਂ ਉਹ ਆਪਣੀ ਸਵੈ ਜੀਵਨੀ ਦਾ ਪਹਿਲਾ ਭਾਗ ਹੀ ਮੰਨਦਾ ਹੈ। ਤਾਂ ਵੀ 'ਕਿਵੇਂ ਗੁਜ਼ਾਰੀ ਜ਼ਿੰਦਗੀ' ਨੂੰ ਹੁੰਦਲ ਦੀ ਸੰਪੂਰਣ ਸਵੈ ਜੀਵਨੀ ਦੇ ਰੂਪ ਵਿਚ ਲਿਆ ਜਾ ਸਕਦਾ ਹੈ। ਕਿਉਂਕਿ ਇਸ ਦਾ ਜੀਵਨ ਬਿਰਤਾਂਤ ਜਿਸ ਪੰਜਾਹ ਸਾਲ ਦੇ ਕਾਲਗਤ ਪਾਸਾਰੇ ਵਿਚ ਫੈਲਿਆ ਹੋਇਆ ਹੈ, ਇਹ ਸਮਾਂ ਉਸ ਦੀ ਨਿੱਜੀ ਜ਼ਿੰਦਗੀ, ਸ਼ਖਸੀਅਤ ਤੇ ਸਾਹਿਤਕਾਰੀ

ਦੇ ਵਿਕਾਸ ਦੀ ਦ੍ਰਿਸ਼ਟੀ ਤੋਂ ਹੀ ਨਹੀਂ ਸਗੋਂ ਪੰਜਾਬ ਦੇ ਸਮਾਜਿਕ, ਆਰਥਿਕ, ਰਾਜਨੀਤਕ ਤੇ ਸਾਹਿਤਕ ਇਤਿਹਾਸ ਦੀ ਦ੍ਰਿਸ਼ਟੀ ਤੋਂ ਵੀ ਬਹੁਤ ਮਹੱਤਵਪੂਰਨ ਹੈ। 1947 ਦੇ ਦੇਸ਼ ਵੰਡ ਦੇ ਦੁਖਾਂਤ ਤੋਂ ਬਾਅਦ ਪੰਜਾਬ ਨੂੰ ਨਿੱਤ ਨਵੀਆਂ ਸਮਾਜਿਕ-ਸਭਿਆਚਰਕ ਚੁਣੌਤੀਆਂ ਨਾਲ ਜੂਝਣਾ ਪੈਂਦਾ ਰਿਹਾ ਹੈ। ਹੁੰਦਲ ਇਨ੍ਹਾਂ ਚੁਣੌਤੀਆਂ ਨੂੰ ਆਪਣੀਆਂ ਸਿਰਜਣਾਤਮਕ ਚੁਣੌਤੀਆਂ ਦੇ ਰੂਪ ਵਿਚ ਨਿਹਾਰਦਾ ਹੋਇਆ ਇਕ ਅਜਿਹੀ ਟੈਕਸਟ ਦੀ ਸਿਰਜਣਾ ਕਰਦਾ ਹੈ। ਜਿਸ ਨੂੰ ਕੇਵਲ 'ਸਵੈ ਜੀਵਨੀ' ਤੱਕ ਵੀ ਨਹੀਂ ਸੀਮਤ ਕੀਤਾ ਜਾ ਸਕਦਾ। ਕਿਉਂਕਿ ਇਹ ਸਮਕਾਲੀਨ ਸਮੂਹਕ ਸਰੋਕਾਰਾਂ ਨੂੰ ਆਪਣੇ ਕਲੇਵਰ ਵਿਚ ਲੈਂਦੀ ਹੋਈ ਸਹਿਜੇ ਹੀ ਇਤਿਹਾਸ-ਖੇਤਰ ਵੱਲ ਤਿਲਕ ਜਾਂਦੀ ਹੈ। ਇਤਿਹਾਸ ਖੇਤਰ ਵਿਚ ਵਿਚਰਦੀ ਹੋਈ ਵੀ ਇਹ ਟੈਕਸਟ ਆਪਣਾ ਸਾਹਿਤਕ ਸੁਹਜ-ਸਵਾਦ ਤੇ ਆਕਰਸ਼ਣ ਬਣਾਈ ਰੱਖਦੀ ਹੈ। ਇਸ ਟੈਕਸਟ ਦੇ ਮੂਲ ਚਰਿਤਰ ਵਿਚ ਉਤਰਨ ਅਤੇ ਇਸ ਆਧਾਰ ਉਤੇ ਉਸਰਦੀ ਹੁੰਦਲ ਦੀ ਸ਼ਖਸੀਅਤ ਬਾਰੇ ਕੋਈ ਰਾਇ ਬਣਾਉਣ ਤੋਂ ਪਹਿਲਾਂ ਲੇਖਕ ਵਲੋਂ 'ਮੁੱਢਲੇ ਸ਼ਬਦ' ਦੇ ਰੂਪ ਵਿਚ ਅੰਕਿਤ ਇਨ੍ਹਾਂ ਸ਼ਬਦਾਂ ਨੂੰ ਦੇਖਣਾ ਉਚਿਤ ਹੈ—

"ਇਸ ਜੀਵਨੀ ਵਿਚ ਚਕਾਚੌਂਧ ਕਰਨ ਵਾਲੇ ਗੁਪਤ ਰੋਮਾਂਟਿਕ ਭੇਦਾਂ ਜਾਂ ਸਨਸਨੀਖੇਜ਼, ਚਟਪਟੇ ਇਕਬਾਲੀਆ ਬਿਆਨਾਂ ਦੀ ਥਾਂ ਇਹ ਦੱਸਣ ਦਾ ਯਤਨ ਕੀਤਾ ਗਿਆ ਹੈ ਕਿ ਕਿਵੇਂ ਯੁੱਗ-ਪਲਟਾਊ ਮਾਰਕਸਵਾਦੀ ਜੀਵਨ-ਫਲਸਫੇ ਤੋਂ ਪ੍ਰੇਰਿਤ ਹੋ ਕੇ ਸਾਧਾਰਨ ਮਨੁੱਖ ਆਪਣੇ ਅੰਦਰ ਲੁਕੀਆਂ ਹੋਈਆਂ ਸੰਭਾਵਨਾਵਾਂ ਨੂੰ ਉਜਾਗਰ ਕਰਕੇ ਜੀਵਨ ਦੇ ਘੋਲਾਂ ਵਿਚ ਕੁੱਦ ਕੇ ਸਮਾਜਿਕ ਪਰਿਵਰਤਨ ਲਈ ਕੰਮ ਕਰਦੇ ਹਨ। ਮੁਲਾਜ਼ਿਮਾਂ, ਲੇਖਕਾਂ ਤੇ ਨਾਗਰਿਕ ਹੱਕਾਂ ਲਈ ਲੜੇ ਸੰਘਰਸ਼ਾਂ ਨੇ ਮੇਰੀ ਸ਼ਖਸੀਅਤ, ਕਵਿਤਾ ਤੇ ਵਾਰਤਕ ਸ਼ੈਲੀ ਨੂੰ ਬੇਹੱਦ ਪ੍ਰਭਾਵਿਤ ਕੀਤਾ ਹੈ। ਇਹਨਾਂ ਅਨੁਭਵਾਂ ਦਾ ਵਰਨਣ ਇਸ ਸਵੈ ਜੀਵਨੀ ਦਾ ਮੂਲ ਅਧਾਰ ਹੈ।

ਅਤੇ ਫਿਰ 'ਅੰਤਰ-ਝਾਤ' ਦੇ ਰੂਪ ਵਿਚ ਆਪਣੇ ਉਕਤ ਬਿਆਨ ਨੂੰ ਇਕਵਾਰ ਫੇਰ ਪੁਸ਼ਟਿ ਹੋਇਆ ਲੇਖਕ ਆਖਦਾ ਹੈ—

"ਮੁਲਾਜ਼ਿਮ ਮੰਗਾਂ ਤੇ ਐਜੀਟੇਸ਼ਨ ਦੇ ਸਿਲਸਿਲੇ ਵਿਚ ਮੇਰੀ ਬਾਰ-ਬਾਰ ਗ੍ਰਿਫਤਾਰੀ, ਮੁਅੱਤਲੀ ਤੇ ਨਜ਼ਰਬੰਦੀ ਨੇ ਮੇਰੀ ਸ਼ਖਸੀਅਤ, ਕਵਿਤਾ ਤੇ ਜ਼ਿੰਦਗੀ ਨੂੰ ਬੇਹੱਦ ਪ੍ਰਭਾਵਿਤ ਤੇ ਵਿਕਸਿਤ ਕੀਤਾ ਹੈ... ਲਗਾਤਾਰ ਸੰਘਰਸ਼ਾਂ ਵਿਚ ਪੈ ਮੇਰੇ ਮੱਧ ਵਰਗੀ ਡਰ, ਤੌਖਲੇ ਤੇ ਝਿਜਕਾਂ ਖਤਮ ਹੋ ਗਈਆਂ, ਮੈਂ ਦਿਨੋਂ ਦਿਨ ਨਿਰਭੈ ਹੁੰਦਾ ਗਿਆ। ਜੇਲ੍ਹ ਮੇਰੀ ਯੂਨੀਵਰਸਿਟੀ ਬਣ ਗਈ...।(164)

ਇਨ੍ਹਾਂ ਬਿਆਨਾਂ ਤੋਂ ਸਪੱਸ਼ਟ ਹੈ ਕਿ 'ਸੰਘਰਸ਼' ਲੋਕ ਹਿਤਾਂ ਲਈ ਨਿਰੰਤਰ ਸੰਘਰਸ਼ ਇਸ ਰਚਨਾ ਦਾ ਕੇਂਦਰੀ ਸੂਤਰ ਹੈ। ਜਿਸ ਉਤੇ ਸਾਰੀ ਟੈਕਸਟ ਉਸਰਦੀ ਹੈ ਅਤੇ ਇਹ ਸੂਤਰ ਹੀ ਸਵੈ ਜੀਵਨੀ ਕਰਤਾ ਦੀ ਸ਼ਖਸੀਅਤ ਉਸਾਰੀ ਦਾ ਮੂਲ ਆਧਾਰ ਬਣਦਾ ਹੈ। ਅਗਾਂਹ ਇਹ ਸ਼ਖਸੀਅਤ ਹੀ ਉਸ ਦੀ ਸਿਰਜਣ-ਪ੍ਰਕਿਰਿਆ ਤੇ ਸਿਰਜਣ-ਸ੍ਰੋਤਾਂ ਦੀ ਪ੍ਰਕਿਰਤੀ ਤੇ ਸੁਭਾਅ ਨੂੰ ਨਿਰਧਾਰਿਤ ਕਰ ਦਿੰਦੀ ਹੈ। ਇਥੋਂ ਤੱਕ ਕਿ ਉਸ ਦੀ ਸਿਰਜਣ ਸ਼ੈਲੀ (ਕਾਵਿ ਜਾਂ ਵਾਰਤਕ ਸ਼ੈਲੀ) ਵੀ ਇਸ ਸੂਤਰ ਅਨੁਸਾਰ ਵਿਕਸਿਤ ਤੇ ਵਿਸਤ੍ਰਿਤ ਹੁੰਦੀ ਹੈ। ਲੇਖਕ ਦੀ ਸੰਘਰਸ਼ਸ਼ੀਲ ਸ਼ਖਸੀਅਤ (ਵਿਅਕਤੀਗਤ ਵੀ ਤੇ ਸਾਹਿਤਕ ਵੀ) ਦੀ ਉਸਾਰੀ ਵਿਚ ਉਂਝ ਤਾਂ ਅਨੇਕ ਸਾਮਿਅਕ ਸੁਥਿਤੀਆਂ, ਪ੍ਰਸਥਿਤੀਆਂ, ਘਟਨਾਵਾਂ ਤੇ ਵਰਤਾਰੇ ਆਪਣਾ ਯੋਗਦਾਨ ਪਾਉਂਦੇ ਹਨ। ਪ੍ਰੰਤੂ ਇਨ੍ਹਾਂ ਵਿਚੋਂ ਪ੍ਰਮੁੱਖ ਭੂਮਿਕਾ 1947 ਦੇ ਉਜਾੜੇ ਤੇ ਪੰਜਾਬ ਸੰਕਟ ਦੀ ਸਾਹਮਣੇ ਆਉਂਦੀ ਹੈ। ਵਿਅਕਤੀਗਤ ਸਿਰੜ, ਦ੍ਰਿੜਤਾ, ਸਵੈ ਵਿਸ਼ਵਾਸ ਤੇ ਜੂਝਣ ਦਾ ਪਾਠ ਲੇਖਕ ਨੇ ਬਹੁਤ ਛੋਟੀ ਉਮਰ ਵਿਚ ਪੜ੍ਹ ਲਿਆ ਸੀ ਜਦੋਂ ਪਾਕਿਸਤਾਨੋਂ ਵਿਸਥਾਪਿਤ ਹੋ ਕੇ ਪੰਜਾਬ ਆਏ।, ਉਨ੍ਹਾਂ ਦੇ



ਪ੍ਰੀਵਾਰ ਨੂੰ ਦਰ ਦਰ ਦੀਆਂ ਠੋਕਰਾਂ ਖਾਣੀਆਂ ਪਈਆਂ, ਡੰਗਰਾਂ ਨੂੰ ਪਾਉਣ ਲਈ ਪੱਠੇ ਨਾ ਹੋਣੇ। ਪੜ੍ਹਾਈ ਦੀਆਂ ਫੀਸਾ ਲਈ ਪੈਸੇ ਨਾ ਹੋਣੇ, ਦਸਵੀਂ ਦੀ ਵਿਦਾਇਗੀ ਪਾਰਟੀ ਦੀ ਫੋਟੋ ਵੀ ਨਾ ਖ੍ਰੀਦ ਸਕਦੀ ਆਦਿ ਪਹਿਲੇ ਤਿੰਨ ਲੇਖਾਂ ਵਿਚ ਫੈਲੇ ਵਸਤੂ-ਵੇਰਵੇ ਉਨ੍ਹਾਂ ਮੁਢਲੇ ਕਠੋਰ ਜੀਵਨ-ਹਾਲਤਾਂ ਵੱਲ ਸੰਕੇਤ ਕਰਦੇ ਹਨ, ਜਿਨ੍ਹਾਂ ਵਿਚ ਦੀ ਲੰਘ ਕੇ ਲੇਖਕ ਦੀ ਸ਼ਖਸੀਅਤ ਇਕ ਅਜੀਬ ਕੁਠਾਲੀ ਵਿਚ ਢਲਣੀ ਸ਼ੁਰੂ ਹੋ ਗਈ ਸੀ। ਅਗਾਂਹ ਰਣਧੀਰ ਕਾਲਜ ਕਪੂਰਥਲਾ ਵਿਚ ਪੜ੍ਹਦਿਆਂ ਦੋਸਤ ਜੋਗਿੰਦਰ ਸ਼ਮਸ਼ੇਰ ਦੇ ਸੰਪਰਕ ਵਿਚ ਆਣ ਤੇ ਉਸ ਨੂੰ ਉਸ 'ਰੌਸ਼ਨੀ ਵੱਲ ਜਾਂਦੀ ਪਗਡੰਡੀ ਦੀ ਦੱਸ' ਪੈ ਗਈ ਸੀ, ਜਿਸ ਨੂੰ ਉਹ 'ਮਾਰਕਸਵਾਦੀ ਸੰਸਾਰ ਦ੍ਰਿਸ਼ਟੀਕੋਣ ਦੀ ਅਨੋਖੀ ਦਾਤ' (25) ਵੀ ਆਖਦਾ ਹੈ। ਇਸ ਤਰ੍ਹਾਂ ਉਹ ਅਜਿਹੇ ਸ਼ਖਸੀ ਤੇ ਸਾਹਿਤਕ ਸਫਰ ਦਾ ਪਾਂਧੀ ਬਣ ਜਾਂਦਾ ਹੈ, ਜਿਸ ਦੀ ਦਿਸ਼ਾ ਨੂੰ ਪੰਜਾਬ ਸੰਕਟ ਦੌਰਾਨ ਵਗੀਆਂ ਫਿਰਕੂ ਖੂਨੀ ਹਨੇਰੀਆਂ ਵੀ ਨਾ ਬਦਲ ਸਕੀਆਂ, ਨਿੱਜੀ ਹਿਤਾਂ, ਤੰਗੀਆਂ-ਤੁਰਛੀਆਂ ਤੇ ਲੋਭ-ਲਾਲਚਾਂ ਨੇ ਤਾਂ ਕੀ ਬਦਲਣਾ ਸੀ। ਉਸ ਦੀ ਵਿਚਾਰਧਾਰਕ ਪ੍ਰਤਿਬੱਧਤਾ 'ਜੀਵਨ ਰਗੜਿਆਂ' ਦੀ ਕੁਠਾਲੀ ਵਿਚ ਪੈ ਕੇ ਇਸ ਤਰ੍ਹਾਂ ਕੁੰਦਨ ਬਣ ਗਈ ਕਿ ਸਾਰੀ ਜ਼ਿੰਦਗੀ ਉਹ ਉਸ ਗੱਲ ਉਸ 'ਕਦਰ-ਕੀਮਤ ਜਾਂ ਵਰਤਾਰੇ ਨਾਲ ਸਮਝੌਤਾ ਨਾ ਕਰ ਸਕਿਆ ਜਿਸ ਨੂੰ ਉਹ ਲੋਕ ਵਿਰੋਧੀ ਜਾਂ ਦੂਸਰੇ ਸ਼ਬਦਾਂ ਵਿਚ ਗੈਰ ਮਾਰਕਸਵਾਦੀ ਸਮਝਦਾ ਹੋਵੇ। ਉਸ ਦੀ ਇਹ ਪ੍ਰਤਿਬੱਧਤਾ ਹੀ ਸਮਾਜ ਮੁੱਖਤਾ ਦੇ ਵਿਸ਼ਾਲ ਚੌਖਟੇ ਵਿਚ ਫੈਲ ਕੇ ਉਸ ਦੀਆਂ ਕਿਰਤਾਂ ਦਾ ਸੱਚ ਬਣ ਜਾਂਦੀ ਹੈ। ਇਉਂ ਉਸ ਦਾ ਨਿੱਜੀ ਵਿਅਕਤੀਤਵ ਅਤੇ ਕਿਰਤਾਂ ਵਿਚਲਾ ਸੱਚ ਅੰਤਰ-ਸੰਵਾਦੀ ਸੰਬੰਧਾਂ ਵਿਚ ਬੱਝੇ ਹੋਏ ਪ੍ਰਤੀਤ ਹੁੰਦੇ ਹਨ।

ਸਵੈ ਜੀਵਨੀ ਨੂੰ 'ਸਵੈ ਦਾ ਪ੍ਰਕਾਸ਼' ਵੀ ਕਿਹਾ ਜਾਂਦਾ ਹੈ ਜਿਸ ਕਾਰਨ ਬਹੁਤ ਵਾਰ ਲੇਖਕ ਆਪਣੀ ਨਿਜੀ ਸ਼ਖਸੀਅਤ ਦੀ ਉਸਾਰੀ ਵਿਚ ਏਨਾ ਅੰਤਰਮੁੱਖ ਤੇ ਸੀਮਤ ਹੋ ਜਾਂਦਾ ਹੈ ਕਿ ਉਸ ਦੀ ਸਾਰੀ ਸਿਰਜਣਾਤਮਕ ਸ਼ਕਤੀ ਸਵੈ ਨੂੰ ਹੀ ਉਚਿਆਉਣ, ਵਡਿਆਉਣ ਤੇ ਆਦਰਸ਼ਿਆਉਣ ਲਈ ਵਕਫ ਹੋ ਜਾਂਦੀ ਹੈ। ਹੁੰਦਲ ਇਸ ਬਿਰਤੀ ਤੋਂ ਪੂਰੀ ਤਰ੍ਹਾਂ ਤਾਂ ਨਹੀਂ ਪਰ ਕਾਫੀ ਸੰਭਵ ਹੱਦ ਤੱਕ ਮੁਕਤ ਹੈ। ਇੰਜ ਲੱਗਦਾ ਹੈ ਜਿਵੇਂ ਉਹ ਬਹੁਤ ਸਹਿਜ ਪ੍ਰਕਿਰਿਆ ਵਿਚ ਪਿਆ, ਆਪਣੇ ਆਪੇ ਨੂੰ ਪਛਾਨਣ ਦੇ ਕਾਰਜ ਵਿਚ ਲੀਨ ਹੋਵੇ ਤਾਂ ਕਿ ਆਪਣੀਆਂ ਘਾਟਾਂ-ਕਮਜ਼ੋਰੀਆਂ, ਊਣਤਾਈਆਂ, ਕਾਮਯਾਬੀਆਂ, ਪ੍ਰਾਪਤੀਆਂ ਅਪ੍ਰਾਪਤੀਆਂ ਤੇ ਸ਼ਕਤੀਆਂ ਨੂੰ ਸੰਤੁਲਿਤ ਰੂਪ ਵਿਚ ਗ੍ਰਹਿਣ ਕੀਤਾ ਜਾ ਸਕੇ। ਇਸ ਵਿਚ ਸੰਦੇਹ ਨਹੀਂ ਕਿ ਕਿਸੇ ਵੀ ਸਵੈ ਜੀਵਨੀ ਵਿਚ ਲੇਖਕ ਦਾ ਆਪਾ ਹੀ ਇਕ ਮੁਕੰਮਲ ਵਿਸ਼ੇ ਦੇ ਤੌਰ ਤੇ ਸਥਾਪਿਤ ਹੁੰਦਾ ਹੈ ਪਰ ਚੰਗਾ ਲੇਖਕ ਇਸ ਆਪੇ ਨਾਲੋਂ ਵੀ ਇਕ ਸਿਰਜਣਾਤਮਕ ਵਿੱਥ ਸਿਰਜ ਲੈਂਦਾ ਹੈ। ਇਹ ਇਕ ਬਹੁਤ ਹੀ ਕਠਿਨ ਕਾਰਜ ਹੈ ਕਿਉਂਕਿ ਸਮਾਜਿਕ, ਰਾਜਨੀਤਕ ਜਾਂ ਸਾਹਿਤਕ ਖੇਤਰ ਵਿਚ ਨਾਮਣਾ ਖੱਟ ਚੁਕੇ ਕਿਸੇ ਵੀ ਵਿਅਕਤੀ ਉਤੇ ਨਾਇਕਤਵ ਦੀ ਭਾਵਨਾ ਸੁਭਾਵਿਕ ਹੀ ਭਾਰੂ ਹੋ ਜਾਂਦੀ ਹੈ। ਉਹ ਆਪਣੀ ਸ਼ਖਸੀਅਤ ਨੂੰ ਲੋੜੋਂ ਵੱਧ ਆਦਰਸ਼ੀਕ੍ਰਿਤ ਕਰਨਾ ਸ਼ੁਰੂ ਕਰ ਦਿੰਦਾ ਹੈ। ਇਹ ਕਹਿਣ ਵਿਚ ਕੋਈ ਸੰਕੋਚ ਨਹੀਂ ਕਿ ਸਵੈ ਜੀਵਨੀ ਦੇ ਕੁਝ ਸੀਮਤ ਭਾਗ ਵਿਚ ਹੁੰਦਲ ਉਤੇ ਵੀ ਅਜਿਹੀ ਭਾਵਨਾ ਭਾਰੂ ਹੋ ਗਈ ਜਾਪਦੀ ਹੈ। ਇਸ ਸੀਮਾ ਦੇ ਬਾਵਜੂਦ, ਵਾਹ ਲੱਗਦੀ ਨੂੰ ਉਸ ਦੀ ਇਹੀ ਕੋਸ਼ਿਸ਼ ਹੈ ਕਿ ਉਸ ਦੇ ਨਿੱਜੀ ਜੀਵਨ, ਪਰਿਵਾਰ ਜਾਂ ਦੋਸਤੀ ਦੇ ਦਾਇਰਿਆਂ ਵਿਚੋਂ ਉਹ ਵਿਅਕਤੀ ਤੇ ਵੇਰਵੇ ਹੀ ਰਚਨਾ ਵਿਚ ਸਥਾਨ ਪ੍ਰਾਪਤ ਕਰਨ ਜਿਨ੍ਹਾਂ ਤੋਂ ਉਸਦੀ ਸ਼ਖਸੀਅਤ ਕਿਸੇ ਨਾ ਕਿਸੇ ਰੂਪ ਵਿਚ ਪ੍ਰਭਾਵਿਤ ਹੋਈ ਹੋਵੇ। ਉਹ ਸੰਪਰਕ ਵਿਚ ਆਏ ਲੋਕਾਂ ਦੇ ਛੋਟੇ-ਵੱਡੇ ਸ਼ਬਦ ਚਿਤਰ ਚਿਤਰਦਾ ਹੋਇਆ ਉਨ੍ਹਾਂ ਦੇ ਮਾਧਿਅਮ ਰਾਹੀਂ ਆਪਣੇ ਵਿਅਕਤੀਤਵ ਦੇ ਕਈ ਲੁਕਵੇਂ ਪੱਖਾਂ ਨੂੰ ਉਭਾਰਦਾ ਹੈ। ਇਹ ਸ਼ਬਦ-ਚਿੱਤਰ ਲੇਖਕ ਦੀ ਸ਼ਖਸੀਅਤ ਦੇ ਮੂਲ ਸੁਭਾਅ ਨੂੰ ਸਮਝਣ ਤੇ ਪਛਾਨਣ ਵਿਚ ਪਾਠਕ ਦੀ ਵਿਸ਼ੇਸ਼ ਸਹਾਇਤਾ ਕਰਦੇ ਹਨ।

ਉਹ ਆਪਣੇ ਨਾਲ ਅਸਹਿਮਤੀ ਰੱਖਣ ਵਾਲੇ ਲੋਕਾਂ ਦੇ ਬਿਆਨ ਵੇਲੇ ਵੀ ਬੇਫਿਕਰ, ਨਿੰਦਣੀ ਤੇ ਪੱਖਪਾਤੀ ਵਤੀਰਾ ਨਹੀਂ ਧਾਰਨ ਕਰਦਾ। ਸਗੋਂ ਉਹ ਉਸ ਸਮਾਜਿਕ ਚੌਗਿਰਦੇ ਤੇ ਮਾਹੌਲ ਨੂੰ ਉਭਾਰਦਾ ਹੈ ਜਿਸ ਵਿਚ ਅਜਿਹੇ ਲੋਕਾਂ ਦੀ ਅਜਿਹੀ ਸ਼ਖਸੀਅਤ ਉਸਰੀ ਹੋਵੇ। ਸੱਚ ਤਾਂ ਇਹ ਹੈ ਕਿ ਉਸਦਾ ਫੋਕਸ ਵਿਅਕਤੀ ਉਤੇ ਨਹੀਂ ਸਮਾਜ ਉਤੇ ਹੈ। ਜਿਸ ਕਾਰਣ ਇਸ ਸਵੈ ਜੀਵਨੀ ਵਿਚ ਸਮੁੱਚਾ ਸਮਾਜਿਕ ਪ੍ਰਬੰਧ ਹੀ ਕਟਿਹਰੇ ਵਿਚ ਖਲੋਤਾ ਪ੍ਰਤੀਤ ਹੁੰਦਾ ਹੈ। ਉਹ ਪੁਲਿਸ, ਸਿਖਿਆ, ਜੇਲ੍ਹ, ਰਾਜਨੀਤੀ, ਧਰਮ, ਨਿਆਂ ਤੇ ਫੌਜ-ਪ੍ਰਬੰਧ ਅੰਦਰਲੇ ਗਲਤ ਤੇ ਭ੍ਰਿਸ਼ਟਾਚਾਰੀ ਵਰਤਾਰਿਆਂ ਨੂੰ ਨਿਰਸੰਕੋਚ ਉਭਾਰਦਾ ਹੈ। ਉਸ ਲਈ ਜੰਗ ਵੀ ਇਕ ਅਤਿ ਨਿੰਦਣਯੋਗ ਵਰਤਾਰਾ ਹੈ। ਉਹ ਇਨ੍ਹਾਂ ਵਰਤਾਰਿਆਂ ਪ੍ਰਤੀ ਭੇਡ ਚਾਲੀ, ਚਲੰਤ ਤੇ ਸਤਹੀ ਸੋਚ ਅਪਣਾਉਣ ਦੀ ਥਾਂ ਇਨ੍ਹਾਂ ਦੇ ਚਰਿੱਤਰਗਤ ਖਾਸੇ ਨੂੰ ਸਮਝਦਾ ਹੈ। ਜਦੋਂ ਤੱਕ ਇਨ੍ਹਾਂ ਵਰਤਾਰਿਆਂ ਪ੍ਰਤੀ ਉਸ ਦੀ ਸੋਚ ਤੇ ਸਮਝ ਸਪੱਸ਼ਟ ਨਹੀਂ ਹੋ ਜਾਂਦੀ, ਤਦ ਤੱਕ ਉਹ ਇਨ੍ਹਾਂ ਪ੍ਰਤੀ ਕੋਈ ਸਿਰਜਣਾਤਮਕ ਪ੍ਰਤੀਕਿਰਿਆ ਨਹੀਂ ਪ੍ਰਗਟ ਕਰਦਾ। ਇਹੀ ਵਜ੍ਹਾ ਹੈ ਕਿ 1962 ਦੀ ਹਿੰਦ-ਚੀਨ ਲੜਾਈ, 1965 ਦੀ ਹਿੰਦ-ਪਾਕਿ ਜੰਗ, ਐਮਰਜੈਂਸੀ ਦੇ ਕਾਲੇ ਦੌਰ, ਨਕਸਲਵਾੜੀ ਲਹਿਰ ਜਾਂ ਗੌਰਮਿੰਟ ਟੀਚਰਜ਼ ਐਜੀਟੇਸ਼ਨ ਦੌਰਾਨ ਉਹ ਵਾਰ-ਵਾਰ ਅਜਿਹੀਆਂ ਸਿਰਜਣਾਤਮਕ ਚੁਣੌਤੀਆਂ ਦੇ ਰੂ-ਬ-ਰੂ ਹੁੰਦਾ ਹੈ। ਉਸ ਲਈ ਭਾਰਤੀ ਜਾਂ ਪਾਕਿਸਤਾਨੀ ਫੌਜੀਆਂ ਵਲੋਂ ਜੰਗ ਦੌਰਾਨ ਲੁੱਟ ਦਾ ਮਾਲ ਆਪਣੇ ਘਰੀਂ ਢੋਣਾ ਇਕੋ ਜਿਹਾ ਨਿੰਦਾ ਯੋਗ ਕਰਮ ਹੈ। 1965 ਦੀ ਲੜਾਈ ਵੇਲੇ ਭਾਰਤੀ ਫੌਜ ਵਲੋਂ ਲਾਹੌਰ ਵੱਲ ਹੱਲਾ ਬੋਲਣ ਸਮੇਂ ਹਲਵਾਈਆਂ ਦੇ 'ਲੱਡੂ ਵੰਡਣੇ' ਤਾਂ ਲੇਖਕ ਲਈ ਹੋਰ ਵੀ ਪੀੜਾਦਾਇਕ ਗੱਲ ਹੈ—

"ਕਾਹਦੇ ਸਨ ਇਹ ਲੱਡੂ ? ਕਿਹੜੀ ਖੁਸ਼ੀ ਸੀ ਲੜਾਈ ਲੱਗਣ ਦੀ।" (56)

"...ਇਹ ਜੰਗ ਦੋ ਗਵਾਂਢੀ ਦੇਸ਼ਾਂ ਵਿਚਕਾਰ ਸੀ। ਅੱਡ ਹੋਏ ਦੋ ਭਰਾਵਾਂ ਵਿਚ ਜੰਗ। ਮੈਨੂੰ ਕੋਈ ਖੁਸ਼ੀ ਨਹੀਂ ਸੀ। ਟੁੱਟੇ ਦਿਲ ਨਾਲ ਪੈਰ ਧੂੰਹਦਾ ਘਰ ਆ ਗਿਆ।" (56)

ਅਜਿਹੀਆਂ ਗੱਲਾਂ ਜਦੋਂ ਉਸਦੇ ਸਿਰਜਣਾਤਮਕ ਅਨੁਭਵ ਵਿਚ ਸ਼ਾਮਲ ਹੋਣ ਦੀ ਪ੍ਰਕਿਰਿਆ ਵਿਚ ਪੈਂਦੀਆਂ ਹਨ ਤਾਂ ਉਹਨੂੰ ਡੂੰਘੇ ਮਾਨਸਿਕ ਸੰਘਰਸ਼ ਵਿਚ ਦੀ ਲੰਘਣਾ ਪੈਂਦਾ ਹੈ। ਉਸ ਲਈ ਮੁੱਖ ਮਸਲਾ ਸਮੁੱਚੇ ਮਾਨਵ ਵਿਰੋਧੀ ਵਰਤਾਰੇ ਨੂੰ ਉਸ ਦੇ ਮੂਲ ਚਰਿੱਤਰਗਤ ਖਾਸੇ ਸਹਿਤ ਕਾਵਿ-ਬਿੰਬ ਵਿਚ ਢਾਲਣ ਦਾ ਬਣ ਜਾਂਦਾ ਹੈ। ਸਿਰਜਣ ਪ੍ਰਕਿਰਿਆ ਦੇ ਅਜਿਹੇ ਪਲਾਂ ਵਿਚ ਵਿਚਾਰਧਾਰਕ ਸਪੱਸ਼ਟਤਾ ਪ੍ਰਥਮ ਸਥਾਨ 'ਤੇ ਆ ਜਾਂਦੀ ਹੈ—

"ਜੇ ਲੇਖਕ ਲਈ ਖੁਦ ਹੀ ਗੱਲ ਸਾਫ ਨਹੀਂ ਤਾਂ ਲਿਖਣ ਦਾ ਕੀ ਫਾਇਦਾ ? ਅਨੇਕ ਤਰਾਂ ਦੇ ਨਿੱਕੇ-ਨਿੱਕੇ ਵਰਤਾਰੇ ਦੇਖਣ ਵਿਚ ਆ ਰਹੇ ਸਨ। ਕੱਲ ਦੇ ਲੁਟੇਰੇ, ਠੱਗ ਤੇ ਬਲੈਕੀਏ ਅੱਜ ਦੇਸ਼ ਭਗਤੀ ਦਾ ਪਾਖੰਡੀ ਭੂਸ਼ਣ ਪਾ ਹਨ ਚੌਧਰੀ ਬਣੇ ਹੋਏ ਸਨ ਤੇ ਲੋਕਾਂ ਨੂੰ ਡਰਾ ਧਮਕਾ ਕੇ ਰੁਪਿਆ ਫੰਡ ਇਕੱਠਾ ਕਰ ਰਹੇ ਸਨ। ਬਲੈਕ ਦੇ ਪੈਸੇ 'ਚੋਂ ਕੁਝ ਹਿੱਸਾ ਕੱਢ ਸੈਨਿਕਾਂ ਲਈ ਲੰਗਰ ਲਗਾਈ, ਰਾਤੋਂ ਰਾਤ ਦੇਸ਼ ਭਗਤ ਬਣ ਬੈਠੇ ਸਨ। ਇਹਨਾਂ ਸਾਰੇ ਮੁਖੌਟਾ ਧਾਰੀ ਕਿਰਦਾਰਾਂ ਨੂੰ ਕਿਸੇ ਕਵਿਤਾ ਵਿਚ ਕਿਵੇਂ ਪਰੁੱਤਾ ਜਾਵੇ ?" (56)

ਅਸਲ ਵਿਚ, ਇਸ ਸਵੈ ਜੀਵਨੀ ਦਾ ਸਾਹਿਤਕ ਦ੍ਰਿਸ਼ਟੀ ਤੋਂ ਇਕ ਵਿਸ਼ੇਸ਼ ਮਹੱਤਵ ਆਮ ਜੀਵਨ ਵਿਚ ਖਿਲਰੇ-ਪੱਲਰੇ ਵਸਤੂ-ਅਨੁਭਵ ਨੂੰ ਸਿਰਜਣਾਤਮਕ ਪੱਧਰ ਤੇ ਪ੍ਰਤੱਖਣ, ਨਿਰੀਖਣ ਤੇ ਗ੍ਰਹਿਣ ਕਰਨ ਦੀ ਸੂਖਮ ਕਾਵਿ-ਕਿਰਿਆ ਨਾਲ ਸੰਬੰਧਿਤ ਗਿਆਨ ਨਾਲ ਹੈ। ਕਾਵਿ-ਰਚਨਾ ਦੀ ਦ੍ਰਿਸ਼ਟੀ ਤੋਂ ਕਵੀ ਨੂੰ ਕੇਵਲ ਸੱਤਾ-ਵਿਵਸਥਾ ਦੀ ਕਰੂਰਤਾ ਦਾ ਹੀ ਅਨੁਭਵ ਜਰੂਰੀ ਨਹੀਂ ਸਗੋਂ ਉਸ ਨੂੰ ਆਪਣੇ ਹੀ ਦਾਇਰੇ ਅੰਦਰ ਪੱਸਰੀ ਸੱਤਾਧਾਰੀ ਹੋਂਦ ਤੇ ਖਾਮ-ਖਿਆਲੀ ਨਾਲ ਵੀ ਸੰਵਾਦ ਰਚਾਉਣਾ ਪੈਂਦਾ ਹੈ।



'ਪਹਿਲੀ ਗ੍ਰਿਫਤਾਰੀ' 'ਚੰਡੀਗੜ੍ਹ ਦੀ ਜੇਲ੍ਹ ਯਾਤਰਾ' ਜਾਂ 'ਨਕਸਲਵਾੜੀ ਲਹਿਰ ਤੇ ਮੇਰੀ ਕਵਿਤਾ' ਅਧਿਆਇ ਦੇ ਪਾਠ ਵਿਚ ਅਜਿਹੇ ਵਿਚਾਰਧਾਰਕ ਸੰਘਰਸ਼ ਤੇ ਸੰਵਾਦ-ਸਥਿਤੀ ਦੇ ਉਤਕ੍ਰਿਸ਼ਟ ਪ੍ਰਮਾਣ ਫੈਲੇ ਹੋਏ ਹਨ। ਉਹ ਨਕਸਲਵਾਦੀਆਂ ਦੀ 'ਬੰਦ ਵਿਚਾਰਧਾਰਾ' ਨੂੰ 'ਜੇਲ੍ਹ ਅੰਦਰ ਜੇਲ੍ਹ' ਦਾ ਨਾਂ ਦਿੰਦਾ ਹੈ। ਅਜਿਹਾ ਵਸਤੂ-ਅਨੁਭਵ ਰੂਪ ਦੀ ਪੱਧਰ ਉਤੇ ਕਾਵਿ-ਕਿਰਤ ਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ। ਇਸਦਾ 'ਚੰਡੀਗੜ੍ਹ ਦੀ ਜੇਲ੍ਹ ਯਾਤਰਾ' ਵਾਲੇ ਕਾਂਡ ਵਿਚ ਬਹੁਤ ਖ਼ੂਬਸੂਰਤ ਬਿਆਨ ਕੀਤਾ ਗਿਆ ਹੈ। ਜੇਲ੍ਹ ਅੰਦਰ ਟੀਚਰਜ਼ ਯੂਨੀਅਨ ਦੀ ਭਾਰੂ ਨਕਸਲੀ ਲੀਡਰਸ਼ਿਪ ਨਾਲ ਚੱਲ ਰਹੇ ਵਿਚਾਰਧਾਰਕ ਸੰਘਰਸ਼ ਦੇ ਕਾਵਿਕ ਰੂਪਾਂਤਰਣ ਵੇਲੇ ਵਿਅੰਗ-ਵਿਧੀ ਇਕ ਵਿਸ਼ੇਸ਼ ਜੁਗਤ ਦੇ ਰੂਪ ਵਿਚ ਕਾਰਜਸ਼ੀਲ ਹੋ ਜਾਂਦੀ ਹੈ—

"ਇਸ ਵਿਚਾਰਧਾਰਕ ਸੰਘਰਸ਼ ਵਿਚ ਪੈ ਕੇ ਮੇਰੀ ਕਵਿਤਾ ਵਿਚ ਵਿਅੰਗ ਦਾ ਰੰਗ ਹੋਰ ਤਿੱਖਾ ਹੋਈ ਜਾ ਰਿਹਾ ਸੀ। ਹਰ ਕਵਿਤਾ ਤੇ ਲੀਡਰਸ਼ਿਪ ਤੜਪ ਕੇ ਰਹਿ ਜਾਂਦੀ...ਜੇਲ੍ਹ ਤੋਂ ਬਾਹਰ ਰਹਿ ਕੇ ਮੈਂ ਇਸ ਜਰੂਰੀ ਤਜਰਬੇ ਤੋਂ ਵਾਂਝੇ ਰਹਿ ਜਾਣਾ ਸੀ। ਮੇਰੇ ਲਈ ਇਹ ਯਾਤਰਾ ਵਿਚਾਰਧਾਰਕ ਸਿਖਲਾਈ ਤੇ ਚੇਤੰਨਤਾ ਦੀ ਪ੍ਰਾਪਤੀ ਦਾ ਕੰਮ ਦੇ ਰਹੀ ਸੀ।'ਜ (86)

ਇਸੇ ਪ੍ਰਕਾਰ ਟੀਚਰਜ਼ ਯੂਨੀਅਨ ਤੋਂ ਗ੍ਰਹਿਣ ਕੀਤੇ ਅਨੁਭਵ ਨੂੰ ਪ੍ਰਗਟ ਕਰਨ ਲਈ ਉਹ ਵਾਰਤਕ ਵੱਲ ਮੋੜ ਕੱਟ ਜਾਂਦਾ ਹੈ। ਐਮਰਜੈਂਸੀ ਦੌਰਾਨ ਜੇਲ੍ਹ ਯਾਤਰਾ ਤੋਂ ਗ੍ਰਹਿਣ ਕੀਤੇ ਸ਼ਿੱਦਤੀ ਅਨੁਭਵ ਤੇ ਅਹਿਸਾਸ ਉਸ ਦੀ ਕਾਵਿ-ਰਚਨਾ ਲਈ ਵਰਦਾਨ ਬਣ ਜਾਂਦੇ ਹਨ, ਅਤੇ ਇਉਂ ਰਚਨਾ ਵਿਚ ਦੁਰਲਭ ਕਾਵਿ-ਗੁਣਾਂ ਦਾ ਸਮਾਵੇਸ਼ ਹੁੰਦਾ ਹੈ—

"ਮੇਰੇ ਲਈ ਸਿਰਜਣਾ ਦੇ ਨਵੇਂ ਦਿਸਹਦੇ ਉਜਾਗਰ ਹੋਣ ਲੱਗੇ ਤੇ ਮੇਰੀ ਕਵਿਤਾ ਵਿਚ ਅਨੁਭਵ ਦੀ ਡੂੰਘਾਈ, ਸੰਵੇਦਨਸ਼ੀਲਤਾ, ਬਿਆਨ ਦੀ ਸੁੰਦਰਤਾ, ਨਿਡਰਤਾ ਤੇ ਜੁਰਅਤ ਆਉਂਦੀ ਗਈ। ਕਾਵਿ ਰਚਨਾ ਦਾ ਸੋਮਾ ਫੁੱਟ ਨਿਕਲਿਆ।" (103)

ਇਉਂ ਲੇਖਕ ਕਾਵਿ-ਸਿਰਜਣ ਪ੍ਰਕਿਰਿਆ ਦੇ ਚੇਤਨ ਅਵਚੇਤਨੀ ਧਰਾਤਲਾਂ ਨੂੰ ਤਲਾਸ਼ ਕੇ ਕਿਰਤ ਵਿਚ ਕਾਰਜਸ਼ੀਲ ਜੁਗਤਾਂ ਦੇ ਵਿਵੇਕ ਨੂੰ ਉਜਾਗਰ ਕਰਦਾ ਹੈ।

'ਕਿਵੇਂ ਗੁਜ਼ਾਰੀ ਜ਼ਿੰਦਗੀ' ਦੀ ਟੈਕਸਟ ਦੇ ਪ੍ਰਸੰਗ ਵਿਚ ਇਕ ਮਹੱਤਵਪੂਰਨ ਪ੍ਰਸ਼ਨ ਇਸ ਗੱਲ ਨਾਲ ਸੰਬੰਧਿਤ ਹੈ ਕਿ ਹੁੰਦਲ ਆਪਣੇ ਅਨੁਭਵਗਤ ਪ੍ਰਗਟਾਵੇ ਲਈ ਕਿਸ ਪ੍ਰਕਾਰ ਦੀ ਸ਼ੈਲੀ ਜਾਂ ਵਿਧੀ ਦੀ ਸਿਰਜਣਾ ਕਰਦਾ ਹੈ ? ਜਿਸ ਪ੍ਰਕਾਰ ਦਾ ਵਸਤੂ-ਅਨੁਭਵ ਇਸ ਸਵੈ ਜੀਵਨੀ ਦਾ ਵਿਸ਼ਾ ਬਣਿਆ ਹੈ, ਉਸ ਲਈ ਵਿਅੰਗ-ਵਿਧੀ ਜਾਂ ਕਟਾਖਸ਼ੀ ਅੰਦਾਜ਼ ਵਾਲੀ ਸ਼ੈਲੀ ਹੀ ਸ਼ਾਇਦ ਸਭ ਤੋਂ ਢੁੱਕਵੀਂ ਸ਼ੈਲੀ ਹੋ ਸਕਦੀ ਹੈ। ਕਿਉਂਕਿ ਜੀਵਨ ਯਥਾਰਥ ਵਿਆਪਤ ਵਿਭਿੰਨ ਵਰਤਾਰਿਆਂ ਦੀ ਅਸਲੀਅਤ ਨੂੰ ਉਘਾੜਨ ਲਈ ਵਿਅੰਗ/ਕਟਾਖਸ਼ ਹੀ ਸਭ ਤੋਂ ਕਾਰਗਰ ਹਥਿਆਰ ਹੋ ਸਕਦਾ ਹੈ। ਇਸ ਹਥਿਆਰ ਨੂੰ ਲੇਖਕ 'ਉੜਨ ਸ਼ਸਤਰ' ਦੀ ਸੰਗਿਆ ਦਿੰਦਾ ਹੈ। 'ਆਹਮਣੇ-ਸਾਹਮਣੇ' ਸ਼ੀਰਸ਼ਕ ਹੇਠ ਦਿਤੀ ਮੁਲਾਕਾਤ ਵਿਚ ਇਕ ਪ੍ਰਸ਼ਨ ਦੇ ਉਤਰ ਵਿਚ ਉਹ ਇਸ ਵਿਧੀ ਨੂੰ ਹੀ ਆਪਣੀ ਰਚਨਾ ਦੀ ਮੁਖ ਪਛਾਣ ਮੰਨਦਾ ਹੈ—

"ਵਿਅੰਗ ਦਾ ਉੜਨ-ਸ਼ਸ਼ਤਰ ਗਲਤ ਤੇ ਲੋਕ ਵਿਰੋਧੀ ਨੀਤੀਆਂ, ਸੰਸਥਾਵਾਂ ਤੇ ਵਿਅਕਤੀਆਂ ਦੇ ਵਿਰੁੱਧ ਹੀ ਚਲਾਉਂਦਾ ਹਾਂ। ਇਹ ਮੇਰੀ ਖਾਸ ਸਾਹਿਤਕ ਵਿਧੀ ਹੈ, ਜਿਸ ਰਾਹੀਂ ਲੋਕ ਦੁਸ਼ਮਣ ਵਰਤਾਰਿਆਂ ਉਤੇ ਹਮਲਾ ਕਰਦਾ ਹਾਂ। ਮੇਰੀ ਕਵਿਤਾ ਤੇ ਵਾਰਤਕ ਦੀ ਇਹ ਮੁੱਖ ਵਿਸ਼ੇਸ਼ਤਾਈ ਹੈ।"

ਪਰ ਇਹ ਵਿਅੰਗ ਹਲਕਾ-ਫੁਲਕਾ ਤੇ ਮਜ਼ਾਹੀਆ ਅੰਦਾਜ ਵਾਲਾ ਨਹੀਂ, ਸਗੋਂ ਇਹ ਸੂਖਮ, ਕਾਟਵਾਂ ਤੇ ਵਕ੍ਰੋਕਤੀ ਅਰਥਾਂ ਨਾਲ ਭਰਪੂਰ ਹੈ। ਇਹ ਸੂਖਮ ਮਸ਼ਕਰੀ-ਪੂਰਨ ਲਹਿਜਾ ਹੈ ਜੋ ਸਮੁੱਚੇ ਯਥਾਰਥ-ਵਰਤਾਰੇ ਨੂੰ ਟੇਢੀ ਨਜ਼ਰ ਨਾਲ ਵੇਖਦਾ ਹੈ। ਇਸ ਟੇਢੀ ਨਜ਼ਰ ਵਿਚ ਉਸ ਦੀ ਡੂੰਘੀ ਵਿਚਾਰਧਾਰਕ

ਸਮਝ, ਪ੍ਰਗਤੀਸ਼ੀਲ ਦ੍ਰਿਸ਼ਟੀਕੋਣ, ਸੰਘਰਸ਼ਸ਼ੀਲ ਸ਼ਖਸੀਅਤ ਤੇ ਬੌਧਿਕ ਯੋਗਤਾ ਦਾ ਵੀ ਪੂਰਾ-ਪੂਰਾ ਦਖਲ ਹੈ। ਵਾਰਤਕ ਨੂੰ ਰਸਮਈ ਤੇ ਸੁਆਦਲੀ ਬਨਾਉਣ ਦਾ ਪੂਰਾ ਸਾਹਿਤਕ ਗੁਰ ਉਸਨੂੰ ਆਉਂਦਾ ਹੈ। ਉਹ ਇਸ ਵਿਚ ਉਸ ਦੀ ਗੁੜ੍ਹੀ ਹੋਈ ਸ਼ਖਸੀਅਤ ਵੀ ਆਪਣਾ ਮਹੱਤਵਪੂਰਨ ਯੋਗਦਾਨ ਪਾਉਂਦੀ ਹੈ। ਉਹ ਢੁਕਵੇਂ ਸ਼ਬਦਾਂ, ਮੁਹਾਵਰਿਆਂ ਤੇ ਵਾਕਾਂ ਦੀ ਚੋਣ ਰਾਹੀਂ ਭਾਸ਼ਾ ਨੂੰ ਇਸ ਪ੍ਰਕਾਰ ਪ੍ਰਵਾਹਮਈ ਤੇ ਰਵਾਨੀ ਭਰਪੂਰ ਬਣਾ ਦਿੰਦਾ ਹੈ ਕਿ ਕਦੇ ਇਸ ਵਿਚੋਂ ਕਾਵਿਕਤਾ ਡਲਕਣ ਲਗ ਪੈਂਦੀ ਹੈ ਅਤੇ ਕਦੇ ਸੂਖਮ ਬੌਧਿਕ ਅਨੁਭਵ ਦਾ ਅਹਿਸਾਸ ਹੋਣ ਲੱਗਦਾ ਹੈ। ਕਈ ਕਾਂਡਾ ਵਿਚ ਪਾਤਰਾਂ, ਘਟਨਾਵਾਂ, ਸਥਿਤੀਆਂ/ਪ੍ਰਸਥਿਤੀਆਂ ਦੀ ਰਚਨਾਤਮਿਕ ਪੁਨਰ-ਵਿਉਂਤ ਏਨੀ ਰੌਚਿਕ, ਨਾਟਕੀ ਤੇ ਸੰਗਠਿਤ ਹੈ ਕਿ ਰਚਨਾ ਵਿਚ ਗਲਪਨਿਕ ਕਿਰਤ ਹੋਣ ਦਾ ਪ੍ਰਭਾਵ ਸਿਰਜਣ ਲੱਗਦੀ ਹੈ। 'ਦੁਬਿਧਾ ਦੇ ਦਿਨ' ਕਾਂਡ ਵਿਚ ਕਾਰਜਸ਼ੀਲ ਅਜਿਹੀ ਗਲਪਨਿਕਤਾ ਵਿਸ਼ੇਸ਼ ਤੌਰ ਤੇ ਧਿਆਨ ਖਿਚਦੀ ਹੈ। ਜ਼ਾਹਰ ਹੈ ਕਿ ਅਜਿਹੀ ਵਾਰਤਕ ਸ਼ੈਲੀ ਵਿਚ ਅਲੰਕ੍ਰਿਤ ਤੇ ਸਜਾਵਟੀ ਭਾਸ਼ਾ ਨੂੰ ਵਿਸ਼ੇਸ਼ ਮਹੱਤਵ ਨਹੀਂ ਪ੍ਰਾਪਤ ਹੋ ਸਕਦਾ। ਕਈ ਥਾਂਈ ਸੰਸਮਰਣ ਤੇ ਰੇਖਾ ਚਿੱਤਰ ਸ਼ੈਲੀ ਨੂੰ ਵੀ ਵਾਹਵਾ ਵਰਤਿਆ ਗਿਆ ਹੈ। 'ਚੰਬੇ ਦੀ ਕਲੀ' ਜਾਂ 'ਦੋਸਤੀ ਵਰਗਾ ਰਿਸ਼ਤਾ' ਅਧਿਆਵਾਂ ਵਿਚ ਪ੍ਰਸਤੁਤ ਵਿਅਕਤੀ ਚਿਤਰਾਂ ਨੂੰ ਕਾਮਯਾਬ ਰੇਖਾ-ਚਿੱਤਰਾਂ ਦੇ ਰੂਪ ਵਿਚ ਲਿਆ ਜਾ ਸਕਦਾ ਹੈ। ਪਰ ਤਾਂ ਵੀ ਇਨ੍ਹਾਂ ਚਿੱਤਰਾਂ ਦੀ ਅਸਲ ਸਾਰਥਕਤਾ ਲੇਖਕ ਦੇ ਸਮੁੱਚੇ ਜੀਵਨ-ਬਿਰਤਾਂਤ ਵਿਚ ਪ੍ਰਸੰਗਕ ਹੋਣ ਵਿਚ ਹੀ ਹੈ।

'ਜੇ ਕਿਵੇਂ ਗੁਜ਼ਾਰੀ ਜ਼ਿੰਦਗੀ' ਦੇ ਸਮੁੱਚੇ ਰਚਨਾ-ਸੰਗਠਨ ਨੂੰ ਵੇਖੀਏ ਤਾਂ ਇਸ ਵਿਚ ਸ਼ਾਮਲ ਕਾਂਡਾ ਨੂੰ ਦੋ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ। ਇਕ ਤਾਂ ਉਹ ਹਨ ਜਿਨ੍ਹਾਂ ਉਤੇ ਲਿਖਣ-ਤਾਰੀਕ ਪਾਈ ਹੋਈ ਹੈ ਅਤੇ ਦੂਸਰੇ ਉਹ ਹਨ ਜਿਨ੍ਹਾਂ ਨਾਲ ਲਿਖਣ-ਮਿਤੀ ਦੀ ਕੋਈ ਸੂਚਨਾ ਨਹੀਂ ਦਿੱਤੀ ਗਈ। ਪਹਿਲੇ ਵਰਗ ਵਾਲੇ ਅਧਿਆਵਾਂ ਦੀ ਗਿਣਤੀ 17 ਹੈ। ਇਹ ਅਧਿਆਇ ਵੀ ਲਿਖਣ-ਕਾਲ ਅਨੁਸਾਰ ਨਿਸ਼ਚਿਤ-ਕ੍ਰਮ ਵਿਚ ਨਹੀਂ ਬੱਝੇ ਹੋਏ ਸਗੋਂ ਅਗੜ-ਪਿਛੜ ਵਾਲੀ ਤਰਤੀਬ ਵਿਚ ਹੀ ਹਨ। ਭਾਵੇਂ ਲੇਖਕ ਨੇ ਬਾਅਦ ਵਿਚ ਕੁਝ ਲੇਖਾਂ ਨੂੰ ਉਚੇਚਾ ਲਿਖਕੇ ਸਾਰੀ ਵਸਤੂ-ਸਾਮਗਰੀ ਨੂੰ ਇਕ ਲੜੀਬੱਧ ਰੂਪ ਵਿਚ ਪੇਸ਼ ਕਰਨ ਦਾ ਉਪਰਾਲਾ ਕੀਤਾ ਹੈ। ਪਰ ਤਾਂ ਵੀ ਕੁਝ ਦੁਹਰਾਓ ਹੋ ਹੀ ਗਿਆ ਹੈ। ਇਹ ਗੱਲ ਨੋਟ ਕਰਨ ਵਾਲੀ ਹੈ ਕਿ ਕੋਈ ਵੀ ਸਵੈ ਜੀਵਨੀ ਸੰਪੂਰਨ ਨਹੀਂ ਹੋ ਸਕਦੀ। ਕਿਉਂਕਿ ਮਨੁੱਖ ਦਾ ਜੀਵਨ ਭਾਵੇਂ ਕਿੰਨਾ ਵੀ ਸਾਰਥਕ ਤੇ ਮਹਾਨ ਹੋਵੇ, ਉਹ ਕਿਸੇ ਨਾ ਕਿਸੇ ਰੂਪ ਵਿਚ ਅਪੂਰਣ ਹੀ ਰਹਿੰਦਾ ਹੈ। ਫਿਰ ਵੀ, ਇਸ ਰਚਨਾ ਵਿਚ ਪੇਸ਼ ਭਰਪੂਰ ਵਸਤੂ-ਸਾਮਗਰੀ ਨੂੰ ਦੇਖ ਕੇ ਇਸ ਨੂੰ ਕਾਫੀ ਹੱਦ ਤੱਕ ਸੰਪੂਰਨ ਕਿਹਾ ਜਾ ਸਕਦਾ ਹੈ।

'ਕਿਵੇਂ ਗੁਜ਼ਾਰੀ ਜ਼ਿੰਦਗੀ' ਵਿਚ ਪ੍ਰਸਤੁਤ ਹਰਭਜਨ ਸਿੰਘ ਹੁੰਦਲ ਦਾ ਜੀਵਨ-ਬਿਰਤਾਂਤ ਇਕ ਅਜਿਹੇ ਸੰਘਰਸ਼ਸ਼ੀਲ ਵਿਅਕਤਿਤਵ ਨੂੰ ਸਥਾਪਿਤ ਕਰਦਾ ਹੈ ਜੋ ਕਵਿਤਾ ਤੇ ਜ਼ਿੰਦਗੀ ਨੂੰ ਇਕਮਿਕ ਰੂਪ ਵਿਚ ਗ੍ਰਹਿਣ ਕਰਦਾ ਹੋਇਆ ਸਮੁੱਚੀ ਮਾਨਵਤਾ ਦੇ ਉਜਲੇ ਭਵਿੱਖ ਦੀ ਕਾਮਨਾ ਕਰਦਾ ਹੈ। ਇਹ ਜੀਵਨ-ਬਿਰਤਾਂਤ ਕੇਵਲ ਲੇਖਕ ਦੇ ਨਿਜੀ ਜੀਵਨ-ਬਿਉਰੇ ਤਕ ਹੀ ਸੀਮਤ ਨਹੀਂ ਸਗੋਂ ਇਸ ਵਿਚ ਸਾਹਿਤ ਤੇ ਸਮਾਜ ਨਾਲ ਜੁੜੇ ਵੱਡੇ ਪ੍ਰਸ਼ਨਾਂ ਨੂੰ ਵੀ ਮੁਖਾਤਿਬ ਹੋਇਆ ਗਿਆ ਹੈ। ਇਸ ਟੈਕਸਟ ਵਿਚੋਂ ਕਰਤਾ ਦਾ ਜੀਵਨ-ਬਿਰਤਾਂਤ ਅਤੇ ਸਮਕਾਲੀਨ ਇਤਿਹਾਸ ਨਾਲੋਂ ਨਾਲ ਬੋਲਦਾ ਹੈ। ਨਿਸਚੇ ਹੀ ਇਸ ਕਿਰਤ ਰਾਹੀਂ ਉਹ ਇਕ ਨਿਵੇਕਲੀ ਸ਼ੈਲੀ ਸਿਰਜਣ ਦੇ ਸਮਰਥ ਸਿੱਧ ਹੋਇਆ ਹੈ।

*(ਗੁਰੂ ਨਾਨਕ ਨੈਸ਼ਨਲ ਕਾਲਜ, ਨਕੋਦਰ-144040)*

ooo





## ਅੱਜ ਕੀ ਪਕਾਈਏ ?/ *ਅਨਵਰ ਮਸਊਦ*

ਚੌਧਰੀ : ਅੱਜ ਕੀ ਪਕਾਈਏ, ਦੱਸ ਤੇਰਾ ਕੀ ਖ਼ਿਆਲ ਏ ?

ਰਹਿਮਾਨ : ਮੈਂ ਕੀ ਖ਼ਿਆਲ ਦੱਸਾਂ, ਮੇਰੀ ਕੀ ਮਜਾਲ ਏ।

ਚੌਧਰੀ : ਰਹਿਮਿਆ, ਚੱਲ ਅੱਜ ਫੇਰ ਚਸਕੇ ਈ ਲਾ ਲਈਏ।
ਲਭ ਜਾਣ ਚੰਗੀਆਂ ਤੇ ਭਿੰਡੀਆਂ ਪਕਾ ਲਈਏ।

ਰਹਿਮਾਨ : ਵਾਹ ਵਾਹ ਤੁਸਾਂ ਬੁਝੀਆਂ ਨੇ ਦਾਦੀ ਦੀਆਂ ਚੋਰੀਆਂ,
ਮੇਰਾ ਵੀ ਇਹ ਦਿਲ ਸੀ ਪਕਾਈਏ ਅੱਜ ਤੋਰੀਆਂ।
ਲੂਆਂ ਵਾਲੀ ਭਿੰਡੀ ਹੋਵੇ, ਪੋਟਾ ਪੋਟਾ ਲੰਮੀ ਹੋਵੇ,
ਹਰੀ ਤੇ ਕਚੂਰ ਹੋਵੇ, ਸੋਹਣੀ ਹੋਵੇ ਕੂਲੀ ਹੋਵੇ,
ਵਿਚ ਹੋਣ ਬੱਕਰੇ ਦੀ ਪੁਠਿ ਦੀਆਂ ਬੋਟੀਆਂ,
ਨਾਲ ਹੋਣ ਛੰਡੀਆਂ ਤੰਦੂਰ ਦੀਆਂ ਰੋਟੀਆਂ,
ਮੱਖਣੇ ਦਾ ਪੇੜਾ ਹੋਵੇ, ਲੱਸੀ ਦਾ ਪਿਆਲਾ ਹੋਵੇ,
ਭਿੰਡੀਆਂ ਦੇ ਨਖ਼ਰੇ ਤੇ ਗਰਮ ਮਸਾਲਾ ਹੋਵੇ।
ਭਿੰਡੀਆਂ ਬਣਾਨਾ ਵੀ ਤੇ ਕੋਈ ਕੋਈ ਜਾਣਦੈ,
ਉੱਠਾਂ ਫੇਰ, ਚੌਧਰੀ ਜੀ, ਫੜਾਂ ਮੈਂ ਤਿਆਰੀਆਂ,
ਭਿੰਡੀਆਂ ਬਣਾਵਾਂ ਅੱਜ ਰੱਜ ਕੇ ਕਰਾਰੀਆਂ।

ਚੌਧਰੀ : ਰਹਿਮਿਆ, ਹਜ਼ਾਰ ਹੋਣ ਮਜ਼ੇਦਾਰ ਭਿੰਡੀਆਂ,
ਹੁੰਦੀਆਂ ਨੇ ਜ਼ਰਾ ਕੁਝ ਲੇਸਦਾਰ ਭਿੰਡੀਆਂ।

ਰਹਿਮਾਨ : ਦਫ਼ਾ ਕਰੋ, ਚੌਧਰੀ ਜੀ, ਸਬਜ਼ੀਆਂ ਦੀ ਥੋੜ ਏ,
ਸਾਨੂੰ ਇਹ ਲਸੂੜੀਆਂ ਪਕਾਣ ਦੀ ਕੀ ਲੋੜ ਏ।
ਬੰਦਾ ਕਾਹਨੂੰ ਭਿੰਡੀਆਂ ਦੀ ਲੇਸ ਦੀ ਹਵਾੜ ਲਏ,
ਇਹਦੇ ਨਾਲੋਂ ਪੌਲੀ ਦੀ ਸਰੇਸ਼ ਭਾਵੇਂ ਚਾੜ੍ਹ ਲਏ।

ਚੌਧਰੀ : ਫੇਰ ਕੀ ਖ਼ਿਆਲ ਏ ਤੇਰਾ, ਝੜੀ ਨਾ ਮਨਾ ਲਈਏ,
ਜੇ ਤੂੰ ਆਖੇਂ, ਰਹਿਮਿਆ, ਕਰੇਲੇ ਨਾ ਪਕਾ ਲਈਏ।

ਰਹਿਮਾਨ : ਰੀਸ ਏ ਕੋਈ ਚੌਧਰੀ ਜੀ ਆਪ ਦੇ ਖ਼ਿਆਲ ਦੀ।
ਜੰਮੀਂ ਏ ਕੋਈ ਸਬਜ਼ੀ ਕਰੇਲਿਆਂ ਦੇ ਨਾਲ ਦੀ।
ਢਿੱਡ ਵਿਚ ਇੰਜ ਜਿਵੇਂ ਲੋ ਲੱਗ ਪਈ ਏ,
ਤੁਸਾਂ ਗੱਲ ਕੀਤੀ ਏ ਤੇ ਰਾਲ ਵਗ ਪਈ ਏ।
ਸਚ ਪੁਛੋ, ਚੌਧਰੀ ਜੀ, ਮੇਰੀ ਏਹ ਰਾਏ ਏ,
ਮੈਨੂੰ ਵੀ ਚਿਰੋਕਣਾ ਕਰੇਲਿਆਂ ਦਾ ਚਾਅ ਏ।
ਚੌਧਰੀ ਜੀ, ਹੋਵੇ ਜੇ ਕਰੇਲਾ ਚੰਗਾ ਪਲਿਆ,
ਵਿਚ ਹੋਵੇ ਕੀਮਾ, ਉਤੇ ਧਾਗਾ ਹੋਵੇ ਵਲਿਆ।
ਗੰਢਿਆਂ ਟਮਾਟਰਾਂ ਦੇ ਨਾਲ ਹੋਵੇ ਤੁੰਨਿਆ।

ਫੇਰ ਹੋਵੇ ਘਰ ਦੇ ਘਿਉ ਵਿਚ ਭੁੰਨਿਆ।
ਫੇਰ ਕੋਈ ਚੌਧਰੀ ਜੀ ਓਸ ਦਾ ਸਵਾਦ ਏ!
ਪਰ ਵ ਪਕਾਇਆ ਸੀ, ਤੁਹਾਨੂੰ ਵੀ ਤੇ ਯਾਦ ਏ।
ਪਰ ਵੀ ਪਕਾਇਆ ਸੀ, ਤੁਹਾਨੂੰ ਵੀ ਤੇ ਯਾਦ ਏ।

ਚੌਧਰੀ : ਹੋਰ ਬੀਬਾ ਇਹਦੀ ਮੈਨੂੰ ਹਰ ਗੱਲ ਭਾਉਂਦੀ ਏ।
ਰਹਿਮਿਆ, ਕਰੇਲੇ ਵਿਚ ਕੌੜ ਜ਼ਰਾ ਹੋਂਦੀ ਏ।

ਰਹਿਮਾਨ : ਦਫ਼ਾ ਕਰੋ ਜ਼ਹਿਰ ਤੇ ਚਰੈਤਾ ਮੈਨੂੰ ਲਗਦਾ ਏ,
ਨਿੰਮ ਤੇ ਧਰੇਕ ਦਾ ਭਰਾ ਮੈਨੂੰ ਲਗਦਾ ਏ।
ਪਲੋ ਪ ਦੰਦਾਂ ਥੱਲੇ ਜੀਭ ਪਈ ਸੁੱਕਦੀ,
ਖਾ ਮਰ ਲਈਏ ਤੇ ਤਰੇਹ ਨਹੀਂ ਮੁਕਦੀ।
ਤੁੰਮੇ ਦੀਆਂ ਗੋਲੀਆਂ ਕਰੇਲਿਆਂ ਤੋਂ ਫਿੱਕੀਆਂ,
ਇਹਨਾਂ ਨਾਲੋਂ ਚਾੜ੍ਹ ਲਓ ਕੁਨੈਣ ਦੀਆਂ ਟਿੱਕੀਆਂ।

ਚੌਧਰੀ : ਰਹਿਮਿਆ, ਫਿਰ ਇੰਜ ਕਰ ਤੂੰ ਵੀ ਕੋਈ ਰਾਏ ਦੇ,
ਸੱਚੀਂ ਤੇ ਬਤਾਊਆਂ ਦਾ ਵੀ ਆਪਣਾ ਸਵਾਦ ਏ।

ਰਹਿਮਾਨ : ਰੱਬ ਤੁਹਾਡਾ ਭਲਾ ਕਰੇ, ਕੇਡੀ ਸੋਹਣੀ ਗੱਲ ਏ,
ਏਹੋ ਜਿਹੇ ਜ਼ਾਇਕੇ ਵਾਲਾ ਹੋਰ ਕਿਹੜਾ ਫਲ ਏ!
ਕਾਲੇ ਕਾਲੇ ਲਿਸ਼ਕਦੇ ਤੇ ਗੋਲ ਗੋਲ ਚਾੜ੍ਹ ਲਓ,
ਚੌਧਰੀ ਜੀ ਓਵਨ ਤੇ ਵਤਾਊਂ ਚੌਲ ਚਾੜ੍ਹ ਲਓ।

ਚੌਧਰੀ : ਰਹਿਮਿਆ ਪਕਾਣ ਨੂੰ ਤੇ ਜੀਅ ਬੜਾ ਕਰਦਾ ਏ,
ਭੱਠੀਆਂ ਦੀ ਗਰਮੀ ਤੋਂ ਦਿਲ ਜ਼ਰਾ ਡਰਦਾ ਏ।

ਰਹਿਮਾਨ : ਸੱਚ ਏ ਜੀ, ਚੌਧਰੀ ਜੀ, ਢਿਡ ਕਾਹਨੂੰ ਬਾਲਣਾ,
ਖਾਣ ਵਾਲੀ ਚੀਜ਼ ਹੈ ਕੋਈ ਵੈਂਗਣਾ ਦਾ ਸਾਲਣਾਂ।
ਭੱਠੀਆਂ ਦੇ ਡੱਕ ਵਿਚ ਸੁਟਣੇ ਜ਼ਰੂਰ ਨੇ,
ਕਾਹਨੂੰ ਪਏ ਭਖਾਈਏ ਸਾਡੇ ਢਿੱਡ ਕੋਈ ਤੰਦੂਰ ਨੇ।
ਦਫ਼ਾ ਕਰੋ ਭੱਠੀਆਂ ਨੂੰ, ਭੱਠੇ ਕਾਹਨੂੰ ਸਾੜੀਏ,
ਹਬਸ਼ੀਆਂ ਨੂੰ ਚੌਧਰੀ ਜੀ ਘਰ ਕਾਹਨੂੰ ਵਾੜੀਏ।
ਕਾਲਿਆਂ ਦੇ ਨਾਲ ਕਾਹਨੂੰ ਮਾਰੀਏ ਉਡਾਰੀਆਂ।
ਸਾਡੀਆਂ ਤੇ ਹੈਣ ਅਮਰੀਕਾ ਨਾਲ ਯਾਰੀਆਂ।

ਚੌਧਰੀ : ਵੱਧ ਵੱਧ ਬੋਲਣਾ ਏਂ ਐਵੇਂ ਬੜਬੋਲਿਆ,
ਸਬਜ਼ੀਆਂ ਤੋਂ ਜਾ ਤੂੰ ਸਿਆਸਤਾਂ ਨੂੰ ਫੋਲਿਆ।
ਦੂਜੇ ਦੀ ਵੀ ਸੁਣ ਕੁਝ, ਦੂਜੇ ਨੂੰ ਵੀ ਕਹਿਣ ਦੇ,
ਹਕੂਮਤਾਂ ਦੀ ਗੱਲ ਨੂੰ ਹਕੂਮਤਾਂ 'ਤੇ ਰਹਿਣ ਦੇ।
ਚੰਗਾ ਫੇਰ ਬੁੱਝ ਭਲਾ ਮੇਰਾ ਕੀ ਖ਼ਿਆਲ ਏ?

ਰਹਿਮਾਨ : ਬੁਝ ਲਿਆ, ਚੌਧਰੀ ਜੀ, ਛੋਲਿਆਂ ਦੀ ਦਾਲ ਏ।





## ਭਵਿੱਖ / *ਨਿਰਭੈ ਧਾਲੀਵਾਲ*

1.
ਉਹ ਲੋਕ
ਜੋਤਸ਼ੀ ਕੋਲ "ਹਸਤ ਰੇਖਾਵਾਂ" ਵਿਖਾ ਕੇ
ਪੁੱਛਦੇ ਨੇ
ਵੇਖਦੇ ਨੇ ਭਵਿੱਖ ਦੇ ਸੁਪਨੇ!
ਪਰ ਅਸਾਂ ਤਾਂ
ਗੁਰੀਲੇ ਵਾਂਗ ਆਪਣੇ ਹਥਿਆਰ 'ਚੋਂ ਗੋਲੀ ਚਲਾ ਕੇ,
ਵੇਖਦੇ ਹਾਂ ਸੁਪਨੇ ਆਜ਼ਾਦੀ ਦੇ,
ਏਸ ਹਨ੍ਹੇਰੇ ਦੇ ਜੰਗਲ ਵਿਚ!!
ਹਾਲੇ ਹੁਣੇ ਹੀ ਤਾਂ ਆਈ ਹੈ
ਕਿਸੇ ਗੁਰੀਲੇ ਸਾਥੀ ਦੀ ਗੋਲੀ ਚੱਲਣ ਦੀ ਆਵਾਜ਼!!
ਹੁਸ਼ਿਆਰ ....।
ਕੋਈ ਆ ਰਿਹਾ ਏ...।
ਵਕਤ ਦਾ ਕੁੰਭਕਰਨ ਲਗਦੈ
ਹੁਣ ਛੇਤੀ ਹੀ
ਪਲਟ ਲਵੇਗਾ ਪਾਸਾ...!!

## ਜ਼ਿੰਦਗੀ ਦੀ ਕੈਨਵਸ

2.
ਤੂੰ
ਮੇਰੀ ਜ਼ਿੰਦਗੀ ਦੀ
ਕੈਨਵਸ ਉੱਪਰ
ਕੋਸ਼ਿਸ਼ ਕੀਤੀ
"ਰੰਗ" ਭਰਨ ਦੀ॥
ਮੈਂ-
ਜ਼ਿੰਦਗੀ ਦੀ
ਕੈਨਵਸ ਉੱਪਰ
ਭਰੇ ਜਾਂਦੇ ਰੰਗਾਂ ਤੋਂ
ਬੇਖਬਰ ਹੀ ਰਿਹਾ
ਜਦੋਂ-
ਤੂੰ ਕੈਨਵਸ 'ਤੇ
ਆਪਣੇ ਰੰਗ ਨੂੰ
ਤਸਵੀਰ ਦਾ ਰੂਪ
ਦੇਣ ਲਈ ਸੋਚਿਆ
ਉਦੋਂ ਤੱਕ ਤਾਂ
ਮੇਰੀ ਜ਼ਿੰਦਗੀ ਦੀ
ਕੈਨਵਸ
ਹੋ ਚੁੱਕੀ ਸੀ
"ਜ਼ਬਤ"॥

ਪਿੰਡ ਤੇ ਡਾਕਘਰ ਸਮਸ਼ਪੁਰ ਅਮਲਹ, ਫਤਿਹਗੜ੍ਹ ਸਾਹਿਬ

## ਕਿਆਮਤ ਦਾ ਧੁੜਕੂ / *ਡਾ. ਗੁਰਬਖਸ਼ ਸਿੰਘ ਭੰਡਾਲ*

ਜਦੋਂ ਕੰਗਾਲੀ
ਕਿੰਗਰਿਆਂ ਨੂੰ ਭੋਰਦੀ ਏ
ਉਦਾਸੀ,
ਹਾਸਿਆਂ 'ਚ ਹੰਝੂ ਘੋਰਦੀ ਏ
ਭਟਕਦੇ ਨੇ ਆਸਾਂ ਦੇ 'ਵਾ-ਵਰੋਲੇ
ਤਾਂ
ਤਰਾਸਦੀਆਂ ਦੀ ਉਮਰ
ਸਦੀਆਂ ਤੋਂ ਲੰਮੇਰੀ ਹੋ,
ਚੋ ਜਾਂਦੀ ਏ ਨੈਣਾਂ 'ਚ ਸ਼ਿਕਵਿਆਂ ਦਾ ਅੱਕਾ
ਖਿੱਸਕਦੀ ਖੁਸ਼ੀ,
ਆਪਣੇ ਵਜੂਦ ਤੋਂ ਮੁਨੱਕਰ ਹੋ,
ਹੇਰਵਿਆਂ ਦੀ ਹਥੇਲੀ 'ਤੇ ਹੌਕਾ ਧਰਦੀ ਏ
ਤੇ ਫਿਰ ਸਾਹ
ਸਹਿਕ ਕੇ ਸਮੇਂ ਦਾ ਰੁੱਦਨ ਬਣਦੇ,
ਬੇ-ਪਛਾਣ ਤੇ ਬੇਦੀ ਹੋਂਦ ਦਾ ਮਰਸੀਆ ਗਾਉਂਦੇ ਨੇ,
ਅਤੇ ਕਿਸਮਤ 'ਚ ਕਿਆਮਤ ਦਾ ਸਿਰਨਾਵਾਂ ਉਕਰਾਉਂਦੇ ਨੇ।

*(7, ਪ੍ਰੋਫੈਸਰ ਕਲੋਨੀ, (ਕਪੂਰਥਲਾ)*

## ਗੀਤ

### ਇੰਦਰਜੀਤ ਹੁਸਨਪੁਰੀ

ਇਸ਼ਕ ਤੇਰਾ ਹੈ ਮੇਰਾ ਸੂਰਜ ਪਿਆਰੇ ਪਿਆਰੇ ਗੀਤ ਮਿਰੇ
ਲੀਰਾਂ ਲੀਰਾਂ ਕਰਨ ਹਨੇਰਾ ਚਾਨਣ ਛੱਡਦੇ ਗੀਤ ਮਿਰੇ

ਮੇਰੇ ਗੀਤਾਂ ਵਿਚ ਚਰਖੇ ਦੀ ਮਿੱਠੀ ਮਿੱਠੀ ਘੂਕ ਸੁਣੇ
ਕੰਤ ਜਿਹਦਾ ਪਰਦੇਸੀ ਉਹਦੇ ਦਿਲ ਚ ਉਠਦੀ ਹੂਕ ਸੁਣੇ
ਲੋਕਾਂ ਖਾਤਰ ਜੀਂਦੇ ਮਰਦੇ ਇਹ 'ਜੁਝਾਰ' 'ਅਜੀਤ' ਮਿਰੇ

ਮੈਂ ਗੀਤਾਂ ਦੀ ਖਾਤਰ ਜੀਵਾਂ ਇਹ ਮੇਰੀ ਜਿੰਦ=ਜਾਨ ਕੁੜੇ
ਇਹੋ ਮਸਤੀ, ਇਹੋ ਮੌਲਾ ਇਹੋ ਧਰਮ ਈਮਾਨ ਕੁੜੇ
ਇਹ ਮੇਰਾ ਹੱਲ, ਇਹੋ ਖੂੰਡਾ, ਇਹੋ ਹੈਨ ਤਵੀਤ ਮਿਰੇ

ਮੇਰੇ ਗੀਤਾਂ ਵਿੱਚ ਮੁੜ੍ਹਕੇ ਦੇ ਮੋਤੀ ਮਹਿਕਾਂ ਵੰਡ ਰਹੇ
ਜੋ ਇਹਨਾਂ ਦਾ ਮੁੱਲ ਨਾ ਪਾਵੇ ਉਹਨਾਂ ਤਾਈ ਭੰਡ ਰਹੇ
ਚੰਨ ਸੂਰਜ ਦੇ ਵਾਂਗੂ ਰਹਿਣੇ ਗੀਤ ਸਦਾ ਸੁਰਜੀਤ ਮਿਰੇ

ਗੀਤਾਂ ਦੀ ਫੁਲਕਾਰੀ ਵਿੱਚੋਂ ਪਿਆਰਾਂ ਦੀ ਮਹਿਕਾਰ ਉੜੇ
ਅੱਖਰ ਅੱਖਰ ਇਓਂ ਉੜਦਾ ਹੈ ਜਿਓਂ ਘੁਗੀਆਂ ਦੀ ਡਾਰ ਉੜੇ
ਹਸਨਪੁਰੀ ਸੱਚ ਸਦਾ ਹੀ ਬੋਲਣ ਗੀਤ ਨਹੀਂ ਭੈ ਭੀਤ ਮਿਰੇ



ਪੁਸਤਕ ਪੜਚੋਲ

# ਸਾਮਰਾਜਵਾਦ ਅਧੀਨ ਹੇਠਲੀ ਕਿਸਾਨੀ ਦੀ ਵਾਰਤਾ-ਅਕਾਲ ਪੁਰਖੀ

ਪੰਜਾਬੀ ਨਾਵਲ ਦੇ ਇਤਿਹਾਸ ਵਿਚ ਕਰਮਜੀਤ ਸਿੰਘ ਕੁੱਸਾ ਗੁਰਦਿਆਲ ਸਿੰਘ ਦਾ ਹੀ ਵਿਸਤਾਰ ਹੈ। ਬੁਰਕੇ ਵਾਲੇ ਲੁਟੇਰੇ, ਰਾਤ ਦੇ ਰਾਹੀ, ਰੋਹੀ ਬੀਆਬਾਨ, ਅੱਗ ਦਾ ਗੀਤ ਤੇ ਜ਼ਖ਼ਮੀ ਦਰਿਆ ਵਿਚ ਉਸਨੇ ਪੰਜਾਬ ਦੀ ਨਿਮਨ ਕਿਸਾਨੀ ਦੀ ਖੁਰ ਰਹੀ ਹੋਂਦ ਨੂੰ ਬੜੀ ਬਾਰੀਕੀ ਨਾਲ ਪੇਸ਼ ਕੀਤਾ ਹੈ। ਨਾਲ ਹੀ ਉਸਨੇ ਦਲਿਤਾਂ ਦੇ ਮਾਨਸਿਕ ਦੁਖਾਂਤ ਨੂੰ ਜ਼ੁਬਾਨ ਦਿੱਤੀ ਹੈ। ਪੰਜਾਬ ਸੰਕਟ ਦੇ ਸਮਾਜ-ਸਭਿਆਚਾਰਕ ਕਾਰਣਾਂ ਨੂੰ ਪਛਾਨਣ ਦਾ ਵੀ ਉਸਨੇ ਯਤਨ ਕੀਤਾ ਹੈ। ਅਕਾਲ ਪੁਰਖੀ ਉਸਦਾ ਆਖਰੀ ਨਾਵਲ ਹੈ, ਪਰ ਲਗਦਾ ਇਉਂ ਹੈ ਕਿ ਉਸਨੇ ਸੁਤੰਤਰਤਾ ਸੰਗਰਾਮ ਦੇ ਗਤੀਸ਼ੀਲ ਇਤਿਹਾਸ ਦੌਰਾਨ ਨਿਮਨ ਕਿਸਾਨੀ ਨੂੰ ਪਰਿਵਰਤਨਸ਼ੀਲ ਦਿਖਾ ਕੇ ਇਕ ਸਮੇਂ ਅਗਰਗਾਮੀ ਦੌਰ ਵਿਚ ਵਿਚਰ ਕੇ ਮੁੜ ਸੰਸਕਾਰਕ ਰੂਪ ਵਿਚ ਪਹਿਲੀ ਥਾਂ ਪਹੁੰਚਿਆ ਦਿਖਾਇਆ ਹੈ। ਭਾਵੇਂ ਇਸ ਦੌਰਾਨ ਉਸਨੇ ਪ੍ਰਤੀਕ ਰੂਪ ਵਿਚ ਆਸ਼ਾਵਾਦ ਦਾ ਪੱਲਾ ਵੀ ਨਹੀਂ ਛੱਡਿਆ। ਇਸਦਾ ਪ੍ਰਮਾਣ ਨਾਵਲ ਦੇ ਅੰਤ ਉਪਰ ਪ੍ਰਤਾਪ ਦੇ ਅੰਗੀਠੇ ਵਿਚ ਨਿਕੇ ਜਿਹੇ ਫੁੱਲ ਦਾ ਉਗਣਾ ਹੈ। ਇਉਂ ਇਹ ਨਾਵਲ ਛਪਿਆ ਭਾਵੇਂ 1998 ਵਿਚ ਹੈ, ਪਰ ਇਸਦਾ ਕਾਰਜਕਾਲ ਵੀਹਵੀਂ ਸਦੀ ਦਾ ਪਹਿਲਾ ਅੱਧ ਹੈ।

ਨਾਵਲ ਦੇ ਪਿਛੋਕੜ ਵਿਚ ਸਿੰਘ ਸਭਾ ਤੇ ਅਕਾਲੀ ਲਹਿਰ ਦੇ ਨਾਲ ਨਾਲ ਦੂਜੀ ਵਿਸ਼ਵ ਜੰਗ ਤੇ ਆਜ਼ਾਦੀ ਉਪਰੰਤ ਹੋਏ ਹਿੰਦੂ, ਸਿੱਖ, ਮੁਸਲਮਾਨ ਫਸਾਦ ਕਾਰਜਸ਼ੀਲ ਹਨ। ਇਸ ਪਿਛੋਕੜ ਵਿਚ ਨਿਮਨ ਕਿਸਾਨੀ ਦੇ ਗਤੀਸ਼ੀਲ ਯਥਾਰਥ ਨੂੰ ਵੀ ਪਕੜ ਵਿਚ ਲਿਆਂਦਾ ਗਿਆ ਹੈ। ਪਾਤਰ 'ਸਿੰਘਾਂ-ਸ਼ਾਹੀ' ਰਣਜੀਤ ਸਿੰਘ ਦੇ ਰਾਜ ਦੇ ਜਾਣ ਦੇ ਦੁੱਖ ਨੂੰ ਮਹਿਸੂਸ ਕਰਦੇ ਵਿਖਾਏ ਗਏ ਹਨ। ਨਾਵਲ ਦਾ ਇਕ ਪਾਤਰ ਮੋਤਾ ਸਿੰਘ ਅੰਗਰੇਜ਼ਾਂ ਬਾਰੇ ਕਹਿੰਦਾ ਹੈ, "ਇਹਨਾਂ ਸਾਡੀ ਸਿੰਘਾ ਸ਼ਾਹੀ ਧੋਖੇ ਨਾਲ ਖੋਹੀ ਆ।" ਇਕ ਥਾਉਂ ਸਿੰਘਾ ਸ਼ਾਹੀ ਦੇ ਜਾਣ ਨੂੰ ਗੁਰੂ ਗੋਬਿੰਦ ਸਿੰਘ ਵਲੋਂ ਦਿੱਤੇ ਸਰਾਪ ਨਾਲ ਜੋੜਿਆ ਹੈ। ਦੰਤ ਕਥਾ ਅਨੁਸਾਰ ਗੁਰੂ ਨੇ ਉਨ੍ਹਾਂ ਦਾ ਅੰਗੀਠਾ ਨਾ ਫੋਲਣ ਦਾ ਆਦੇਸ਼ ਦਿੱਤਾ ਸੀ ਪਰ. "ਵੱਡੇ ਮਹਾਰਾਜੇ ਨੇ ਅੰਗੀਠਾ ਫਰੋਲ ਲਿਆ। ਦਸਮੇਂ ਪਾਤਸ਼ਾਹ ਦੇ ਬਚਨ ਪੂਰੇ ਹੋਗੇ ਕਿ ਸਿੰਘਾ ਸ਼ਾਹੀ ਵੱਡੇ ਮਹਾਰਾਜੇ ਦੇ ਫੌਤ ਹੁੰਦਿਆਂ ਈ ਅਲਾਦੀਨ ਦੇ ਮਹਿਲ ਵਾਂਗੂ ਪਤਾ ਨਹੀਂ ਕਿਧਰ ਕਫੂਰ ਹੋ ਗੀ।" ਪਨਾ-72)

ਪ੍ਰਤਾਪ ਸਿੰਘ ਛੋਟੀ ਕਿਸਾਨੀ ਦਾ ਪ੍ਰਤੀਨਿਧ ਹੈ ਜੋ ਧਾਰਮਿਕ ਚਲ ਰਹੀਆਂ ਸਿੰਘ ਸਭਾ ਲਹਿਰ/ ਅਕਾਲੀ ਲਹਿਰ ਦਾ ਪ੍ਰਤੀਨਿਧ ਵੀ ਹੈ। ਉਸਦਾ ਪਰਿਵਾਰ ਉਸਦੇ ਵੱਡੇ ਭਰਾ ਦੇ ਦੇਸ਼ ਭਗਤਾਂ ਵਿਰੁੱਧ ਕਾਰਜਸ਼ੀਲ ਹੋਣ ਕਾਰਣ ਲਾਇਲਪੁਰ ਬਾਰ ਵਿਚ ਮੁਰੱਬਿਆਂ ਦਾ ਮਾਲਕ ਬਣ ਜਾਂਦਾ ਹੈ ਜਿਸ ਵਿਚੋਂ ਅੱਠ ਏਕੜ ਜ਼ਮੀਨ ਪ੍ਰਤਾਪ ਸਿੰਘ ਨੂੰ ਦੇਣ ਦਾ ਵਾਅਦਾ ਕੀਤਾ ਜਾਂਦਾ ਹੈ, ਪਰ ਪਹਿਲੀ ਜ਼ਮੀਨ ਵਿਚੋਂ ਕੇਵਲ ਡੇੜ ਏਕੜ ਜ਼ਮੀਨ ਹੀ ਉਸਦੇ ਹਿੱਸੇ ਆਉਂਦੀ ਹੈ। ਪ੍ਰੰਤੂ ਵੱਡਾ ਭਰਾ ਜਮੀਤ ਸਿੰਘ ਇਕ ਸਮੇਂ ਤੇ ਇਸ ਤੋਂ ਮੁਕਰ ਜਾਂਦਾ ਹੈ। ਜਿਸ ਕਾਰਣ ਮਾਨਸਿਕ ਉਤੇਜਨਾ ਵਿਚ ਵਿਚਰਦਾ ਪ੍ਰਤਾਪ ਸਿੰਘ ਪਰਿਵਾਰ ਸਮੇਤ ਪਿੰਡ ਵਾਪਿਸ ਆ ਜਾਂਦਾ ਹੈ। ਇਕ ਥਾਉਂ ਤਾਂ ਪ੍ਰਤਾਪ ਸਿੰਘ, ਜਮੀਤ ਸਿੰਘ ਨੂੰ ਸੁਣਾ ਕੇ ਆਖਦਾ ਹੈ, 'ਅਸੀਂ ਤਾਂ ਗੋਰਿਆਂ ਨੂੰ ਪਿਟਦੇ ਆਂ ਬਈ ਇਹ ਬਿੱਲੀ ਕੌਮ ਨੇ ਸਾਡੇ ਨਾਲ ਠੱਗੀ ਮਾਰੀ ਐ। ਏਥੇ ਭਰਾ, ਭਰਾ ਦੀਉ ਛਿਲ ਲਾਹੀ ਜਾਂਦਾ ਐ।" (ਪੰਨਾ-28)

ਇਕੋ ਪਰਿਵਾਰ ਵਿਚ ਇਕ ਧਿਰ ਸਾਮਰਾਜ ਨਾਲ ਭੁਗਤਦੀ ਹੈ ਤਾਂ ਦੂਜੀ ਧਿਰ ਇਸਦੇ ਵਿਰੋਧ ਵਿਚ ਪ੍ਰਤਾਪ ਸਿੰਘ ਦੇ ਰੂਪ ਵਿਚ ਖੜੀ ਹੈ। ਜਮੀਤ ਸਿੰਘ ਤੇ ਉਸਦੇ ਅਗਾਂਹ ਪੁੱਤਰ ਅਜ਼ਾਦੀ ਦੇ ਪਰਵਾਨਿਆਂ

ਦੇ ਖਿਲਾਫ ਭੁਗ਼ਤਦੇ ਹਨ। ਪਰ ਇਹ ਭੁਗਤਣਾ ਵਾਰਤਾਲਾਪ ਤਕ ਸੀਮਤ ਹੈ। ਕਾਰਜ ਰੂਪ ਵਿਚ ਇਸਦਾ ਅਭਾਵ ਹੈ। ਇਸ ਲਈ ਬ੍ਰਿਤਾਂਤ ਨੇ ਵੱਖਰਾ ਰੂਪ ਧਾਰਣ ਕਰ ਲਿਆ ਹੈ। ਜਮੀਤ ਸਿੰਘ ਦਾ ਪੁੱਤਰ ਤਾਂ ਇਥੋਂ ਤੱਕ ਕਹਿ ਦਿੰਦਾ ਹੈ ਕਿ 'ਹੋਅਰ ਚਾਚਾ ਜੀ!" ਮੁੰਡੇ ਨੇ ਉਸੇ ਉਮਾਹ ਵਿਚ ਆਖਿਆ। ਇਹ ਕੋਈ ਅਕਲ ਦੀ ਗੱਲ ਹੋਈ, ਐਥੇ ਬੰਬ ਸੁੱਟ ਤਾਂ, ਕਿਸੇ ਅਫਸਰ ਨੂੰ ਮਾਰ ਤਾ। ਸਾਡੇ ਮਾਸਟਰ ਜੀ ਕਹਿੰਦੇ ਐ, ਇਹ ਪਾਗਲ ਲੋਕ ਚੂਲੀਆਂ ਨਾਲ ਸੂਰਜ ਠਾਰਦੇ ਐ।(ਪੰਨਾ-88)

ਹਰਨਾਮ ਸਿੰਘ ਕਿਰਤੀ ਖੱਬੀ ਧਿਰ ਦੀ ਪ੍ਰਤੀਨਿਧਤਾ ਕਰਦਾ ਪਾਤਰ ਹੈ। ਨਾਵਲ ਵਿਚ ਉਹ ਵੀ ਪ੍ਰਤਾਪ ਸਿੰਘ ਵਾਂਗ ਸਮੂਹਿਕ ਸੰਘਰਸ਼ ਵਿਚ ਵਿਚਰਦਾ ਨਹੀਂ ਦਿਖਾਇਆ ਗਿਆ, ਪਰ ਉਹ ਅੰਗਰੇਜ਼ਾਂ ਦੇ ਖਿਲਾਫ ਆਜ਼ਾਦੀ ਆਉਣ ਉਪਰੰਤ ਸਰਕਾਰ ਨਾਲ ਵੀ ਮੱਥਾ ਲਾਉਂਦਾ ਵਿਖਾਇਆ ਗਿਆ ਹੈ। ਵਿਸ਼ੇਸ਼ ਤੌਰ ਤੇ ਆਜ਼ਾਦੀ ਤੋਂ ਬਾਅਦ ਵੀ ਉਸਨੂੰ ਹਾਊਸ-ਆਰੈਸਟ ਕੀਤਾ ਜਾਂਦਾ ਹੈ, ਜੋ ਪੁਲਿਸ ਨੂੰ ਝਕਾਨੀਆਂ ਦਿੰਦਾ ਫਿਰਦਾ ਹੈ। ਸਮਾਜ ਦੇ ਇਕ ਹਿੱਸੇ ਵਾਂਗ ਇਹ ਪੁਲਸੀਏ ਵੀ ਆਜ਼ਾਦੀ ਨੂੰ ਜੀਉ ਆਇਆਂ ਨਹੀਂ ਆਖਦੇ। ਉਨ੍ਹਾਂ ਲਈ ਬਹੁਤਾ ਕੁਝ ਨਹੀਂ ਹੋਇਆ। ਸਮਾਜ ਦੀ ਤੀਜੀ ਧਿਰ ਜੋ ਆਜ਼ਾਦੀ ਦਾ ਕੋਈ ਫਾਇਦਾ ਨਹੀਂ ਮੰਨਦੀ ਉਹ ਫੌਜੀ ਲੋਕਾਂ ਵਿਚੋਂ ਹੈ। ਪ੍ਰਤਾਪ ਦਾ ਇਕ ਭਰਾ ਖਜ਼ਾਨ ਸਿੰਘ ਫੌਜੀ ਹੈ, ਜੋ ਅੰਗਰੇਜ਼-ਪੱਖੀ ਨਜ਼ਰੀਏ ਤੋਂ ਲੋਕਾਂ ਤੇ ਵਿਅੰਗ ਕੱਸਦਾ ਹੈ। "ਤੇ ਹੋਅਰ, ਇਹੀ ਹਾਲ ਇਹਨਾਂ ਪਰਵਾਨਿਆਂ ਦਾ ਹੁੰਦਾ ਐ। ਤੂੰ ਦੇਖਿਆ ਨ੍ਹੀ ਭਮੱਕੜ ਬਾਰ ਬਾਰ ਲਾਟ ਨੂੰ ਕਿਉਂ ਚਿੰਬੜਦਾ ਐ, ਨਾਲੇ ਪਤੰਦਾਰ ਨੂੰ ਪਤਾ ਬਈ ਸੜ ਕੇ ਸੁਆਹ ਹੋਜੂੰ। ਊਂ ਬਾਈ ਇਹਨਾਂ ਊਤਾਂ ਨੂੰ ਪੁੱਛਣਾ ਹੋਵੇ, ਆਜ਼ਾਦੀ ਤੁਸੀਂ ਰਗੜ ਕੇ ਫੋੜੇ ਤੇ ਲਾਉਣੀ ਐ! ਤੁਸੀਂ ਤਾਂ ਉਹੀ ਰਹਿਣਾ ਐ ਢੌਗਿਆਂ ਦੀਆਂ ਪੂਛਾਂ ਮਰੋੜਨ ਜੋਗੇ। ਪਏ ਸਾਰੀ ਉਮਰ ਹਬੜ ਹਬੜ ਕਰਦੇ ਲੰਘਾ ਦਿੰਦੇ ਐ।(ਪੰਨਾ 94-95)

ਪ੍ਰਤਾਪ ਸਿੰਘ ਜਦੋਂ ਪਿੰਡ ਆਉਂਦਾ ਹੈ ਤਾਂ ਉਥੇ ਵੀ ਮੁਖ ਵਿਰੋਧ ਉਚੇਰੇ ਤੇ ਨੀਵੇਂ ਲੋਕਾਂ ਵਿਚ ਸਾਹਮਣੇ ਆਉਂਦਾ ਹੈ। ਅਕਾਲ ਪੁਰਖ ਕੀ ਫੌਜ ਦਾ ਕਾਰਕੁੰਨ ਪ੍ਰਤਾਪ ਸਿੰਘ ਨੀਵੇਂ ਲੋਕਾਂ ਦੀ ਧਿਰ ਨਾਲ ਖਲੋਂਦਾ ਹੈ। ਉਹ ਨੈਤਿਕ ਕਦਰਾਂ ਕੀਮਤਾਂ ਲਈ ਜੂਝਦਾ ਹੈ। ਉਹ ਇਕ ਪਾਸੇ ਮੁਲੰਮਪੁਣੇ ਦੇ ਖਿਲਾਫ ਚੋਧਰੀ ਦੇ ਖਿਲਾਫ ਡੱਟਦਾ ਹੈ ਤਾਂ ਆਪਣੇ ਘਰ ਦੀ ਇਜ਼ਤ ਆਬਰੂ ਲਈ ਉਚੇ ਘਰਾਂ ਦਿਆਂ ਕਾਕਿਆਂ ਨਾਲ ਵੀ ਟਕਰਾਉਂਦਾ ਹੈ। ਉਹ ਸੁਪਨੇ ਵਿਚ ਚੁਬਾਰੇ ਵਾਲਿਆਂ ਦੀਆਂ ਕੰਧਾਂ ਢਹਿੰਦੀਆਂ ਵੇਖਦਾ ਹੈ, ਪਰ ਉਹ ਕੰਧਾਂ ਉਸਦੇ ਘਰ ਉਪਰ ਹੀ ਪਸਰ ਜਾਂਦੀਆਂ ਹਨ। ਜਿਵੇਂ 'ਚੁਬਾਰੇ ਵਾਲਿਆਂ ਦੀ ਕੰਧ ਬਰਫ ਦੇ ਢੇਰ ਵਾਂਗ ਪਲ ਪਲ ਮਗਰੋਂ ਖੁਰਦੀ ਜਾਂਦੀ ਹੋਵੇ। ਉਸ ਕਾਹਲੀ ਨਾਲ ਅੱਖਾਂ ਮਲ ਕੇ ਦੁਬਾਰਾ ਵੇਖਿਆ ਕੰਧ ਦੀ ਮਿੱਟੀ ਗਾਰੇ ਵਾਂਗ ਉਹਦੇ ਆਪਣੇ ਵਿਹੜੇ ਵਿਚ ਪਸਰ ਰਹੀ ਸੀ।' (ਪੰਨਾ 140)

ਮਾਂ ਵਲੋਂ ਦਿਤੇ 'ਵੱਛਰੂ ਦਾ ਮੂੰਹ ਸ਼ੇਰ ਦਾ ਸੀ, ਪਿਛਾ ਸੂਰ ਦਾ' 'ਲੱਕੜਾਂ ਕੋਲ ਕਾਲਾ ਨਾਗ ਸਰਕਦਾ ਦਿਸਿਆ' ਆਦਿ ਵਾਕ ਵੀ ਪ੍ਰਤੀਕ ਰੂਪ ਵਿਚ ਛੋਟੀ ਕਿਸਾਨੀ ਦੇ ਨਿਘਾਰ ਦੀ ਸੂਚਨਾ ਲਈ ਵਰਤੇ ਅਪਸ਼ਗਨਾਂ ਦੇ ਸੂਚਕ ਪ੍ਰਤੀਕ ਹਨ।

ਵੰਡ ਦੀ ਤਬਾਹੀ ਵਿਚ ਵੀ ਪ੍ਰਤਾਪ ਸਿੰਘ ਦਾ ਮਾਨਵਵਾਦੀ ਚਰਿਤ੍ਰ ਉਭਰਦਾ ਹੈ। ਉਹ ਤੇ ਹਰਨਾਮ ਸਿੰਘ ਕਿਰਤੀ ਮਿਲ ਕੇ ਵੀ ਪਿੰਡ ਵਿਚ ਦੰਗਿਆਂ ਨੂੰ ਨਹੀਂ ਰੋਕ ਸਕਦੇ। ਪਰ ਕਮਾਦਾਂ ਵਿਚੋਂ ਮਿਲੇ ਜ਼ਖ਼ਮੀਂ ਮੁਸਲਮਾਨ ਨੌਜਵਾਨ ਨੂੰ ਦਾ ਉਪਕਾਰ ਕਰਕੇ ਸਿੰਘ ਸਜਾਉਣਾ ਤੇ ਪਾਕਿਸਤਾਨੀ ਫੌਜ ਵਲੋਂ ਲੱਭ ਲਏ ਜਾਣ ਤੇ ਸਿੰਘ ਬਾਣਾ ਉਤਰਵਾ ਉਸਨੂੰ ਪਾਕਿਸਤਾਨ ਭੇਜਣਾ ਮਾਨਵਤਾਮੁਖੀ ਕਾਰਜ ਹਨ ਜੋ ਪ੍ਰਤਾਪ ਸਿੰਘ ਨੂੰ ਨਾਇਕਤਵ ਪ੍ਰਦਾਨ ਕਰਦੇ ਹਨ। ਇਥੇ ਰਾਮ ਕੁਮਾਰ ਦਾ ਮਾਨਵਵਾਦੀ ਰੁਖ਼ ਬਹੁਤ ਹੀ ਮਹੱਤਵਪੂਰਨ ਹੈ। ਕੁਝ ਨੌਜਵਾਨਾਂ ਵਲੋਂ ਇਕ ਔਰਤ ਨਾਲ ਕੀਤੇ ਬਲਾਤਕਾਰ ਨੂੰ ਸਾਰਾ ਪਿੰਡ ਚੁਪ ਚਾਪ ਦੇਖ ਰਿਹਾ ਹੈ, ਪਰ ਰਾਮ ਕੁਰ ਅਗਾਂਹ ਹੋ ਔਰਤ ਨੂੰ ਛੁਡਾਉਂਦੀ ਹੈ ਤੇ ਹੋਰਨਾਂ ਨੂੰ ਬੁਰੀ ਤਰ੍ਹਾਂ ਲਤਾੜਦੀ ਹੈ, "ਨੀ ਮੈਂ ਲੁੱਚੀ ਲੰਡੀ ਆਂ! ਰਾਮ ਕੁਰ ਨੇ ਭਾਰੀ ਦੇਹ ਦੀ ਨੰਦਕੁਰ ਨੂੰ ਘੂਰ ਕੇ ਆਖਿਆ, 'ਮੈਨੂੰ ਉਹਨਾਂ ਨੇ ਮੂੰਹ ਵਿਚ ਪਾ



ਲਿਆ ਹੈ! ਦੇਖ ਤਾਂ ਸਹੀ ਕੀ ਤੋਤਕੜੇ ਜੋੜਦੀ ਫਿਰਦੀ ਐਂ। ਗੱਲ ਤਾਂ ਬਦਨੀਤ ਦੀ ਐ। ਸਾਰੇ ਇਕ ਦੂਜੇ ਦੇ ਚਿੱਤੜਾਂ ਪਿਛੇ ਸਿਰ ਦਿੰਦੇ ਐ। ਦੁਰ ਫਿਟੇ ਮੂੰਹ। ਐਹੋ ਜਹੇ ਜਿਊਣ ਦੇ। ਅੰਨ ਤਾਂ ਕੁੱਤੇ ਵੀ ਖਾਂਦੇ ਐ। ਹੱਗਦੇ ਵੀ ਕੌਲਿਆਂ ਨਾਲ ਐ। ਥੋੜੇ ਨਾਲ ਫੇਰ ਵੀ ਚੰਗੇ ਐ। ਓਪਰਾ ਦੇਖਕੇ ਭੌਂਕਦੇ ਐ। ਮਾਲਕ ਨੂੰ ਬਿੜਕ ਦਿੰਦੇ ਐ।(ਪੰਨਾ 169)

'ਅਕਾਲ ਪੁਰਖੀ' ਨਾਵਲ ਵਿਚ ਕਰਮਜੀਤ ਸਿੰਘ ਕੁੱਸਾ ਨੇ ਸਮਾਜ ਦੇ ਜਾਗੀਰਦਾਰੀ ਤਾਣੇ ਬਾਣੇ ਦੇ ਹੇਠਲੇ ਸਤਰ ਨੂੰ ਬੜੀ ਬਾਰੀਕੀ ਨਾਲ ਉਲੀਕਿਆ ਹੈ। ਸਾਂਝੇ ਪਰਿਵਾਰਾਂ ਦੀਆਂ ਸਮੱਸਿਆਵਾਂ, ਧੀਆਂ ਉਪਰ ਕੀਤੇ ਜਾਂਦੇ ਸਹੁਰਿਆਂ ਦੇ ਜ਼ੁਲਮਾਂ ਨੂੰ ਬੜੀ ਸ਼ਿੱਦਤ ਨਾਲ ਮਹਿਸੂਸ ਕਰਵਾਇਆ ਗਿਆ ਹੈ। ਇਥੋਂ ਤੱਕ ਕਿ ਪ੍ਰਤਾਪ ਸਿੰਘ ਵਰਗਾ ਆਦਰਸ਼ਕ ਪਾਤਰ ਵੀ ਧੀਆਂ ਦੇ ਰਿਸ਼ਤਿਆਂ ਨੂੰ ਪੁੰਨ ਵਿਚ ਕਰਦਾ ਹੈ। ਪਰ ਉਸਨੂੰ ਪੁੱਤਰ ਲਈ ਵਹੁਟੀ ਮੁਲ ਦੀ ਲਿਆਉਣੀ ਪੈਂਦੀ ਹੈ। ਇਥੇ ਸਮਾਜ ਆਦਰਸ਼ ਨੂੰ ਵੀ ਖਾ ਜਾਂਦਾ ਹੈ।

ਉਪਰੋਕਤ ਵਿਚ ਆਈ ਵਾਰਤਾਲਾਪ ਹੀ ਇਹ ਦੱਸਣ ਲਈ ਕਾਫੀ ਹੈ ਕਿ ਕੁੱਸੇ ਦਾ ਮਲਵਈ ਭਾਸ਼ਾ ਉਪਰ ਪੂਰਾ ਕਾਬੂ ਹੈ। ਕੁੱਸੇ ਦਾ ਉਪਰੋਕਤ ਸਾਰਾ ਵਿਚਾਰ ਇਕ ਨਿਵੇਕਲੇ ਬ੍ਰਿਤਾਂਤ ਰਾਹੀਂ ਉਘੜ ਕੇ ਸਾਹਮਣੇ ਆਉਂਦਾ ਹੈ। ਬਿਮਾਰ ਪ੍ਰਤਾਪ ਸਿੰਘ ਦੀ ਮਨੋ ਸਥਿਤੀ ਰਾਹੀਂ ਭੂਤ ਕਾਲ ਨੂੰ ਟੋਟਿਆਂ ਵਿਚ ਸਿਰਜਿਆ ਗਿਆ ਹੈ। ਬ੍ਰਿਤਾਂਤ ਸਮਕਾਲੀ ਬਿਮਾਰ ਦੇ ਉਪਚਾਰ ਤੇ ਪਰਿਵਾਰਕ ਵਾਤਾਵਰਣ ਨਾਲ ਜੁੜਦਾ ਹੈ ਤੇ ਅਛੋਪਲੇ ਹੀ ਭੂਤਕਾਲ ਦੇ ਬ੍ਰਿਤਾਂਤ ਨੂੰ ਸਿਰਜਣ ਵਿਚ ਲੀਨ ਹੋ ਜਾਂਦਾ ਹੈ। ਬ੍ਰਿਤ[illegible]ਦੀ ਇਹੋ ਵਿਧੀਆਂ ਸਾਰੇ ਨਾਵਲ ਨੂੰ ਅਰਥ ਪ੍ਰਦਾਨ ਕਰਦੀ ਹੈ। ਇਸ ਉਪਰ ਵਖਰੇ ਤੌਰ ਤੇ ਬਹਿਸ ਕੀ[illegible] ਜਾ ਸਕਦੀ ਹੈ।

'ਅਕਾਲ ਪੁਰਖੀ' ਨਾਵਲ ਨਾਲ ਇਹ ਸੰਖੇਪ ਜਾਣਕਾਰੀ ਹੀ ਇਹ ਦਰਸਾਉਣ ਲਈ ਕਾਫੀ ਹੈ ਕਿ ਕੁੱਸੇ ਦਾ ਇਹ ਨਾਵਲ ਵੀ ਉਸਦੇ ਦੂਸਰੇ ਨਾਵਲਾਂ ਵਾਂਗ ਪੰਜਾਬੀ ਨਾਵਲ ਸਾਹਿਤ ਵਿਚ ਇਕ ਨਿੱਗਰ ਵਾਧਾ ਹੈ। ***—ਡਾ. ਕਰਮਜੀਤ ਸਿੰਘ***

***—ਪੰਜਾਬੀ ਵਿਭਾਗ ਕੁ. ਯੂ. ਕੁਰੂਕਸ਼ੇਤਰ-136119***

## ਮਿੱਥ-ਭੰਜਨ ਦੀ ਕਵਿਤਾ—'ਕਤਲਗਾਹ ਤੋਂ ਉਰੇ'

'ਕਤਲਗਾਹ ਤੋਂ ਉਰੇ' ਜਸਬੀਰ ਕੇਸਰ ਦੀ ਪਲੇਠੀ ਕਾਵਿ-ਕਿਤਾਬ ਹੈ ਪ੍ਰੰਤੂ ਪਹਿਲੀ ਕਿਤਾਬ ਨਾਲ ਹੀ ਉਹ ਸਮਕਾਲੀ ਪੰਜਾਬੀ ਦ੍ਰਿਸ਼ ਉੱਤੇ ਇੱਕ ਗੌਲਣਯੋਗ ਕਾਵ-ਹਸਤਾਖਰ ਵਜੋਂ ਉੱਭਰ[illegible] ਹੈ। ਸਮਕਾਲੀ ਪੰਜਾਬੀ ਕਵਿਤਾ ਵਿਭਿੰਨ ਕਾਵਿ-ਕੈਟੇਗਰੀਆਂ ਦੇ ਇੱਕ ਅਜਿਹੇ ਘਮਸਾਨ ਦਾ [illegible] ਸਾਡੇ ਸਨਮੁਖ ਕਰਦੀ ਹੈ ਜਿਸ ਵਿੱਚੋਂ ਕਿਸੇ ਸਪਸ਼ਟ ਵਿਚਾਰਧਾਰਕ ਕ੍ਰਿਆ-ਪ੍ਰਤੀਕ੍ਰਿਆ ਦੇ ਸਥਾਨ ਉੱਤੇ ਇੱਕ ਵਿਆਪਕ ਧੁੰਦਲਕਾ ਹੀ ਉਪਜਦਾ ਹੋਇਆ ਦ੍ਰਿਸ਼ਟੀਗੋਚਰ ਹੋ ਰਿਹਾ ਹੈ। ਉਂਜ ਇਹ ਕਵਿਤਾ [illegible]ਨ੍ਹਾਂ ਗਲ-ਘੋਟੂ ਕੈਟੇਗਰੀਆਂ ਦੀ ਜਕੜ ਤੋਂ ਮੁਕਤੀ ਲਈ ਛਟਪਟਾ ਰਹੀ ਹੈ ਜਿਹਨਾਂ ਦਾ ਭਾਰਤ [illegible]ਗੇ ਪੱਛੜੇ ਦੇਸ਼ ਦੀਆਂ ਸਮਾਜਕ ਤੇ ਇਤਿਹਾਸਕ ਪ੍ਰਸਥਿਤੀਆਂ ਨਾਲ ਕੋਈ ਗਹਿਰਾ ਸੰਬੰਧ ਨਹੀਂ ਬਣਦਾ। ਇੱਕ ਦੂਸਰੇ ਪੱਧਰ ਉੱਤੇ ਇਹ ਕਵਿਤਾ ਆਪਣੇ ਪੂਰਬਲੇ ਕਾਵਿ-ਸਰਲੀਕਰਨ ਦੇ ਵਿਚਾਰ ਤੇ ਜੁਗਤ ਨੂੰ ਵੀ ਉਲੰਘਣ ਦੀਆਂ ਕੋਸ਼ਿਸ਼ਾਂ ਵਿੱਚ ਹੈ। ਅਜਿਹੇ ਕਾਵਿ-ਸੰਦ੍ਰਿਸ਼ ਵਿੱਚ ਜਸਬੀਰ ਕੇਸਰ ਦੀ ਕਵਿਤਾ ਆਪਣੀ ਵਿਲੱਖਣਤਾ ਦਾ ਪਹਿਲਾ ਬਿੰਦੂ ਸਿਰਜਦਿਆਂ ਪਰੰਪਰਕ ਨਾਰੀਵਾਦੀ ਕਾਵਿ ਜਾਂ ਤਥਾਕਥਿਤ ਉਤਰ-ਨਾਰੀਵਾਦੀ ਕਾਵਿ ਦੀ ਲੀਹ ਤੋਂ ਹਟ ਕੇ ਉਸ ਵਿਚਾਰ-ਖੇਤਰ ਵਿੱਚ ਪ੍ਰਵੇਸ਼ ਕਰਦੀ ਹੈ ਜਿਸਨੂੰ ਉਪਰੋਕਤ ਦੋਹਾਂ ਤਰ੍ਹਾਂ ਦੀਆਂ ਕਾਵਿ-ਧਾਰਾਵਾਂ ਨੇ ਸਿਰਫ਼ ਤੇ ਸਿਰਫ਼ ਪੁਰਖ ਦਾ ਹੀ ਖੇਤਰ ਨਿਸ਼ਚਿਤ ਕਰ

ਦਿੱਤਾ ਸੀ। ਇਸੇ ਲਈ ਪੂਰੀ ਪੁਸਤਕ ਦੀਆਂ ਕਵਿਤਾਵਾਂ ਵਿੱਚ ਨਾ ਤਾਂ ਨਾਰੀ ਹੋਣ ਦੀ ਵਿੱਥਿਆ ਅਤੇ ਰੁਦਨ ਹੈ ਅਤੇ ਨਾ ਹੀ ਪੁਰਖ ਪ੍ਰਧਾਨ ਸਮਾਜ ਵਿੱਚ ਨਾਰੀ ਦੀ ਦੁਜੈਲੀ ਹੈਸੀਅਤ ਦੀ ਸਵੀਕ੍ਰਿਤੀ ਦੇਂ ਰੂਪ ਵਿੱਚ, ਪੁਰਖ ਪ੍ਰਤੀ ਬਿਨਾ ਸ਼ਰਤ-ਚਿੰਤਾ ਮੁਕਤ ਤੇ ਸੀਤਾ-ਸਤੀ-ਸਵਿੱਤਰੀਨੁਮਾ ਉਪਭਾਵੁਕ, ਰੁਮਾਨੀ ਪ੍ਰੇਮ ਦੀ ਮੱਧਯੁਗੀ ਧਾਰਨਾ ਦੀ ਪੁਨਰ-ਸਥਾਪਨਾਂ ਹੈ।

'ਕਤਲਗਾਹ ਤੋਂ ਉਰੇ' ਦੀ ਕਵਿਤਾ ਕਤਲ ਹੋਰ ਦੇ ਪਲ ਦੇ ਵਾਪਰਨ ਦੀ ਸੰਭਾਵਨਾ ਦੇ ਮੱਧਮ ਹੋਣ ਤੋਂ ਬਾਅਦ, ਇਸ ਇੱਕ ਪਲ ਤੋਂ ਪਹਿਲਾਂ ਦੀਆਂ ਤਮਾਮ ਸਮਕਾਲੀ ਸਮਾਜਕ-ਇਤਿਹਾਸਕ ਪ੍ਰਸਥਿਤੀਆਂ ਨੂੰ ਆਪਣੇ ਕਾਵਿ-ਫ਼ਿਕਰ ਦਾ ਕੇਂਦਰ ਬਣਾਉਂਦੀ ਹੈ। ਇਹਨਾਂ ਪ੍ਰਸਥਿਤੀਆਂ ਨਾਲ ਜੂਝਦਾ ਵਿਅਰਕੀ ਇੱਕ ਅਜਿਹੀ ਪਰਿਵਾਰਕ ਇਕਾਈ ਬਣ ਚੁੱਕਿਆ ਹੈ ਜਿਸਨੇ ਆਪਣੇ ਇਤਿਹਾਸ ਨਾਲੋਂ ਮੁਕੰਮਲ ਤੋੜ-ਵਿਛੋੜਾ ਕਰ ਲਿਆ ਹੈ। ਇਤਿਹਾਸ ਨਾਲੋਂ ਟੁੱਟਾ ਵਿਅਕਤੀ ਹੀ ਯਥਾ ਸਥਿਤੀਵਾਦੀ ਖ਼ਪਤ ਸੱਭਿਆਚਾਰ ਦਾ ਸਭ ਤੋਂ ਅਸਾਨ ਤੇ ਸਸਤਾ ਸ਼ਿਕਾਰ ਹੁੰਦਾ ਹੈ। ਇਸ ਵਿਅਕਤੀ ਲਈ ਨਾ ਤਾਂ ਕਿਸੇ ਵਿਅਕਤੀਗਤ ਜਾਂ ਸਮੂਹਕ ਗੌਰਵ ਦੀ ਕੋਈ ਕੀਮਤ ਹੁੰਦੀ ਹੈ ਅਤੇ ਨਾ ਹੀ ਉਸਨੂੰ ਕਿਸੇ ਅਧਿਆਤਮਕ ਫਲਸਫੇ ਦੇ ਆਸਰੇ ਦੀ ਲੋੜ ਮਹਿਸੂਸ ਹੁੰਦੀ ਹੈ। ਜਸਬੀਰ ਕੇਸਰ ਅਜਿਹੇ ਵਿਅਕਤੀ ਨੂੰ 'ਬੌਣਾ ਮਹਾਂਬਲੀ' ਦਾ ਲਕਬ ਦਿੰਦਿਆਂ 'ਮਾਤ ਲੋਕ ਦਾ ਜੋਗੀ' ਆਖਕੇ ਚਿਤਰਦੀ ਹੈ ਜੋ ਹੁਣ 'ਪਰਲੋਕ ਦੀ ਬਾਦਸ਼ਾਹਤ ਖ਼ਾਤਰ' ਇਸ ਲੋਕ ਨੂੰ ਠੁਕਰਾਉਂਦਾ ਨਹੀਂ ਹੈ। ਕਵਿਤਾਵਾਂ 'ਮੰਡੀ ਤੇ ਮਨੁੱਖ' ਅਤੇ 'ਰੈਟ ਰੇਸ' ਦੇ ਸਿਰਲੇਖ ਹੀ ਸਪਸ਼ਟ ਕਰਦੇ ਹਨ ਕਿ ਮੰਡੀ ਤੇ ਮਨੁੱਖ ਅੱਜ ਪ੍ਰਵਚਨ-ਮੁਖ ਸੰਬੰਧ ਵਿੱਚ ਬੱਝਕੇ ਇੱਕ ਅਜਿਹੀ ਚੂਹਾ ਦੌੜ ਵਿੱਚ ਰੁੱਝ ਗਏ ਹਨ ਜਿਸਨੇ ਹਰ ਮਨੁੱਖ ਵਿੱਚ ਹੀ ਅਸੁਰੱਖਿਆ, ਬੇਯਕੀਨੀ ਤੇ ਸ਼ੱਕ ਦੀਆਂ ਭਾਵਨਾਵਾਂ ਉਪਜਾ ਦਿੱਤੀਆਂ ਹਨ। ਇਹ ਅਸੁੱਰਖਿਆ, ਬੇਯਕੀਨੀ ਤੇ ਸ਼ੱਕ ਕਾਵਿ-ਮੈਂ ਦੇ ਇਹਨਾਂ ਸ਼ਬਦਾਂ ਵਿੱਚ ਵੇਖੇ ਜਾ ਸਕਦੇ ਹਨ :

ਤੇ ਮੈਂ ਆਪਣੇ ਅੱਗੇ-ਪਿੱਛੇ
ਕਾਹਲੀ-ਕਾਹਲੀ ਵੇਖਦਾ
ਸੋਚ ਰਿਹਾ ਹਾਂ
ਕਿਤੇ ਮੇਰੀ ਪਿੱਠ ਤੇ ਵੀ
ਪੂਛ ਤਾਂ ਨਹੀਂ ਉੱਗ ਰਹੀ

ਕਵਿਤਾ 'ਕਾਂਤ੍ਰੀ ਤੇ·ਕਵਿਤਾ' ਵਿੱਚ ਇੱਕ ਕ੍ਰਾਂਤੀਕਾਰੀ ਕਵੀ ਤੇ ਕ੍ਰਾਂਤੀ ਬਾਰੇ ਕਵਿਤਾਵਾਂ ਲਿਖਣ ਵਾਲੇ ਕੁਲਵਕਤੀ ਕਵੀ ਵਿਚਲਾ ਪਾੜਾ ਵੀ ਇਸੇ ਖ਼ਪਤ-ਸੱਭਿਆਚਾਰ ਨਾਲ ਹੀ ਸੰਬੰਧਤ ਹੁੰਦਾ ਹੈ। ਜਸਬੀਰ ਕੇਸਰ ਦੀ ਕਵਿਤਾ ਦੀ ਇਹ ਖਾਸੀਅਤ ਹੈ ਕਿ ਉਹ ਅਜਿਹੀਆਂ ਪ੍ਰਸਥਿਤੀਆਂ ਦਾ ਜਸ਼ਨ ਮਨਾਉਣ ਦੇ ਰਾਹ ਨਹੀਂ ਪੈਂਦੀ ਸਗੋਂ ਉਸਦੀ ਕਵਿਤਾ ਚਿੰਤਨ ਤੇ ਚੇਤਨਾ ਦੀ ਵਾਹਨ ਬਣ ਕੇ ਆਪਣੇ ਕਾਵਿ-ਪ੍ਰਕਾਰਜ ਨੂੰ ਪਛਾਣਦੀ ਹੈ। ਇਸੇ ਲਈ ਉਸਦੀ ਕਵਿਤਾ ਦੋ-ਦਿਸ਼ਾਵੀ ਸੰਵਾਦ ਦੀ ਸਿਰਜਣਾ ਕਰਦੀ ਹੋਈ ਮਿੱਥ-ਭੰਜਨ ਦੇ ਰਾਹ ਉੱਤੇ ਚਲਦੀ ਹੈ। 'ਮੌਤ ਦੇ ਦਾਇਰੇ ਤੋਂ ਪਾਰ', 'ਰਿਣ-ਮੁਕਤੀ', 'ਹਲਫੀਆ ਬਿਆਨ', 'ਧਰਤੀ ਦਾ ਇਸ਼ਕ', 'ਸੱਚ ਜਿੰਨਾ ਸੱਚ', 'ਖਿਮਾ ਨਹੀਂ' ਆਦਿ ਕਵਿਤਾਵਾਂ ਵਿੱਚ ਸੰਵਾਦ 'ਮੈਂ-ਤੂੰ' ਦੇ ਜੁਝਾਰਵਾਦੀ ਕਾਵਿ-ਮੁਹਾਵਰੇ ਨੂੰ ਅੰਗੀਕਾਰ ਕਰਦੀ ਹੈ ਜਦਕਿ 'ਕਿੰਨਾ ਔਖਾ ਹੈ', 'ਵਰਜਿਤ ਫੁਲ ਦਾ ਭੋਗ', 'ਹਮਦਰਦੀ' ਆਦਿ ਕਵਿਤਾਵਾਂ ਵਿੱਚ ਇਹ ਸਵੈ-ਕਥਨ, ਆਤਮ-ਵਿਸ਼ਲੇਸ਼ਣ ਦਾ ਰੂਪ ਲੈ ਲੈਂਦਾ ਹੈ। ਪੂਰੀ ਕਾਵਿ-ਕਿਤਾਬ ਵਿੱਚ ਮਿੱਥ-ਭੰਜਨ ਸਭ ਤੋਂ ਸਸ਼ਕਤ ਕਾਵਿ-ਜੁਗਤ ਵਜੋਂ ਸਾਹਮਣੇ ਆਉਂਦੀ ਹੈ। ਕਿਤਾਬ ਦੀ ਸਭ ਤੋਂ ਪਹਿਲੀ ਕਵਿਤਾ ਤੋਂ ਹੀ ਮਿੱਥ-ਭੰਜਨ ਦਾ ਇਹ ਕਾਰਜ ਸ਼ੁਰੂ ਹੋ ਜਾਂਦਾ ਹੈ ਜੋ ਇਤਿਹਾਸ, ਮਿਥਿਹਾਸ, ਅਧਿਆਤਮ, ਪਰੰਪਰਕ ਸਦਾਚਾਰ ਅਤੇ ਤਿਆਗ, ਨਿਰਵਾਣ, ਇਬਾਦਤ, ਬਲੀਦਾਨ, ਤਪੱਸਿਆ ਤੇ ਸ਼ਹਾਦਤ ਆਦਿ ਸੰਕਲਪਾਂ ਨਾਲ ਜੁੜੀਆਂ ਉਨ੍ਹਾ ਸਭਨਾਂ ਮਿੱਥਾਂ ਦੇ ਵਿਸਥਾਪਨ ਤੱਕ ਆਪਣਾ ਵਿਸਥਾਰ ਗ੍ਰਹਿਣ ਕਰਦਾ ਹੈ ਜੋ ਮਾਨਵ ਨੂੰ ਇੱਕ ਮਾਨਵ-ਹਿਤੈਸ਼ੀ ਪ੍ਰਬੰਧ ਦੀ



ਸਿਰਜਣਾ ਕਰਨ ਤੋਂ ਹੋੜਨ ਦਾ ਯਤਨ ਕਰਦੀਆਂ ਹਨ।

ਬੁੱਧ ਬਣਨਾ ਵੀ ਤਾਂ ਹੈ
ਇੱਕ ਨਵੇਂ ਭਰਮ ਦੀ ਸ਼ੁਰੂਆਤ
ਜਾਂ
ਅਦਨ ਵਿੱਚ ਰਹਿੰਦੀਆਂ
ਫਲ ਦੇ ਭੋਗ ਦੀ ਮਨਾਹੀ ਵੀ ਤਾਂ ਹੈ
ਇੱਕ ਭਿਆਨਕ ਸਜ਼ਾ
ਸਮਝ ਨਹੀਂ ਆਉਂਦੀ
ਦੁਸ਼ਮਣ ਕੌਣ ਹੈ—
ਸ਼ੈਤਾਨ ਕਿ ਖ਼ੁਦਾ ?

ਕੱਚੇ ਰੰਗ ਕਸੁੰਭ ਜਿਹੀ ਜ਼ਿੰਦਗੀ ਨਾਲ ਪ੍ਰਤੀਬੱਧਤਾ ਪ੍ਰਗਟਾਉਂਦੀ ਇਹ ਕਵਿਤਾ ਕੁਝ ਥਾਵਾਂ ਉੱਤੇ ਆਦਰਸ਼ਵਾਦ ਦਾ ਸ਼ਿਕਾਰ ਵੀ ਹੁੰਦੀ ਹੈ। ਇੱਥੇ 'ਕਮੀਨਗੀਆਂ', 'ਬੇਹੂਦਗੀਆਂ' ਤੇ 'ਬੇਹਯਾਈਆਂ' ਜਿਹੇ ਸਖ਼ਤ ਸ਼ਬਦ ਸਮੁੱਚੀ ਮਾਨਵ-ਜਾਤੀ ਲਈ ਵਰਤੇ 'ਅਸੀਂ' ਨਾਲ ਸੰਬੰਧਤ ਹੋ ਜਾਂਦੇ ਹਨ। 'ਹਮਦਰਦੀ' ਕਵਿਤਾ ਵਿਚਲੇ 'ਬੇਤਰਸ ਜਹਾਨ' ਤੇ 'ਪਰਾਈ ਦੁਨੀਆ' ਜਿਹੇ ਸ਼ਬਦ-ਜੁੱਟਾਂ ਤੋਂ ਇਲਾਵਾ 'ਆਦਿ-ਕਥਾ' ਕਵਿਤਾ ਨੂੰ ਵੀ ਇਸੇ ਪ੍ਰਸੰਗ ਵਿੱਚ ਵਾਚਿਆ ਜਾ ਸਕਦਾ ਹੈ :

ਕੀ ਤੁਸੀਂ ਜਾਣਦੇ ਹੋ
ਵਿਕਾਸ ਕੀ ਹੁੰਦਾ ਹੈ ?
ਸਮਾਜ ਕਿਸ ਨੂੰ ਕਹਿੰਦੇ ਨੇ ?
ਤੇ ਮਾਨਵ ਕਿਸ ਬਲਾ ਦਾ ਨਾਮ ਹੈ ?
ਕਿੱਥੇ ਹੈ ਉਹ ਜੀਵ
ਜਿਸ ਦੀ ਖੋਪੜੀ ਵਿੱਚ
ਪਸ਼ੂ ਤੋਂ ਵੱਖਰੀ
ਕੋਈ ਚੀਜ਼ ਪਾਈ ਜਾਂਦੀ ਹੈ

ਇਸ ਦੇ ਬਾਵਜੂਦ ਕਤਲਗਾਹ ਤੋਂ ਉਰੇ ਦੀ ਕਵਿਤਾ ਦਾ ਗਹਿਰੇ ਮਾਨਵੀ ਫ਼ਿਕਰ ਅਤੇ ਉਸਦੀ ਵਿਵੇਕਸ਼ੀਲ ਅਭਿਵਿਅਕਤੀ ਕਾਰਨ ਸਵਾਗਤ ਕਰਨਾ ਬਣਦਾ ਹੈ।

*(ਹਰਵਿੰਦਰ ਭੰਡਾਲ, 116, ਮਾਡਲ ਟਾਊਨ, ਕਪੂਰਥਲਾ)*

## "ਸ਼ੀਸ਼ੇ ਵਿਚਲਾ ਅਕਸ਼" ਬਾਰੇ ਕੁਝ ਵਿਚਾਰ

ਅਤਿ ਸੁੰਦਰ ਅਤੇ ਬਹੁਤ ਦਿਲਚਸਪ ਪੁਸਤਕ 'ਸ਼ੀਸ਼ੇ ਵਿਚਲਾ ਅਕਸ' ਮੈਂ ਪੜ੍ਹ ਲਈ ਹੈ। ਬਹੁਤ ਆਨੰਦ ਆਇਆ। ਇਸ ਵਿਚੋਂ ਜ਼ਿੰਦਗੀ ਧੜਕਦੀ ਹੈ। ਹਰ ਕਹਾਣੀ ਦਾ ਪਹਿਲਾ ਵਾਕ ਹੀ ਪਾਠਕ ਦਾ ਧਿਆਨ ਖਿੱਚਦਾ ਹੈ। ਛੋਟੇ ਛੋਟੇ ਵਾਕਾਂ ਨਾਲ ਕਹਾਣੀ ਅੱਗੇ ਤੁਰਦੀ ਹੈ ਕਈ ਥਾਂ ਕਾਵਿਕ ਪੁਰ ਅਖ਼ਤਿਆਰ ਕਰ ਲੈਂਦੀ ਹੈ। ਹਰ ਕਹਾਣੀ ਵਿਚ ਭਰਪੂਰ ਅਨੁਭਵ ਡੁਲ੍ਹ ਡੁਲ੍ਹ ਪੈਂਦਾ ਹੈ। ਦਫ਼ਤਰੀ ਜੀਵਨ ਬਾਰੇ ਲਿਖੀਆਂ ਕਹਾਣੀਆਂ ਜ਼ਿਆਦਾ ਸ਼ਸ਼ਕਤ ਹਨ। ਮੇਰੇ ਵਿਚਾਰ ਅਨੁਸਾਰ ਜਿਹੜੇ ਵਿਸ਼ੇ ਤੁਸਾਂ ਛੋਹੇ ਹਨ ਇਹ ਨਵੇਂ ਨਕੋਰ ਹਨ। ਪੰਜਾਬੀ ਵਿਚ ਪਹਿਲਾਂ ਕਦੇ ਮੈਂ ਇਸ ਤਰਾਂ ਦੇ ਵਿਸ਼ਿਆਂ ਨੂੰ ਪੇਸ਼ ਕਰਦੀਆਂ ਕਹਾਣੀਆਂ ਨਹੀਂ ਪੜ੍ਹੀਆਂ। ਕਿਤੇ ਕਿਤੇ ਤਾਂ ਮੈਨੂੰ ਐਨਟਨ ਚੈਖ਼ਵ ਵਰਗੀ ਨੀਝ ਅਤੇ ਚੋਭ ਵੀ ਮਹਿਸੂਸ ਹੋਈ ਹੈ। ਤੁਹਾਡੀ (Sense of observation) ਬਹੁਤ ਹੈ। ਫੇਰ ਜਿਸ ਬਾਰੀਕੀ ਨਾਲ ਤੁਸਾਂ ਦੇਖੇ ਜਾਂ ਅਨੁਭਵ ਕੀਤੇ ਨੂੰ ਬਿਆਨਿਆ ਹੈ ਉਸਦੀ ਦਾਦ ਦੇਣੀ ਬਣਦੀ ਹੈ।

ਕੁਝ ਨਮੂਨੇ ਦਿੱਤੇ ਬਿਨਾਂ ਨਹੀਂ ਰਹਿ ਸਕਦਾ—

'ਉਸ ਕੌਰੇ ਅਨਪੜ੍ਹ ਨੇ ਪੈੱਨ ਖਰੀਦਿਆ ਸੀ।'— ਇਹ ਵਾਕ ਆਪਣੇ ਆਪ ਵਿਚ ਹੀ ਬਹੁਤ ਕੁਝ ਸੁਝਾਅ ਜਾਂਦਾ ਹੈ। ਪੈਰੇ ਦੀ ਆਖ਼ਰੀ ਸਤਰ ਫੇਰ ਏਹੀ ਦੁਹਰਾਈ ਜਾਂਦੀ ਹੈ ਤਾਂ ਕਾਵਿਕ ਸੁਰ ਅਖ਼ਤਿਆਰ ਕਰ ਲੈਂਦੀ ਹੈ। ਇਸ ਵਿਚ ਵਿਅੰਗ ਵੀ ਹੈ ਅਤੇ (Stress) ਵੀ।

ਬੋਲੀ ਦੇ ਖ਼ੂਬਸੂਰਤ ਮੋਤੀ ਥਾਂ ਪਰ ਥਾਂ ਬਿਖਰੇ ਹਨ:

ਨਵੇਂ ਖਰੀਦੇ ਪੈੱਨ ਨਾਲ ਪਹਿਲਾਂ ਉਸ ਕੁਝ ਘੁੱਗੂ ਘੋੜੇ ਵਾਹੇ।

ਵੱਡੇ ਵੱਡੇ ਅਫ਼ਸਰ ਉਨ੍ਹਾਂ ਤੋਂ ਕੁਝ ਕੁ ਛੋਟੇ, ਬਹੁਤੇ ਉਹਨਾਂ ਤੋਂ ਛੋਟੇ ਫਿਰ ਹੋਰ ਛੋਟੇ ਹਨ।

ਮੌਸਮ ਕਦੇ ਇਕੋ ਦਮ ਨਹੀਂ ਬਦਲਦੇ।

ਕੁਝ ਰੋ ਪੈਣ ਤੋਂ ਪਹਿਲਾਂ ਵਰਗਾ। ਕੁਝ ਰੋ ਕੇ ਹਟਣ ਵਰਗਾ। ਸਭ ਕਾਸੇ ਹੇਠ ਦਬਿਆ ਕੁਝ ਰੋਸ ਵਰਗਾ।

"ਇਹ ਸਮਝਦਾ ਹੋਊ ਖਵਰੇ ਹੁਣ ਘੁੱਗੀ ਲੋਟ ਆਜੂ"

"ਕਿੰਨਾ ਚਿਰ ਦੇ ਵਿਆਹ ਉਡੀਕਦੇ ਆਂ, ਹੁਣ ਕੇਰਾਂ ਹੀ ਮੜ੍ਹਕ ਚਾੜ੍ਹਤਾ।"

ਰਾਮਾ ਆਪਣਾ ਪਰਨਾ ਝਾੜ ਕੇ ਘਰ ਤੁਰ ਆਇਆ ਸੀ।

ਉਹ ਫਿਰ ਰੇੜਦਾ.....ਗੇਂਦ ਮੁੜ ਫੜਾਈ ਜਾਂਦਾ।......ਉਹ ਫਿਰ ਰੇੜਦਾ।

ਦਿਲਚਸਪੀ ਜਾਂ ਰੌਚਿਕਤਾ ਦੇ ਆਧਾਰ ਉੱਤੇ ਮੈਨੂੰ ਇਹਨਾਂ ਕਹਾਣੀਆਂ ਨੇ ਬਹੁਤ ਟੁੰਬਿਆ ਹੈ:

ਤੋਲਾ ਰਾਮ, ਡਿਊਟੀ, ਪੈਡਿੰਗ ਡਰਾਫਟ, ਟਿੱਬੇ ਦੀ ਰੇਤ।

ਪ੍ਰਭਾਵ ਅਤੇ ਤਕਨੀਕ ਪੱਖ ਤੋਂ 'ਸ਼ੁਰੂਆਤ' ਇਕ ਸਸ਼ਕਤ ਕਹਾਣੀ ਹੈ, ਬੱਝਵਾਂ ਪ੍ਰਭਾਵ ਪੈਂਦਾ ਹੈ। ਇਸ ਵਿਚ ਬੜਾ ਕੁਝ ਅਣ ਕਿਹਾ ਹੈ।

'ਸਾਈਕਲ ਤੇ ਮੁਸਾਮ' ਵਿਚ () ਦਾ ਸੁਮੇਲ ਹੈ। ਬੜੀ ਦਰਦਨਾਕ ਸਥਿਤੀ ਨੂੰ ਕਾਰੀਗਰੀ ਨਾਲ ਬਿਆਨਿਆ ਹੀ ਨਹੀਂ, ਸੁਝਾਇਆ ਹੈ। ਬਚਪਨ ਵਿਚ ਹਰ ਕਿਸੇ ਨੇ (ਸਾਡੀ ਪੀੜ੍ਹੀ ਵਿਚੋਂ) ਇਹ ਸਥਿਤੀ ਜ਼ਰੂਰ ਹੰਢਾਈ ਹੈ।

ਗੱਲ ਕੀ, ਹਰ ਕਹਾਣੀ ਵਿਚ ਸ਼ਬਦਾਂ ਰਾਹੀਂ ਮੂਰਤਾਂ ਬਣਾਈਆਂ ਹਨ ਜਿਹੜੀਆਂ ਪਾਠਕ ਸਾਹਮਣੇ ਬੇਕਾਰ ਹੋਈ ਜਾਂਦੀਆਂ ਨੇ 'ਟਿੱਬੇ ਦੀ ਰੇਤ' ਵਿਚ ਸਾਈਕਲ ਉਤੇ ਮੁੜ ਮੁੜ ਪਿਛੇ ਝਾਕਦੀ ਕੁੜੀ। ਨੰਗੇ ਪੈਰੀ ਤੁਰਿਆ ਜਾ ਰਿਹਾ ਮੁੰਡਾ। ਕਮਾਲ ਹੈ।

ਕਈ ਥਾਂ ਵਰਤੇ ਗਏ ਪ੍ਰਤੀਕ ਬਹੁਤ ਕੁਝ ਸੁਝਉਂਦੇ ਹਨ। ਪੈਡਿੰਗ ਡਰਾਫ਼ਟ ਵਿਚਲਾ ਕੰਨ ਖਜੂਰਾ, ਕੰਧ ਉਪਰਲਾ ਟਿੱਡਾ, ਦਾਗ। ਸੁਫ਼ਨਾ ਹੀ ਸਾਰੀ ਥੀਮ ਸਪਸ਼ਟ ਕਰ ਜਾਂਦਾ ਹੈ।

ਪੈੱਨ, ਸਿਊਂਕ, ਟਿੱਬੇ ਦੀ ਰੇਤ, ਕਾਲੀ ਰਾਤ, ਪੱਖੇ ਦੀ ਹਵਾ, ਉਂਗਲ ਦਾ ਜ਼ਖ਼ਮ, ਸਾਈਕਲ ਵਿਚ ਮੁਸਾਮ—ਬੜੇ ਪ੍ਰਭਾਵਸ਼ਾਲੀ ਪ੍ਰਤੀਕ ਬਣ ਜਾਂਦੇ ਹਨ ਜਿਹਨਾਂ ਦਾ ਸੁਝਾਊ ਪੱਖ ਗੌਲਣ ਯੋਗ ਹੈ।

'ਘਰ ਨੂੰ ਆਇਆ ਖ਼ੂਨ' ਅਤੇ 'ਬਚਨਾ' ਨੇ ਜ਼ਿਆਦਾ ਅਸਰ ਨਹੀਂ ਕੀਤਾ। 'ਉਂਗਲ ਚੋਂ ਸਿੰਮਦਾ ਲਹੂ' ਅਤੇ 'ਕਾਲੀ ਰਾਤ' ਵਿਚ ਵੀ ਯਥਾਰਥ ਦਾ ਜ਼ਿਆਦਾ ਦਖਲ ਹੈ।

ਏਨੀਆਂ ਵਧੀਆ, ਰੌਚਿਕ ਅਤੇ ਅਣਛੋਹੇ ਵਿਸ਼ਿਆਂ ਨੂੰ ਛੋਹਦੀਆਂ ਕਹਾਣੀਆਂ ਲਿਖਣ ਲਈ ਬਹੁਤੀਆਂ ਸਾਰੀਆਂ ਵਧਾਈਆਂ ਕਬੂਲ ਕਰੋ।

ਕਹਾਣੀਆਂ ਦੀ ਖ਼ੂਬਸੂਰਤੀ ਇਸ ਤੱਥ ਵਿਚ ਵੀ ਹੈ ਕਿ ਲੇਖਕ ਕਿਧਰੇ ਵੀ ਦਖਲ ਨਹੀਂ ਦਿੰਦਾ ਨਾ ਹੀ ਉਪਭਾਵੁਕਤਾ ਪੈਦਾ ਕਰਦਾ ਹੈ। ਨਾ ਹੀ ਪਾਤਰ ਦੀ ਸਥਿਤੀ ਦਾ ਮਾਤਮ ਮਨਾਉਂਦਾ ਹੈ। ਕਿਸੇ ਵਾਦ ਤੋਂ ਮੁਕਤ ਹੋਣਾ ਵੀ ਇਸ ਸੰਗ੍ਰਹਿ ਦਾ ਨਿਖੱਰਵਾਂ ਗੁਣ ਹੈ। ਸੰਕੋਚ, ਸੁਝਾਓ, ਸ਼ਬਦ ਚਿੱਤਰ ਅਤੇ ਵਰਤੇ ਗਏ ਪ੍ਰਤੀਕ 'ਸ਼ੀਸ਼ੇ ਵਿਚਲਾ ਅਕਸ਼' ਨੂੰ ਹਰ ਪੱਖ ਤੋਂ ਗੂੜ੍ਹਾ ਬਣਾਉਣ ਵਿਚ ਸਹਾਈ ਹੁੰਦੇ ਹਨ। ਇਹ ਟਾਈਟਲ ਵੀ ਢੁੱਕਵਾਂ ਹੈ। ਹਰ ਕਹਾਣੀ ਵਿਚ ਪਾਠਕ ਜੀਵਨ ਦਾ ਅਕਸ ਦੇਖਦਾ ਹੈ ਅਤੇ ਕੁਝ ਵਿਚ ਆਪਣਾ ਆਪਾ ਵੀ। ਸਾਹਿਤ ਆਖਰ ਜੀਵਨ ਦਾ ਅਕਸ ਹੀ ਤਾਂ ਹੁੰਦਾ ਹੈ।

*—ਅਵਤਾਰ ਸਿੰਘ ਬਿਲੰਗ, ਪਿੰਡ ਸੇਹ (ਖੰਨਾ)*



## ਸ਼ਿਲਾਲੇਖ /*(ਅਜੀਤ ਸਿੰਘ ਰਾਹੀ)*

ਅਜੀਤ ਸਿੰਘ ਰਾਹੀ ਬਹੁ ਪੱਖੀ ਕਲਾਕਾਰ ਹੈ। ਸ਼ਿਲਾਲੇਖ ਉਸਦਾ ਦੂਜਾ ਕਾਵਿ ਸੰਗ੍ਰਹਿ ਹੈ। ਅਜੀਤ ਸਿੰਘ ਰਾਹੀ ਬਹੁਤ ਘੱਟ ਛਪਿਆ ਹੈ। ਪਰ ਉਹ ਲਿਖਦਾ ਲੰਮੇਂ ਸਮੇਂ ਤੋਂ ਆ ਰਿਹਾ ਹੈ। ਸਮੇਂ ਸਮੇਂ ਆਪਣੇ ਮਨ ਵਿਚ ਆਏ ਵਿਚਾਰ ਪਰਸਥਿਤੀਆਂ ਦੇ ਪਰਭਾਵ ਉਹ ਲੰਮੇ ਸਮੇਂ ਤੋ ਕਲਮ ਬੰਦ ਕਰਦਾ ਆ ਰਿਹਾ ਹੈ। ਉਹ ਆਪਣੇ ਮਨੋਭਾਵਾਂ ਨੂੰ ਮਿੱਤਰਾਂ ਦੀ ਮਹਿਫਲ ਵਿਚ ਬਹਿਕੇ ਪਰਗਟ ਕਰਦਾ ਹੈ। ਇਹ ਮਨੋਭਾਵ ਵਕਤੀ ਪਰਭਾਵ ਦਾ ਪ੍ਰਗਟਾਵਾ ਵੀ ਹੁੰਦੇ ਹਨ ਤੇ ਡੂੰਘੇ ਦਾਰਸ਼ਨਿਕ ਚਿੰਤਨ ਦਾ ਵੀ ਪ੍ਰਗਟਾ ਹੁੰਦੇ ਹਨ। ਅਜੀਤ ਸਿੰਘ ਰਾਹੀ ਪੇਸ਼ੇ ਵਜੋਂ ਚਿੰਤਕ ਨਹੀਂ ਲਗਨ ਵਜੋਂ ਚਿੰਤਕ ਹੈ। ਉਹ ਉਸ ਸਮੇਂ ਪੁਸਤਕਾਂ ਖਰੀਦ ਕੇ ਪੜ੍ਹਦਾ ਸੀ ਜਦੋਂ ਉਸ ਦੀ ਕਮਾਈ ਗੁਜ਼ਾਰੇ ਜੋਗੀ ਸੀ ਤੇ ਹੁਣ ਵੀ ਪੜ੍ਹਦਾ ਹੈ, ਜਦੋਂ ਉਸ ਨੂੰ ਰੋਟੀ ਦੀ ਚਿੰਤਾ ਨਹੀਂ। ਸਾਰਾ ਦਿਨ ਕਰੜੀ ਮਿਹਨਤ ਕਰਨ, ਲੋਹਾ ਰਗੜਨ ਉਪਰੰਤ ਉਹ ਰੀਲੈਕਸ ਹੋਣ ਲਈ ਪੜ੍ਹਦਾ ਹੈ। ਕਿਸੇ ਸਮੇਂ ਉਹ ਲੋਟ ਪੋਟ ਤੇ ਹੋਰ ਹਲਕੇ ਰਸਾਲੇ ਪੜ੍ਹਦਾ ਸੀ। ਅਜ ਗੰਭੀਰ ਸਾਹਿਤ ਪੜ੍ਹਦਾ ਤੇ ਉਸਨੂੰ ਗੁੜਦਾ ਹੈ। ਅਜ ਉਹ ਗੰਭੀਰ ਤੋਂ ਗੰਭੀਰ ਮਸਲਿਆਂ ਤੇ ਆਪਣੇਂ ਵਿਚਾਰ ਪੇਸ਼ ਕਰਦਾ ਸਾਹਿਤ, ਇਤਿਹਾਸ, ਰਾਜਨੀਤੀ ਤੇ ਦਰਸ਼ਨ ਦਾ ਪਰੋਫੈਸਰ ਜਾਪਦਾ ਹੈ। ਸਧਾਰਨ ਵਿਅਕਤੀ ਉਸਦੇ ਕਸਬ ਤੇ ਉਸਦੀ ਸੂਝ ਦੇ ਸੁਮੇਲ ਨੂੰ ਦੇਖਕੇ ਦੰਗ ਰਹਿ ਜਾਂਦਾ ਹੈ। ਤੇ ਸਤਿਕਾਰ ਵਜੋਂ ਮਿਸਤਰੀ ਤੇ ਜੀ ਤੇ ਪੁਜ ਜਾਂਦਾ ਹੈ।

ਅਜੀਤ ਸਿੰਘ ਰਾਹੀ ਨੇ ਜਿਥੇ ਚਿੰਤਨ ਦੀ ਗੁੜ੍ਹ ਸਤਿਕਾਰ ਯੋਗ ਪਿਤਾ ਸ. ਗੱਜਾ ਸਿੰਘ ਤੋਂ ਲਈ ਹੈ, ਜਿਹੜੇ ਕਿ ਸੰਗੀਤ ਤੇ ਗੁਰਮਤ ਕਾਵਿ ਦੇ ਰਸੀਏ ਸਨ ਉਥੇ ਆਪਣੇ ਦਰਿਸ਼ਟੀਕੋਣ ਤੇ ਚਿੰਤਨ ਨੂੰ ਮਿਤਰਾਂ ਤੋਂ ਗ੍ਰਹਿਣ ਕੀਤਾ ਹੈ। ਪੰਜਾਬ ਦਾ ਕੋਈ ਰਾਜਨੀਤੀਕ ਸਾਹਿਤਕ ਸਮਾਜਿਕ ਵਿਅਕਤੀ ਅਜਿਹਾ ਨਹੀ ਜਿਸਦਾ ਸਮੇਂ ਸਮੇਂ ਵਾਹ ਅਜੀਤ ਸਿੰਘ ਨਾਲ ਨਾ ਪਿਆ ਹੋਵੇ। ਜਿਥੇ ਅਜੀਤ ਸਿੰਘ ਉਹਨਾਂ ਤੋਂ ਪ੍ਰਭਾਵਤ ਹੋਇਆ ਹੈ। ਉਥੇ ਉਹ ਵਿਅਕਤੀ ਵੀ ਅਜੀਤ ਸਿੰਘ ਤੋਂ ਪ੍ਰਭਾਵਤ ਹੋਏ ਬਿਨਾਂ ਨਹੀਂ ਰਿਹਾ। ਇਸੇ ਲਈ ਅੱਜ ਅਜੀਤ ਸਿੰਘ ਦੇ ਮਿੱਤਰਾਂ ਦੇ ਦਾਇਰੇ ਵਿਚ ਜਿੱਥੇ ਵੱਡੇ ਅਫਸਰ ਪੁਲਸ ਅਧਿਕਾਰੀ ਡਾਕਟਰ, ਸਾਹਿਤਕਾਰ ਤੇ ਪਰੋਫੈਸਰ ਹਨ, ਉਥੇ ਆਪਣੇ ਸਮੇਂ ਦੇ ਕਹਿੰਦੇ ਕਹਾਉਂਦੇ ਘੈਂਟ, ਵਿਅਕਤੀ ਵੀ ਅਜੀਤ ਸਿੰਘ ਨਾਲ ਆਪਣੀ ਸਾਂਝ ਦਾ ਪਰਗਟਾਵਾ ਕਰਦੇ ਰਹੇ ਹਨ। ਇਹਨਾਂ ਸਾਰੇ ਪ੍ਰਭਾਵਾਂ ਤੇ ਪਰਸਥਿਤੀਆਂ ਨੇ ਅਜੀਤ ਸਿੰਘ ਨੂੰ ਵਿਗਾੜਿਆ ਨਹੀਂ। ਕੁਰਾਹੇ ਨਹੀਂ ਪਾਇਆ ਬਲਕਿ ਸਮਾਜ ਨੂੰ ਡੂੰਘੀ ਤਰਾਂ ਸਮਝਣ ਦੀ ਸਮਰਥਾ ਦਿਤੀ ਹੈ। ਅੱਜ ਅਜੀਤ ਸਿੰਘ ਕੋਲ ਸਭ ਕੁਝ ਹੈ। ਪਰੰਤੂ ਉਹਦੀ ਆਤਮਾ ਇੱਕਲੀ ਹੈ, ਭੁਖੀ ਹੈ, ਪਿਆਸੀ ਹੈ। ਪਪੀਹੇ ਵਾਂਗ ਸਵਾਂਤ ਬੂੰਦ ਲਈ ਤੜਫਦੀ ਹੈ, ਕੂਕਦੀ ਹੈ। ਹਥਲੇ ਸੰਗ੍ਰਹਿ ਵਿਚ ਇਹੋ ਕੁਝ ਹੈ। ਇਸ ਨੂੰ ਕਵਿਤਾ ਕਹਿ ਲਓ ਚਾਹੇ ਸਮਾਜ ਦੀਆਂ ਗਲਤ ਕੀਮਤਾਂ ਤੇ ਵਾਰ ਕਹਿ ਲਉ। ਇਹ ਫੈਸਲਾ ਤੁਹਾਡੇ ਹੱਥ ਹੈ।

ਅਜੀਤ ਸਿੰਘ ਰਾਹੀ ਕਿਰਤੀ ਵਰਗ ਵਿਚੋਂ ਹੈ। ਉਹ ਆਪਣੀ ਧਿਰ ਬਾਰੇ ਸਪਸ਼ਟ ਹੈ। ਉਹ ਚਾਹੁੰਦਾ ਹੈ ਕਿ ਅਜਿਹਾ ਸਮਾਜ ਸਿਰਜਿਆ ਜਾਵੇ ਜਿਥੇ ਕਿਰਤ ਦੀ ਲੁੱਟ ਦੀ ਥਾਂ ਕਦਰ ਹੋਵੇ। ਆਪਣੇ ਹਥਲੇ ਸੰਗ੍ਰਹਿ ਵਿਚ ਉਸਨੇ ਇਸਦੀ ਗਲ ਕੀਤੀ ਹੈ। ਅਜ ਦੀ ਸਿਆਸਤ ਬਾਰੇ ਉਹ ਕਹਿੰਦਾ ਹੈ—

ਅੱਜ ਦੀ ਗੰਧਲੀ ਸਿਆਸਤ
ਕੁਰਸੀਆਂ ਦਾ ਰਾਮ ਰੌਲਾ
ਜਿਉਂ ਅੰਨ੍ਹੀ ਨੂੰ ਧੂਹਵੇ ਬੋਲਾ
ਬੌਂਚਿਆ ਦਾ ਕੀਚ-ਘਚੋਲਾ
ਲਿਖੇ ਮੂਸਾ-ਪੜ੍ਹੇ ਖ਼ੁਦਾ
ਕਰ ਵਾਅਦੇ ਤੇ ਮੁਕਰ ਜਾਹ (ਪੰਨਾ 93)

ਅਜੀਤ ਸਿੰਘ ਰਾਹੀ ਦੀ ਕਾਵਿ ਕਲਾ ਦਾ ਇਕ ਅਹਿਮ ਪੱਖ ਸਮਾਜ ਦੀਆ ਗਲਤ ਕਦਰਾਂ ਕੀਮਤਾਂ ਤੇ ਵਿਅੰਗ ਤੇ ਕਟਾਖਸ਼ ਦਾ ਵਾਰ ਕਰਨਾ ਹੈ। ਇਸ ਸੰਗ੍ਰਹਿ ਵਿਚ ਦਰਜਣਾਂ ਕਵਿਤਾਵਾਂ ਇਸ

ਦਾ ਉਦਾਹਰਨ ਹਨ। ਜਿਵੇਂ ਦੂਨੀਆਂ, ਕਿਥੇ, ਵੋਟ, ਤਿੰਨ ਬਾਂਦਰ, ਨੇਤਾ ਜੀ ਤੇ ਹੋਰ ਕਵਿਤਾਵਾ।

ਜੀਵਨ ਦੇ ਤਜਰਬੇ, ਚਿੰਤਨ ਤੇ ਅਨੁਭਵ ਨੇ ਅਜੀਤ ਸਿੰਘ ਰਾਹੀ ਨੂੰ ਜੀਵਨ ਨੂੰ ਸਮਝਣ ਜੋਗਾ ਬਣਾ ਦਿੱਤਾ ਹੈ। ਉਹ ਬੁਰਜੁਵਾ ਸਮਾਜ ਦੇ ਵਰਤਾਰੇ ਤੇ ਖਾਸ ਕਰਕੇ ਜਗੀਰੂ ਰਿਸ਼ਤਿਆਂ ਦੇ ਟੁੱਟਣ ਦੀ ਗਲ ਕਰਦਾ ਹੈ।

ਟੁਟਦਾ ਨਹੀਂ ਕੱਚ ਵੀ ਇਸ ਤਰਾਂ ਦੋਸਤਾ
ਟੁਟਦੇ ਅੱਜ ਰਿਸ਼ਤੇ ਜ਼ਿੰਦਗੀ ਦੇ ਜਿਸ ਤਰਾਂ।

ਅਜੀਤ ਸਿੰਘ ਰਾਹੀਂ ਉਹਨਾਂ ਸ਼ਾਇਰਾਂ ਵਿਚੋਂ ਹੈ ਜਿੰਨਾ ਨੇ ਛੋਟੀ ਕਵਿਤਾ ਵਿਚ ਵੱਡੀ ਗੱਲ ਕਰਨੀ ਹੈ। ਇਹੋ ਅਜੀਤ ਸਿੰਘ ਦੀ ਵਿਸ਼ੇਸ਼ਤਾ ਤੇ ਇਹੋ ਵਿਲੱਖਣਤਾ ਹੈ।

ਪਿਛਲੇ ਸਮੇਂ ਵਿਚ ਲਿਖੀ ਗਈ ਬਹੁਤੀ ਛੰਦ ਮੁਕਤ ਕਵਿਤਾ ਕਾਵਿਕਤਾ ਤੋਂ ਸੱਖਣੀ ਸੀ। ਅਜੀਤ ਸਿੰਘ ਨੇ ਕਵਿਤਾ ਛੰਦ ਮੁਕਤ ਲਿਖੀ ਹੈ, ਪਰੰਤੂ ਇਸ ਇਕ ਕਾਵਿਕਤਾ ਹੈ, ਇਕ ਰਿਦਮ ਹੈ। ਉਹਦੀ ਕਵਿਤਾ ਸਹਿਜੇ ਹੀ ਮੂੰਹ ਚੜ੍ਹਦੀ ਹੈ। ਇਹ ਗੁਣ ਛੰਦ ਬੱਧ ਕਵਿਤਾ ਦਾ ਹੈ।

ਹੱਥਲੇ ਸੰਗ੍ਰਹਿ ਦੀਆਂ ਕਵਿਤਾਵਾਂ ਅਜੀਤ ਸਿੰਘ ਰਾਹੀ ਪਿਛਲੇ ਤੀਹ ਸਾਲਾਂ ਦੇ ਤਜਰਬੇ, ਚਿੰਤਨ ਤੇ ਸਮਾਜਿਕ ਵਰਤਾਰਿਆ ਦਾ ਵੀ ਵਰਨਣ ਹਨ। ਉਥੇ ਨਿਜੀ ਦੁੱਖਾਂ, ਭੁਖਾਂ ਤੇ ਉਦਰੇਵਿਆਂ ਦਾ ਵੀ ਵਰਨਣ ਹਨ। ਸ਼ਾਇਦ ਇਹ ਉਹ ਦੁੱਖ ਤੇ ਭੁੱਖਾਂ ਹਨ, ਜਿਹੜੀਆਂ ਹਰ ਇਕ ਇਨ ਵਿਅਕਤੀ ਨੂੰ ਭੋਗਣੇ ਪੈਂਦੇ ਹਨ। ਪਰੰਤੂ ਬਹੁਤ ਘਟ ਲੋਕ ਹਨ, ਜਿਹੜੇ ਇਹਨਾਂ ਨੂੰ ਲੋਕਾਂ ਦੇ ਗ਼ਮਾਂ ਨਾਲ ਮੇਲਕੇ ਕਾਵਿ-ਰੂਪ ਦੇ ਦਿੰਦੇ ਹਨ। ਅਜੀਤ ਸਿੰਘ ਰਾਹੀ ਨੇ ਅਜਿਹਾ ਕੀਤਾ ਹੈ।

ਹੱਥਲੇ ਸੰਗ੍ਰਹਿ ਦੀਆਂ ਕਵਿਤਾਵਾਂ ਅਜੀਤ ਸਿੰਘ ਰਾਹੀ ਦੀ ਸੂਝ ਤੇ ਕਾਵਿ ਕਲਾ ਦੀ ਪਕਿਆਈ ਦੀਆਂ ਸੂਚਕ ਹਨ।

*—ਸੁਰਜੀਤ-ਗਿੱਲ*

## ਸਵੇਰ ਆਏਗੀ (ਮਹਾਵੀਰ ਦਰਦੀ)

88 ਸਫ਼ਿਆਂ ਵਿੱਚ ਮਹਿਕਦਾ 74 ਗ਼ਜ਼ਲਾਂ ਸਮੋਈ ਬੈਠਾ ਮਹਾਂਬੀਰ ਸਿੰਘ ਦਰਦੀ ਦਾ ਖ਼ੂਬਸੂਰਤ ਗ਼ਜ਼ਲ ਸੰਗ੍ਰਹਿ ਆਧੁਨਿਕ ਗ਼ਜ਼ਲ ਦਾ ਇੱਕ ਮੀਲ ਪੱਥਰ ਬਣ ਕੇ ਉੱਭਰਿਆ ਹੈ। ਮਹਾਂਵੀਰ ਸਿੰਘ ਦਰਦੀ ਨੇ ਆਪਣੀ ਉਮਰ ਦਾ ਬੇਹਤਰੀਨ ਹਿੱਸਾ ਹੱਕ, ਸੱਚ, ਬੇਇਨਸਾਫ਼ੀ, ਲੁੱਟ-ਘਸੁੱਟ ਅਤੇ ਭਾਰਤੀ ਲੋਟੂ ਨਿਜ਼ਾਮ ਦੇ ਬਣਦੇ ਢਹਿੰਦੇ ਜ਼ੁਲਮੀ ਕਿੰਗਰਿਆਂ ਦੇ ਦੋਂਹਪਾਸੀ ਖੜੇ ਤਾਨਾਸ਼ਾਹੀ ਬਾਘਾਂ ਅਤੇ ਨਿਹੱਥੇ ਨਪੀੜੇ ਲੋਕਾਂ ਦੇ ਬੇਕਿਰਕ ਸੰਘਰਸ਼ਾਂ ਵਿੱਚ ਖੁਦ ਲੋਕਾਂ ਦੇ ਪਾਸੇ ਸ਼ਮੂਲੀਅਤ ਕਰਕੇ 'ਅਸਲ ਗੱਲ' ਦਾ ਸਮੁੱਚਾ ਤਜ਼ਰਬਾ ਹਾਸਿਲ ਕੀਤਾ ਹੈ। ਏਸੇ ਲਈ ਉਸਦੀਆਂ ਗ਼ਜ਼ਲਾਂ ਵਿਚਲੇ ਉੱਚੇ ਬੋਲ ਜੋ ਕਿ ਹਉਕੇ ਤੋਂ ਅਗਾਂਹ ਨਾਅਰਾ ਬਣਦੇ ਹਨ, ਅਮਲ ਦੀ ਅੱਗ ਥਾਣੀ ਗੁਜ਼ਰੇ ਕੁੰਦਨ ਹੋਏ ਜਾਪਦੇ ਹਨ। ਦਰਦੀ ਚੂੰਕਿ ਦੱਬੇ-ਕੁਚਲੇ ਲੋਕਾਂ ਦੇ ਸੰਘਰਸ਼ਾਂ ਦਾ ਬੁਲਾਰਾ ਹੈ ਇਸ ਲਈ ਉਸ ਦੇ ਸ਼ਿਅਰ ਅਣਖ ਨਾਲ ਗੜੁੱਚ ਅਤੇ ਆਸਮੁਖੀ ਹਨ। ਦਰਦੀ ਲੰਮੀ ਉਮਰ ਹੰਢਾਉਣ ਉਪਰੰਤ ਹੀ ਕਲਮ ਨੂੰ ਪੂਰੀ ਤਰ੍ਹਾਂ ਸਮਰਪਿਤ ਹੋਇਆ। ਪਹਿਲਾਂ ਪਹਿਲ ਮੈਨੂੰ ਦਰਦੀ ਦੀਆਂ ਗ਼ਜ਼ਲਾਂ ਮਹਿਜ਼ ਮੁਲਾਜ਼ਮ ਜਲਸਿਆਂ ਵਿਚ ਪੜ੍ਹਨ ਵਾਲੀਆਂ ਕਵਿਤਾਵਾਂ ਜਾਪਦੀਆਂ ਸਨ, ਪਰ ਦਰਦੀ ਦੇ ਸਿਦਕ ਸਿਰੜ ਅਤੇ ਮਿਹਨਤ ਨੇ ਉਸ ਨੂੰ ਗ਼ਜ਼ਲ ਜਿਹੀ ਨਾਜ਼ੁਕ-ਹੁਸੀਨ ਸਿਨਫ਼ ਦੇ ਅਨੁਕੂਲ ਬਣਾ ਦਿੱਤਾ। ਕਹਿੰਦੇ ਨੇ ਕਿ ਸ੍ਰੀ ਗੁਰੂ ਅਮਰ ਦਾਸ ਜੀ ਨੇ 'ਅਨੰਦ ਸਾਹਿਬ' ਵਰਗੀ ਉੱਚ ਪੱਧਰੀ ਰਚਨਾ ਵਢੇਰੀ ਤੇ ਬਜ਼ੁਰਗੀ ਦੀ ਉਮਰ ਵਿਚ ਲਿਖੀ ਸੀ। ਏਸੇ ਤਰ੍ਹਾਂ ਦਰਦੀ ਦਾ ਵੀ ਹੰਢੀ ਉਮਰੇ ਇਹ ਗ਼ਜ਼ਲ ਸੰਗ੍ਰਹਿ ਦੇਣਾ ਵੀ ਅੱਲੜ ਜਜ਼ਬਾਤਾਂ ਤੋਂ ਅਗਾਂਹ ਯਥਾਰਥਿਕਤਾ ਨੂੰ ਪਹੁੰਚਦਾ ਹੈ।

ਦਰਦੀ ਨੇ ਆਪਣੀਆਂ ਗ਼ਜ਼ਲਾਂ ਕਿਸੇ ਨਾ ਕਿਸੇ ਬਹਿਰ ਵਿਚ ਰੱਖ ਕੇ ਸਾਬਤ ਕੀਤਾ ਹੈ ਕਿ ਉਹ ਪਿੰਗਲ ਤੇ ਆਰਜ਼ੂ ਤੋਂ ਜਾਣੂੰ ਹੈ। ਉਸ ਨੇ ਬਹੁਤੀਆਂ ਗ਼ਜ਼ਲਾਂ ਚਾਰ ਮੁਫਾਈਲੁਨ ਅਤੇ ਪੰਜਾਬੀ ਵਿੱਚ



ਪ੍ਰਸਿੱਧ ਰਮਲ ਵਿੱਚ ਲਿਖੀਆਂ ਹਨ। ਉਸਦੇ ਬਹੁਤ ਸਾਰੇ ਸ਼ਿਅਰ ਗੌਰਤਲਬ ਹਨ ਜਿਵੇਂ:

ਕਦੇ ਇਲਤੀ ਖਰੂਦੀ ਤੇ ਜਨੂੰਨੀ ਇਸ ਤਰ੍ਹਾਂ ਦਰਦੀ,
ਵਤਨ 'ਚੋਂ ਸਾਂਝ ਦੇ ਬੂਟੇ ਉਖਾੜਨਗੇ-ਪਤਾ ਨਾ ਸੀ।

ਸੁਆਰਥ ਨੂੰ ਕੁਦਰਤ ਨੂੰ ਖਿਆਲਾਂ 'ਚੋਂ ਮਿਟਾ ਦੇਵੀਂ,
ਦਿਲਾਂ ਦੀ ਮੂਕ ਹੋਈ ਵੇਦਨਾ ਨੂੰ ਜੀਭ ਲਾ ਦੇਵੀਂ।

ਅਮਲ ਦਾ ਖ਼ੂਨ ਦੇ ਕੇ ਜ਼ਿੰਦਗੀ ਨੂੰ ਜ਼ਿੰਦਗੀ ਦੇਵੋ
ਗ਼ਜ਼ਲ ਰਾਹੀਂ ਮੈਂ ਸਾਰੇ ਕਲਮਕਾਰਾਂ ਨੂੰ ਲਿਖੇ ਪੱਤਰ।

ਹਨ੍ਹੇਰੀ ਬਣ ਚੜ੍ਹੇ ਨੇ ਗੈਟ ਤੇ ਪੇਟੈਂਟ ਸਮਝੌਤੇ
ਬਚਾਉਣੀ ਹੈ ਅਸਾਂ ਰਲਮਿਲ ਕੇ ਖੇਤਾਂ ਕਿਆਰਿਆਂ ਦੀ ਗੱਲ।

ਸਿਆਸਤ ਦੇਸ਼ ਦੀ ਹੈ ਡਿਗ ਪਈ ਇਖਲਾਕ ਤੋਂ ਥੱਲੇ।
ਬਣੇਗਾ ਲੋਕ ਤੰਤਰ ਮਸ਼ਕਰੀ ਮਹਿਸੂਸ ਕਰਦਾ ਹਾਂ।... ਅਤੇ ਹੋਰ ਅਨੇਕਾਂ।

ਦਰਦੀ ਨੇ ਬਹਿਰਾਂ ਦੀ ਲੋੜ ਪੂਰਤੀ ਵਾਸਤੇ ਆਮ ਸ਼ਾਇਰਾਂ ਵਾਂਗ ਤਲੱਫ਼ੁਜ ਨੂੰ ਵਿਗਾੜਨ ਨਹੀਂ ਦਿੱਤਾ। ਦਰਦੀ ਪੂਰੀ ਸੁਰਤ ਰੱਖਦਾ ਹੈ ਕਿ ਸਾਰੇ ਧਰਮ-ਸਥਾਨ ਖੁਦਾਈ ਨੂੰ ਫਾਹੇ ਲਾਉਣ ਲਈ ਹਨ। ਸ਼ਾਇਰ ਇਹ ਵੀ ਸਮਝਦਾ ਹੈ ਕਿ ਜੱਨਤ ਏਸੇ ਹੀ ਧਰਤੀ ਨੇ ਬਣਨਾ ਹੈ। ਉਹ ਮਿਹਨਤੀਆਂ ਦੇ ਪੱਖ ਵਿੱਚ ਵਕਾਲਤੀ ਹੈ ਅਤੇ ਮਿਹਨਤ ਦੇ ਲੋਟੂਆਂ ਵਾਸਤੇ ਉਹ ਦੋ ਟੁੱਕ ਫੈਸਲਾ ਦੇਂਦਾ ਹੈ ਕਿ ਮਿਹਨਤੀਆਂ ਨੇ ਉਸ ਨੂੰ ਗਲ੍ਹੋਂ ਫੜਨਾ ਹੈ। ਉਹ ਲੋਕਾਂ ਵੱਲੋਂ ਲੜੇ ਜਾ ਰਹੇ ਸੰਘਰਸ਼ਾਂ ਦੀ ਪਵਿੱਤਰਤਾ ਦਾ ਪੁਜਾਰੀ ਹੈ। ਉਹ ਨੇਤਾਵਾਂ ਨੂੰ ਲਲਕਾਰ ਕੇ ਕਹਿੰਦਾ ਹੈ ਕਿ ਜੇ ਤੁਸੀਂ ਲਹੂ ਵਹਾਕੇ ਵੀ ਅਮਲ ਚਾਹੋਗੇ ਤਾਂ ਮੁਸ਼ਕਿਲ ਹੈ। ਸਿਆਸਤ ਦੇ ਦਲਾਲਾਂ ਨੂੰ ਦੂਰ ਫਿਟ ਕਰਦਾ ਹੈ। ਉਹ ਆਉਣ ਵਾਲੇ ਸਵੇਰੇ ਤੀਕ ਮਿਹਨਤਕਸ਼ ਲੋਕਾਂ ਨੂੰ ਦੀਵੇ ਬਾਲ ਕੇ ਰੱਖਣ ਦੀ ਸਲਾਹ ਦੇਂਦਾ ਹੈ। ਸ਼ਾਇਰ ਵਧ ਰਹੀ ਨਫ਼ਰਤ ਅਤੇ ਐਟਮ ਬੰਬਾਂ ਤੋਂ ਭੈ-ਭੀਤ ਨਹੀਂ ਸਗੋਂ ਵਿਰੋਧ ਵਿਚ ਡਟ ਕੇ ਖੜ੍ਹਾ ਹੈ। ਲੋਕ ਪੱਖੀ ਆਤਮਾ ਦੇ ਜ਼ਖ਼ਮਾਂ ਦੀ ਨਿਸ਼ਾਨਦੇਹੀ ਕਰਦੀ ਮਹਾਂਵੀਰ ਸਿੰਘ ਦਰਦੀ ਦੀ ਇਹ ਪੁਸਤਕ ਦੀ ਜਿੰਨੀ ਵੀ ਸਿਫ਼ਤ ਸਲਾਹ ਕੀਤੀ ਜਾਵੇ ਥੋੜ੍ਹੀ ਹੈ। ਪੰਜਾਬੀ ਸਾਹਿਤ ਜਗਤ ਅਤੇ ਖਾਸ ਕਰਕੇ ਗ਼ਜ਼ਲ ਦੀ ਰੂਹ ਦੇ ਆਸ਼ਕਾਂ ਨੂੰ ਖਾਸ ਤੌਰ ਤੇ ਮੈਂ ਸੱਦਾ ਦੇਂਦਾ ਹਾਂ ਕਿ 'ਸਵੇਰ ਆਏਗੀ' ਗ਼ਜ਼ਲ ਸੰਗ੍ਰਹਿ ਨੂੰ ਉਹ ਜ਼ਰੂਰ ਪੜ੍ਹਨ, ਵਾਚਣ ਅਤੇ ਪ੍ਰਵਚਨ ਚਲਾਉ।

*—ਸੁਲੱਖਣ ਸਰਹੱਦੀ*


*ਹਰਭਜਨ ਸਿੰਘ ਹੁੰਦਲ*

*ਸੰਪਾਦਕ ਚਿਰਾ.ਗ ਦੀਆਂ*

**ਨਵੀਆਂ ਛਪੀਆਂ ਪੁਸਤਕਾਂ**

1. *ਕਿਵੇਂ ਗੁਜ਼ਾਰੀ ਜ਼ਿੰਦਗੀ (ਸਵੈ-ਜੀਵਨੀ)*
2. *ਖਿਆਲ ਆਪੋ.ਆਪਣਾ (ਕਵਿਤਾ)*
3. *ਕੰਧ ਉਹਲੇ ਪ੍ਰਦੇਸ (ਸ.ਫਰਨਾਮਾ)*
4. *ਮੋਤੀਆਂ ਵਰਗੇ ਅੱਖਰ (ਮਿ.ਡਲ)*
5. *ਘੁੰਮਦੇ ਫਿਰਦਿਆਂ (ਰੇਖਾ-ਚਿਤਰ ਤੇ ਮੁਲਾਕਾਤਾਂ)*
6. *ਜੀਵਨ-ਯਾਦਾਂ (ਅਨੁਵਾਦ) ਪਾਬਲੋ ਨੇਰੂਦਾ*

# ਖ਼ਿਆਲ ਆਪੋ ਆਪਣਾ

ਅਮਰਜੀਤ ਢੁਡੀਕੇ ਦੀ ਚੌਥੀ ਗ਼ਜ਼ਲ ਦੀ ਸਤਰ 'ਨਾ ਬਣੀ ਖ਼ਾਕ ਤੇ ਨਾ ਬਣੀ ਰੌਸ਼ਨੀ' ਵਿੱਚ 'ਖ਼ਾਕ ਦੀ ਥਾਂ ਸ਼ਬਦ 'ਰਾਖ਼' ਜ਼ਿਆਦਾ ਢੁੱਕਦਾ ਹੈ ਕਿਉਂਕਿ ਦੂਜੇ ਮਿਸਰੇ ਵਿੱਚ ਸ਼ਬਦ 'ਸੁਲਗਦੀ' ਆਇਆ ਹੈ।

ਦਰਸ਼ਨ ਬੁੱਟਰ ਜੇ ਮੋਟੇ ਤੌਰ 'ਤੇ 'ਪੁਆਖੇ ਪਲਾਂ ਦੀ ਦਾਸਤਾਂ/ਬੇਜ਼ੁਬਾਂ ਮਿੱਟੀ ਦੀ/ਹਿੱਕ 'ਤੇ ਉੱਕਰ ਦਿੰਦਾ' ਨੂੰ 'ਫ਼ਿਜ਼ਾ' 'ਚ ਬਾਰੂਦ ਘੋਲਦਾ' ਨਾਲ ਜੋੜ ਕੇ ਲਿਖੇ ਤਾਂ ਨਜ਼ਮ ਦੀ ਲੈਅ ਵਿੱਚ ਪੈ ਰਿਹਾ ਵਿਘਨ ਦੂਰ ਹੋ ਸਕਦਾ ਹੈ। ਨਜ਼ਮ ਜੇ ਦੁਬਾਰਾ ਸੋਧ ਕੇ ਲਿਖੇ ਤਾਂ ਹੋਰ ਚੰਗਾ। ਕੰਵਲਜੀਤ ਭੁੱਲਰ ਦੀ ਪਹਿਲੀ ਨਜ਼ਮ ਦੀ ਸਤਰ 'ਜ਼ਿਹਨ 'ਚੋਂ ਜਲਾਵਤਨ ਕਰਨ ਦੀ ਸਾਜ਼ਿਸ਼ ਵੀ' ਵਿਚਲਾ ਸ਼ਬਦ 'ਸਾਜ਼ਿਸ਼' ਢੁੱਕਦਾ ਨਹੀਂ। ਇਸ ਦੀ ਥਾਂ ਸ਼ਬਦ 'ਆਜ਼ਾਦੀ' ਜਾਂ ਕੋਈ ਹੋਰ ਸ਼ਬਦ ਵਰਤ ਲੈਣਾ ਚਾਹੀਦੈ। ਨਾਲ ਹੀ 'ਤਲੀ ਦੀਆਂ ਲਕੀਰਾਂ ਦੀ ਸਰਹੱਦ ਅੰਦਰ' ਦੀ ਬਜਾਏ 'ਤਲੀਤੇ ਲਿਖਣਾ ਕਾਫ਼ੀ ਹੈ। ਜਦ ਕਿ ਨਜ਼ਮ ਖ਼ੂਬਸੂਰਤ ਹੈ।

ਨਵਾਂ ਚਿਹਰਾ ਮਨਦੀਪ ਪੰਧੇਰ—ਅੰਗਾਂ 'ਚ ਉਸਾਰੂ ਸੋਚ ਦਾ ਬੀਜ, ਬੁਰਜੂਆ ਹਨੇਰ, ਫਿਰਕੂ ਹਨੇਰੀ, ਚਿਪਚਿਪੀ ਸੋਚ ਦੇ ਕੰਡੇ ਸਮੇਂ ਦੀ ਹਿੱਕ ਤੋਂ, ਚਿੜੀਆਂ ਦੀ ਤੂਫ਼ਾਨੀ ਸੋਚ ਆਦਿ ਲਿਖਣ ਵਰਗੇ ਦੋਸ਼ ਤੋਂ ਨਜਾਤ ਪਾ ਕੇ ਬਿਹਤਰ ਨਜ਼ਮ ਕਹਿ ਸਕਦਾ ਹੈ। ਜਦਕਿ ਉਸਦਾ ਹਮਸਾਇਆ ਜੇ.ਪਾਲ ਉਕਤ ਦੋਸ਼ ਤੋਂ ਬੇਸ਼ੱਕ ਮੁਕਤ ਹੈ ਪਰ ਉਸਨੂੰ ਵੀ ਆਪਣੀ ਨਜ਼ਮ ਨਾਲ ਆਖਰੀ ਚਾਰ ਸਤਰਾਂ ਜੋੜਨ ਦੀ ਲੋੜ ਨਹੀਂ। ਦਰਅਸਲ ਸਭ ਕੁਝ ਕਹਿ ਦੇਣ ਦਾ ਲਾਲਚ ਕਾਵਿ ਰਚਨਾ ਨੂੰ ਕਮਜ਼ੋਰ ਹੀ ਕਰਦਾ ਹੈ। ਕੁਝ ਅਣਕਿਹਾ ਛੱਡ ਦੇਣ ਨਾਲ ਨਜ਼ਮ ਦਾ ਆਕਰਸ਼ਨ ਵਧਦਾ ਹੀ ਹੈ—ਘਟਦਾ ਨਹੀਂ। ਮੈਂ ਖ਼ੁਦ ਹਾਲੀ ਪੂਰੀ ਤਰਾਂ ਦੋਸ਼-ਮੁਕਤ ਨਹੀਂ ਹੋ ਸਕਿਆਂ। ਅਧਿਐਨ, ਅਭਿਆਸ ਤੇ ਇਸਲਾਹ ਨਾਲ ਦੋਸ਼ ਦੂਰ ਕੀਤਾ ਜਾ ਸਕਦਾਂ ਹੈ।

ਕਹਾਣੀ 'ਝੱਖੀ' ਵਧੀਆ ਬਣ ਗਈ ਹੈ। ਸ਼ੋਰ ਪ੍ਰਦੂਸ਼ਨ ਨਿਸੰਦੇਹ ਜਨ ਮਾਨਸ ਲਈ ਡੂੰਘੀ ਚਿੰਤਾ ਦਾ ਵਿਸ਼ਾ ਹੈ। ਉਂਕਾਰਪ੍ਰੀਤ, ਗੁਰਨਾਮ ਢਿੱਲੋਂ ਤੇ ਵਿਸ਼ਾਲ ਹਸਬੇ ਮਾਮੂਲ ਖਿੱਚ ਪਾਉਂਦੇ ਨੇ। ਕਾਲਮ 'ਵਾਦ-ਵਿਵਾਦ' ਤੇ 'ਵਿਚਾਰ ਚਰਚਾ' ਵਿਚਾਰ ਉਤੇਜਕ ਨੇ। ਡੂੰਘੇ ਤੇ ਵਿਗਿਆਨਕ ਭਾਵ-ਬੋਧ ਵਾਲੀਆਂ ਲਿਖਤਾਂ ਦੀ ਗੰਭੀਰ ਪਾਠਕਾਂ ਨੂੰ ਭੁੱਖ ਰਹਿੰਦੀ ਹੈ।

ਜੇ 'ਪੁਸਤਕ ਪੜਚੋਲ' ਨਾ ਕਾਫ਼ੀ ਹੈ ਤਾਂ ਬਾਕੀ ਪੁਸਤਕਾਂ ਦਾ ਵੀ 'ਮੁਲਾਂਕਣ' ਹੀ ਕਰਵਾ ਲਿਆ ਕਰੋ।

ਨਿਸਾਰ ਅਲੀ ਗੌਹਰ ਸਾਹਿਬ! ਜੰਗੀ ਤਾਕਤਾਂ ਦਾ ਇਕ ਦੂਜੇ ਨਾਲ 'ਹੈਵਾਨੀ' ਨਹੀਂ ਖ਼ੂਨ ਦਾ ਰਿਸ਼ਤਾ ਹੈ।

ਖ਼ੈਰ! ਸ਼ੇਖ ਐਯਾਜ਼ ਦੀਆਂ ਨਜ਼ਮਾਂ ਪਰਚੇ ਦਾ ਹੀ ਨਹੀਂ ਮੇਰਾ ਵੀ ਹਾਸਿਲ ਨੇ। "ਇਸ਼ਕ ਕੀ ਹੈ—ਫੁੱਲ ਗਾਵੇ- ਤੇ ਬੁਲਬੁਲ ਵਿੱਚੋਂ —ਖ਼ੁਸ਼ਬੂ ਆਵੇ" ਬਈ ਵਾਹ! 'ਮੇਰੀ ਸ਼ਾਇਰੀ ਸ਼ੀਰ ਮਰੀਅਮ ਹੈ' ਵਰਗੇ ਕਥਨ ਦਾ ਹੱਕਦਾਰ ਉਕਤ ਦ੍ਰਿਸ਼ਟੀ ਵਾਲਾ ਸੁਖ਼ਨਵਰ ਹੀ ਹੋ ਸਕਦਾ ਹੈ। ਪਾਕਿਸਤਾਨ ਦੇ ਸਿੰਧ ਨੂੰ ਸ਼ੇਖ ਐਯਾਜ਼ ਵਰਗਾ ਅਜ਼ੀਮ ਸ਼ਾਇਰ ਮੁਬਾਰਕ। ਪਾਕਿਸਤਾਨੀ ਸ਼ਾਇਰੀ ਬਾਰੇ ਜਨਾਬ ਅਜਾਇਬ ਕਮਲ ਦੀ ਟਿੱਪਣੀ 'ਤੇ ਤੁਸੀਂ ਕੁਝ ਗ਼ੌਰ ਫ਼ਰਮਾਇਆ ਲਗਦਾ ਹੈ। ਪਰਚੇ ਦੀ ਦਿਸ਼ਾ ਤਾਂ ਸਹੀ ਹੈ— ਪਰ ਦਸ਼ਾ 'ਚ ਹਾਲੀ ਹੋਰ ਸੁਧਾਰ ਦੀ ਲੋੜ ਮਹਿਸੂਸ ਹੋ ਰਹੀ ਹੈ।

*—ਪ੍ਰੇਮ ਸਾਹਿਲ, (ਡੇਹਰਾਦੂਨ)*

'ਚਿਰਾਗ਼' ਲਗਾਤਰਾ ਮਿਲ ਰਿਹੈ। ਪਰਚੇ ਤੋਂ ਕੋਈ ਸ਼ਿਕਵਾ ਨਹੀਂ। ਬਲਕਿ ਮਾਣ ਦੀ ਗੱਲ ਹੈ ਕਿ 'ਚਿਰਾਗ਼' ਆਪਣੇ ਸਥਾਪਿਤ ਮਿਆਰ ਨੂੰ ਲੈ ਕੇ ਲਗਾਤਾਰ ਤੁਰ ਰਿਹਾ ਹੈ। ਪਿੱਛੇ ਜਿਹੇ ਕੱਢੇ 'ਚੀਨੀ ਸਾਹਿਤ ਵਿਸ਼ੇਸ਼ ਅੰਕ ਵਿਚ। 'ਗਰਮੀਆਂ ਦਾ ਤਜਰਬਾ' ਇਕ ਸ਼ਾਨਦਾਰ ਕਹਾਣੀ ਸੀ। ਪਿਛਲੇ ਅੰਕ ਵਿਚ



ਤ੍ਰਿਲੋਚਨ ਸਿੰਘ ਭਾਟੀਆ ਦੀ ਕਹਾਣੀ 'ਝੱਖੀ' ਵੀ ਇਕ ਕਾਬਿਲ-ਏ-ਤਾਰੀਫ ਕਥਾ ਸੀ। ਭਾਟੀਆ ਜੀ ਦੀ ਕਲਮ ਨੂੰ ਸਲਾਮ ਹੈ।

*—ਜਸਬੀਰ ਸਿੰਘ ਰਾਣਾ, ਸੰਗਰੂਰ।*

ਰੰਜਿਸ਼ ਭਰਿਆ ਤੁਹਾਡਾ 4"× 4" ਦਾ ਰੁੱਕਾ ਪਿੱਛੇ ਜਹੇ ਮਿਲਿਆ। ਪੜ੍ਹ ਕੇ ਨਿਰਾਸ਼ਾ ਹੋਈ। ਅਕਸ ਸਿਲਬਰ ਜੁਬਲੀ ਅੰਕ ਵਿੱਚ ਛਪੀ ਮੇਰੀ ਨਜ਼ਮ ਬਾਰੇ (ਮਾਰਕਸ.......ਕਾਮਰੇਡ......ਦਾਸ ਕੈਪੀਟਲ ਦੇ ਚੀਥੜੇ ਆਦਿ......ਇਤਿਆਦਿ!) ਤੁਹਾਡੇ ਪ੍ਰਤੀਕਰਮ/ਪ੍ਰਤੀਉੱਤਰ ਬਿਲਕੁੱਲ ਥਾਂ ਸਿਰ ਨਹੀਂ ਹਨ। ਸੰਭਵ ਹੋਵੇ ਤਾਂ ਨਜ਼ਮ ਦੁਬਾਰਾ ਪੜ੍ਹਨੀ। ਆਪਣੇ 'ਚ ਇਹੀ ਕਸਰ ਰਹੀ ਹੈ ਕਿ ਅਸੀਂ ਸ੍ਵੈਦਯਾ (Selfpity) ਦੇ ਸ਼ਿਕਾਰ ਹਾਂ। ਜਿਵੇਂ ਕਹਿੰਦੇ ਨੇ ਕਿ ("Senstivity in literature is a fine quality but-self pity is a disease.) ਮੇਰੀ ਜਾਚੇ ਸਾਰੇ ਪ੍ਰਗਤੀਵਾਦੀ, ਜੁਝਾਰਵਾਦੀ ਤੇ ਮਾਰਕਸਵਾਦੀ ਕਵੀ ਹਰ ਵੇਲੇ ਪ੍ਰਤੀਕਾਰੀ ਕਾਢੇ ਵਾਂਗ ਡੰਗ ਮਾਰਨ ਨੂੰ ਤਿਆਰ ਰਹਿੰਦੇ ਹਨ। ਸਿਗਮੰਡ ਫ਼ਰਾਇਡ ਮੁਤਾਬਿਕ ਇਹ ਸਮਾਜ ਵਿਰੁੱਧ ਡੂੰਘੇ ਕਿਤੇ ਦੱਬਿਆ ਹੋਇਆ ਗੁੱਸਾ (Suppressed anger) ਹੈ ਜਾਂ ਹੀਣ ਭਾਵਨਾ (inferiority Complex) ਹੈ। ਜਨਾਬੇ ਆਲੀ, ਕੋਈ ਵੀ ਕਲਾ ਕਿਰਤ ਕਿਸੇ ਵੀ ਸ਼ੈਲੀ ਵਾਦ ਨਾਂ ਜੁੜੀ ਕਦੇ ਵੀ ਮਨੁੱਖ ਮੁਕਤੀ ਤੋਂ ਪੂਰੀ ਤਰਾਂ ਨਾਲ ਸੁਰਖਰੂ ਨਹੀਂ ਹੁੰਦੀ। ਮੈਂ ਦਾਅਵੇ ਨਾਲ ਕਹਿ ਸਕਦਾ ਮੇਰੀਆਂ 3-4 ਸੌ ਨਜ਼ਮਾਂ 'ਚੋਂ ਕੋਈ ਵੀ ਮਨੁੱਖ ਮੁਕਤੀ ਤੋਂ ਸੁਰਖਰੂ ਨਹੀਂ ਹੈ।

ਮੈਂ ਕਿਸੇ ਵੀ ਕਲਾ ਕਿਰਤ ਨੂੰ ਵਿਆਖਣ 'ਚ ਵਿਸ਼ਵਾਸ ਨਹੀਂ ਕਰਦਾ ਪਰ ਇਸਦੇ ਉਲਟ ਮੈਂ ਆਪਣੀ ਉਸ ਕਵਿਤਾ ਨੂੰ ਐਕਸਪਲੇਨ ਕਰਦਾ ਹਾਂ—ਇਹ ਨਰਮ ਅਖੌਤੀ ਪਿਆਰ ਕਵੀਆਂ ਤੇ ਤਗੜਾ ਪਰਹਾਰ ਹੈ। ਤੁਹਾਡੀ ਵੱਲ ਦੇ ਪਿਆਰ ਕਵੀਆਂ ਨੇ ਦਾਸ ਕੈਪੀਟਲ ਦੇ ਚੀਥੜੇ ਉਡਾਏ ਹਨ, ਮੈਂ ਨਹੀਂ—ਜ਼ਰਾ ਗ਼ੌਰ ਕਰਨਾ।

*—ਵਰਿੰਦਰ ਪ੍ਰੀਹਾਰ, ਯੂ.ਕੇ.*

ਇਸ ਅੰਕ ਵਿਚ ਜਾਰਜ ਲੂਕਾਚ ਨਾਲ ਮੁਲਾਕਾਤ ਵਧੀਆ ਲੱਗੀ ਹੈ ਅਤੇ ਵਾਘਿਉਂ ਪਾਰ ਵਾਲੀਆਂ ਗ਼ਜ਼ਲਾਂ ਨੇ ਆਪਣੀ ਸੂਖਮਤਾ ਨਾਲ ਅਹਿਸਾਸਾਂ ਨੂੰ ਹੁਲਾਰਾ ਦਿੱਤਾ ਹੈ।

*—ਮਹਿਮਾ ਸਿੰਘ ਤੂਰ, ਹਲਵਾਰਾ*

ਮੈਂ ਏਥੇ ਠੀਕ-ਠਾਕ ਹਾਂ-ਮੇਰੇ ਇਟਲੀ 'ਚ ਪੱਕੇ ਹੋਣ ਬਾਰੇ ਤੁਸੀਂ ਟੈਲੀਫੋਨ ਤੇ ਹੈਰਾਨੀ ਪ੍ਰਗਟਾਈ ਸੀ ਪਰ ਮੈਂ ਸੈੱਟ ਹੋ ਗਿਆ ਹਾਂ। ਇੰਡੀਆ ਜੋ ਗੁਆਇਆ ਸੀ ਉਹ ਘਾਟਾ ਜਲਦੀ ਹੀ ਪੂਰਾ ਹੋ ਜਾਵੇਗਾ। ਕਮਾਈ ਪੱਖੋਂ ਮੈਂ ਘਰ 'ਚ ਨਿਖੱਟੂ ਸਾਂ ਕਿਉਂਕਿ ਦੁਕਾਨ ਮੈਥੋਂ ਹੁੰਦੀ ਨਹੀਂ ਸੀ ਤੇ ਆਪਣੇ 'ਘਰ' ਦੇ ਸਾਰੇ ਗਿਲੇ ਦੂਰ ਕਰ ਦੇਵਾਂਗਾ। ਬਾਕੀ ਘਰ ਤੇ ਤੁਹਾਡੀ ਸਭ ਦੀ ਯਾਦ ਬਹੁਤ ਸਤਾਉਂਦੀ ਹੈ ਪਰ ਇਹ ਮੇਰੇ ਇਮਤਿਹਾਨ ਦਾ ਸਮਾਂ ਹੈ ਤੇ ਮੈਂ ਪੂਰੀ ਤਰ੍ਹਾਂ ਗੰਭੀਰ ਹਾਂ। ਆਪਣੇ ਸਭ ਲਈ ਇਹ ਵਧੀਆ ਰਿਹਾ ਕਿ ਮੈਂ ਏਥੇ ਆ ਕੇ ਵੀ ਨਿਰੰਤਰ ਲਿਖਿਆ ਹੈ। ਮੈਂ ਆਪਣੇ ਪਿਉ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਕਹਿਣਾ ਚਾਹੁੰਦਾ ਹਾਂ ਕਿ ਬਾਪੂ ਮੇਰੀਆਂ ਸਾਰੀਆਂ ਗ਼ਲਤੀਆਂ ਮੁਆਫ਼ ਕਰਦੇ। ਪਰ ਪਤਾ ਨਹੀਂ ਉਹ ਇਹ ਗੱਲ ਕਦੋਂ ਸਵੀਕਾਰ ਕਰਨਗੇ ਕਿ ਸਾਡਾ ਮੁੰਡਾ ਬਹੁਤ ਸਾਰੇ ਲੋਕਾਂ 'ਚ 'ਕਵਿਤਾ' ਕਰਕੇ ਜਾਣਿਆ ਜਾਂਦਾ ਹੈ। ਖ਼ੈਰ ਤੁਸੀਂ ਕਦੇ ਪਿੰਡ ਜਾ ਕੇ ਮੇਰੇ ਪਿਓ ਨੂੰ ਮਿਲ ਕੇ ਆਓ। ਮੈਨੂੰ ਆਸ ਹੈ ਕਿ ਤੁਸੀਂ ਤਰਕ ਨਾਲ ਮੇਰੀ ਸਾਰੀ ਸਥਿਤੀ ਵਰਨਣ ਕਰਕੇ ਉਨ੍ਹਾਂ ਨੂੰ ਸਮਝਾ ਵੀ ਸਕਦੇ ਹੋ ਕਿ 'ਵਿਸ਼ਾਲ' ਕਿਵੇਂ ਵਿਸ਼ਾਲ ਹੈ। ਉਂਜ ਮੈਂ ਆਪਣੇ ਪਿਓ ਦਾ ਬਹੁਤ ਖ਼ੂਨ ਪੀਤਾ ਹੈ। ਪਰ ਉਹ ਇਹ ਨਹੀਂ ਜਾਣ ਸਕਦੇ ਕਿ ਮੈਂ ਇਸ ਵੇਲੇ ਸਭ ਤੋਂ ਜ਼ਿਆਦਾ ਉਨ੍ਹਾਂ ਲਈ ਫ਼ਿਕਰਮੰਦ ਹਾਂ। ਚੀਨੀ ਸਾਹਿਤ ਦਾ ਵਿਸ਼ੇਸ਼ ਅੰਕ ਵੀ ਪੁੱਜਦਾ ਕਰ ਦੇਵੋ ਤੇ ਬਾਕੀ ਅੰਕ ਵੀ ਪੁੱਜਦੇ ਕਰਦੇ ਰਹਿਣਾ-ਅਗਸਤ 'ਚ ਮੇਰੇ ਛੁੱਟੀ ਆਉਣ ਦੀ ਆਸ ਹੈ।

ਚੰਦੇ ਦਾ ਫ਼ਿਕਰ ਨਾ ਕਰਨਾ ਹੁਣ ਤਾਂ ਪੈਸਿਆਂ ਦੀ ਬਹੁਤ ਕ੍ਰਿਪਾ ਹੈ।

*—ਵਿਸ਼ਾਲ (ਇਟਲੀ)*

# ਪੁਸਤਕ-ਪ੍ਰਾਪਤੀ

1. ਹਰਫ਼ਾਂ ਜਹੇ ਪੱਤੇ (ਕਵਿਤਾਵਾਂ) ਭੁਪਿੰਦਰ ਪ੍ਰੀਤ-ਮੁੱਲ 100/-ਰੁਪਏ-ਪੰਨੇ 112 ਰੇਪ ਪਬਲੀਕੇਸ਼ਨ ਢਿਲਵਾਂ (ਕਪੂਰਥਲਾ)
2. ਅਸੀਂ ਨਾਨਕ ਦੇ ਕੀ ਲਗਦੇ ਹਾਂ (ਕਵਿਤਾਵਾਂ) ਜਸਵੰਤ ਜ਼ਫਰ- ਮੁੱਲ 60/-ਪੰਨੇ 88 ਚੇਤਨਾ ਪ੍ਰਕਾਸ਼ਨ ਲੁਧਿਆਣਾ।
3. ਜਾਪਾਨੀ ਹਾਇਕੂ ਸ਼ਾਇਰੀ, ਅਨੁਵਾਦ ਪਰਮਿੰਦਰ ਸੋਢੀ। ਪੰਨੇ 152, ਮੁੱਲ 150/- ਰਵੀ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ।
5. ਅੱਜ ਤੋਂ ਆਰੰਭ ਤੱਕ (ਸਮੁੱਚੀ ਕਾਵਿ ਰਚਨਾ) ਗੁਰਚਰਨ ਰਾਮਪੁਰੀ, ਮੁੱਲ 450/- ਰਵੀ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ।
6. ਮੇਰੀ ਮਾਰਫ਼ਤ (ਕਵਿਤਾਵਾਂ) ਪ੍ਰਮਿੰਦਰਜੀਤ, ਪੰਨੇ 116 ਮੁੱਲ 100/-ਚੇਤਨਾ ਪ੍ਰਕਾਸ਼ਨ ਲੁਧਿਆਣਾ।
7. ਗਵਾਚੀ ਪੌਣ (ਕਵਿਤਾਵਾਂ) ਅਜੇ ਕੁਮਾਰ ਸ਼ਰਮਾ-ਪੰਨੇ 144, ਮੁੱਲ 200/-ਲੋਕ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ।
9. ਬੁੱਢੀ ਚੁੜੇਲ ਤੇ ਹੋਰ ਕਹਾਣੀਆਂ (ਲੋਕ-ਕਹਾਣੀਆਂ) ਡਾ. ਹਰਬੰਸ ਸਿੰਘ ਚਾਵਲਾ, ਪੰਨੇ 128, ਮੁੱਲ 125/- ਮਨਪ੍ਰੀਤ ਪ੍ਰਕਾਸ਼ਨ ਦਿੱਲੀ-ਜਲੰਧਰ।
10. ਕਸ਼ਮਕਸ਼ (ਕਹਾਣੀਆਂ) ਬਲਦੇਵ ਸਿੰਘ ਢੀਂਡਸਾ, ਪੰਨੇ 112 ਮੁੱਲ 100/ਜਸਵੰਤ ਪ੍ਰਿੰਟਰਜ਼ ਲੁਧਿਆਣਾ।
11. ਜਰਨੈਲ ਸਿੰਘ ਦੀ ਰਚਨਾ-ਦ੍ਰਿਸ਼ਟੀ (ਆਲੋਚਨਾ) ਸੰਪਾਦਕ ਗੁਰਮੀਤ ਕੱਲਰ ਮਾਜਰੀ ਪੰਨੇ 160-ਮੁੱਲ 150/-ਪਰੇਮ ਸਿੰਘ ਯਾਦਗਾਰੀ ਪ੍ਰਕਾਸ਼ਨ ਭਾਦਸੋਂ ਪਟਿਆਲਾ।
12. ਤੀਸਰੀ ਦੁਨੀਆਂ (ਕਹਾਣੀਆਂ) ਸੰਪਾਦਕ ਗੁਰਮੀਤ ਕੱਲਰ ਮਾਜਰੀ, ਪੰਨੇ 240-ਮੁੱਲ 200/- ਪਰੇਮ ਸਿੰਘ ਯਾਦਗਾਰੀ ਪ੍ਰਕਾਸ਼ਨ ਭਾਦਸੋਂ ਪਟਿਆਲਾ।
13. ਖੜਾਵਾਂ (ਕਵਿਤਾ) ਦਰਸ਼ਨ ਬੁੱਟਰ ਪੰਨੇ 96, ਮੁੱਲ 100/-ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ ਲੁਧਿਆਣਾ।
14. ਤਨਹਾਈਆਂ (ਗ਼ਜ਼ਲਾਂ) ਮੁਸ਼ਤਾਕ ਸਿੰਘ, ਪੰਨੇ 152, ਮੁੱਲ 70/-ਚੇਤਨਾ ਪ੍ਰਕਾਸ਼ਨ ਲੁਧਿਆਣ
15. ਬੁੱਤ ਤੋੜਨਾ ਮਨ੍ਹਾ ਹੈ (ਨਜ਼ਮਾਂ) ਮੁਸ਼ਤਾਕ ਸਿੰਘ ਪੰਨੇ 120, ਮੁੱਲ 100/-ਚੇਤਨਾ ਪ੍ਰਕਾਸ਼ਨ ਲੁਧਿਆਣਾ।
16. ਸੰਦਲ ਦਾ ਸ਼ਰਬਤ (ਕਹਾਣੀਆਂ) ਚਰਨਜੀਤ ਪੰਨੂੰ, ਮੁੱਲ 100/-ਪੰਨੇ 112, ਪੰਜਾਬੀ ਸਭਿਆਚਾਰ ਸਦਨ, ਫਗਵਾੜਾ।
17. ਵੇਦਨਾ ਕਹੀਐ ਕਿਸ (ਕਵਿਤਾ) ਦਰਸ਼ਨ ਕੌਰ, ਪੰਨੇ 96 ਮੁੱਲ 100/-ਰੂਪੀ ਪ੍ਰਕਾਸ਼ਨ ਅੰਮ੍ਰਿਤਸਰ
18. ਮਨੋ-ਵੇਗ (ਕਵਿਤਾ) ਲਖਵਿੰਦਰ ਜੌਹਲ, ਪੰਨੇ 112 ਮੁੱਲ 100/- ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ, ਲੁਧਿਆਣਾ।



ਵਿਸ਼ਵ-ਕਵਿਤਾ

*ਨਾਈ ਜੇਰੀਆ*

## ਮੈਂ ਪ੍ਰੀਵਰਤਨ ਦੇ ਗੀਤ ਗਾਉਂਦਾ ਹਾਂ/*ਨੀਵੀ ਉਸੰਡੇਅਰ*

ਮੈਂ ਗੁਲਾਮਾਂ ਤੋਂ ਮੁਕਤ, ਏਥਨਜ਼
ਦੇ ਗੀਤ ਗਾਉਂਦਾ ਹਾਂ

ਬਾਦਸ਼ਾਹਾਂ ਤੇ ਮਲਕਾਵਾਂ
ਤੇ ਧੱਕੜਸ਼ਾਹ ਭੂਤ ਕਾਲ ਦੀ ਰਹਿੰਦ-ਖੂੰਦ
ਤੋਂ ਮੁਕਤ ਸੰਸਾਰ ਦੇ ਗੀਤ

ਧਰਤੀ ਦੇ ਗੀਤ
ਜਿਸਦਾ ਨਾ ਤਿੱਖਾ ਉੱਤਰ
ਨਾ ਡੂੰਘਾ ਦੱਖਣ ਹੋਵੇ
ਨਾ ਅੰਨ੍ਹੇ ਪਰਦੇ ਹੋਣ
ਨਾ ਲੋਹੇ ਦੀਆਂ ਕੰਧਾਂ

ਜੰਗੀ-ਚੌਧਰੀਆਂ ਤੇ ਅਸਲਾਖਾਨਿਆਂ ਦੇ
ਘਿਰਣਾ ਤੇ ਤੇ ਭੈਅ ਦੇ ਜੇਲ੍ਹ-ਖਾਨਿਆਂ
ਦੇ ਖਾਤਮੇਂ ਦੇ ਗੀਤ

ਰੁੱਖ-ਉਗਾਂਦੇ ਮਾਰੂ-ਥਲਾਂ ਦੇ
ਮੀਹਾਂ ਪਿੱਛੋਂ ਫਲਾਂ ਦੇ ਲੱਦੇ
ਬੂਟਿਆਂ ਦੇ ਗੀਤ

ਉਸ ਸੂਰਜ ਦੇ ਗੀਤ
ਜੋ ਆਗਿਆਨਤਾ ਨੂੰ ਰੁਸ਼ਨਾਵੇ
ਉਹਨਾਂ ਸਿਤਾਰਿਆਂ ਦੇ ਗੀਤ
ਜੋ ਰਾਤਾਂ ਦੀ ਅਣਜਾਣਤਾ ਬਾਰੇ
ਇਤਲਾਹਾਂ ਦੇ ਸਕਣ।
ਮੈਂ ਨਵੇਂ ਸਿਰਿਓਂ ਸਿਰਜੇ
ਸੰਸਾਰ ਦੇ ਗੀਤ ਗਾਉਂਦਾ ਹਾਂ।

Chiragh Quarterly April-June, 2001

Registered with the Registrar of News-Papers of India
No – PUN-PUN O 2776/AL/TC/94

## ਕੁਕਨੁਸ ਪ੍ਰਕਾਸ਼ਨ ਦੇ ਦੋ ਪੰਜ-ਪੰਜ ਕਿਤਾਬਾਂ ਦੇ ਸੈੱਟ

*ਚੋਣਵੀਆਂ ਕਹਾਣੀਆਂ* : ਪ੍ਰੇਮ ਪ੍ਰਕਾਸ਼, ਵਰਿਆਮ ਸਿੰਘ ਸੰਧੂ, ਜਸਵੰਤ ਸਿੰਘ ਵਿਰਦੀ, ਮੈਕਸਿਮ ਗੋਰਕੀ

*ਸਪੈਨਿਸ਼ ਕਲਾਸਿਕ* : ਬੁੱਢਾ ਜੋ ਇਸ਼ਕੀਆ ਕਹਾਣੀਆਂ ਪੜ੍ਹਦਾ (ਨਾਵਲ)

ਪੰਜ ਕਿਤਾਬਾਂ : ਕੀਮਤ ਸੌ ਰੁਪਏ

## ਲਹਿੰਦੇ ਪੰਜਾਬ ਦਾ ਚੋਣਵਾਂ ਸਾਹਿਤ

ਪੰਧ (ਅਫ਼ਜ਼ਲ ਅਹਿਸਨ ਰੰਧਾਵਾ) ਕਮਜ਼ਾਤ (ਫ਼ਖ਼ਰ ਜ਼ਮਾਨ)
ਇਕ ਸਮੁੰਦਰ ਪਾਰ (ਮੀਰ ਤਨਹਾ ਯੂਸਫ਼ੀ) ਤਿੰਨੋਂ ਨਾਵਲ
ਪਾਕਿਸਤਾਨੀ ਪੰਜਾਬੀ ਅਤੇ ਉਰਦੂ ਕਹਾਣੀ

ਪੰਜ ਕਿਤਾਬਾਂ : ਕੀਮਤ ਸਿਰਫ ਸੌ ਰੁਪਏ

(ਦੋਵੇਂ ਸੈੱਟ ਇੱਕਠੇ ਖਰੀਦਣ 'ਤੇ ਕੀਮਤ 150/-ਰੁਪਏ)

## ਕੁਝ ਹੋਰ ਪੁਸਤਕਾਂ

*ਭੋਇੰ (ਰਾਮ ਸਿੰਘ ਚਾਹਲ)*
*ਨਿਰਵਾਣ (ਹਰਕੇਵਲ ਸਿੰਘ ਕੇਵਲ)*
*ਪਰਾਈ ਧਰਤੀ (ਇਕਬਾਲ ਅਰਪਨ)*
*ਊਣੇ (ਗੁਰਮੀਤ ਕੜਿਆਲਵੀ)*
*ਮਿੱਟੀ ਰੰਗੇ ਸੁਪਨੇ (ਗੁਰਦਿਆਲ ਪੱਲ੍ਹਾ)*
*ਮੀਲ ਪੱਥਰ (ਜਗਵਿੰਦਰ ਜੋਧਾ)*

*ਬਹੁਤ ਜਲਦੀ ਛਪ ਰਹੀ ਪੁਸਤਕ*
*ਜੀਵਨ ਯਾਦਾਂ : ਪਾਬਲੋ ਨੇਰੂਦਾ*
*ਅਨੁਵਾਦਕ : ਹਰਭਜਨ ਸਿੰਘ ਹੁੰਦਲ, ਪੰਨੇ 400 : ਕੀਮਤ : 100 ਰੁਪਏ*

## ਕੁਕਨੁਸ ਪ੍ਰਕਾਸ਼ਨ

ਐੱਨ ਐੱਮ 451, ਮਹੱਲਾ ਕਰਾਰ ਖਾਂ, ਨੇੜੇ ਚੌਕ ਬੋਹੜਵਾਲਾ
ਜਲੰਧਰ, ਫੋਨ : 214028 (ਘਰ)

*ਪੁਸਤਕ ਪ੍ਰਾਪਤੀ ਸਥਾਨ*

**ਨਵਾਂ ਜ਼ਮਾਨਾ ਬੁੱਕ ਸ਼ਾਪ**, ਨਹਿਰੂ ਗਾਰਡਨ ਰੋਡ, ਜਲੰਧਰ

(ਕਿਤਾਬਾਂ ਡਾਕ ਰਾਹੀਂ ਵੀ ਮੰਗਵਾਈਆਂ ਜਾ ਸਕਦੀਆਂ ਹਨ।)

*ਪ੍ਰਿੰਟਰ, ਮਾਲਕ ਤੇ ਪਬਲਿਸ਼ਰ ਡਾ. ਅਨੂਪ ਸਿੰਘ ਨੇ ਵਾਈਟ ਕ੍ਰਾਸ ਪ੍ਰਿੰਟਰਜ਼, ਜਲੰਧਰ ਤੋਂ ਛਪਵਾ ਕੇ 219, ਭਾਈ ਦਿੱਤ ਸਿੰਘ ਨਗਰ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਫੋਨ : 226877*